## ਅਧਿਆਇ 4

# ਅਬਰਾਹਾਮ ਦਾ ਉਦਾਹਰਣ, ਨਿਹਚਾ ਵਾਲਾ ਪੁਰਖ

ਰੋਮੀਆਂ 4 ਅਧਿਆਇ ਵਿੱਚ ਨਿਹਚਾ ਨਾਲ ਧਰਮੀ ਠਹਿਰਾਏ ਜਾਣ ਤੇ ਪੌਲੁਸ ਦੀ ਚਰਚਾ ਦਾ ਉਹ ਕੇਂਦਰੀ ਵਿਚਾਰ ਹੈ ਜਿਸ ਦੀ 3 ਅਧਿਆਇ ਦੇ ਅੰਤ ਵਿੱਚ ਜਾਣ-ਪਛਾਣ ਕਰਾਈ ਗਈ ਸੀ। ਰਸੂਲ ਨੇ ਉਸ ਦੇ ਸੰਦੇਸ਼ ਦਾ ਉਦਾਹਰਣ ਦੇਣ ਲਈ, ਨਿਹਚਾ ਦੇ ਮਹਾਨ ਪੁਰਖ, ਅਬਰਾਹਾਮ ਦਾ ਉਦਾਹਰਣ ਵਰਤਿਆ।

## ਅਬਰਾਹਾਮ ਦੀ ਨਿਹਚਾ ਧਰਮ ਗਿਣੀ ਗਈ (4:1-8)

**1ਫੇਰ ਅਸੀਂ ਕੀ ਆਖੀਏ ਜੋ ਸਾਡੇ ਸਰੀਰਕ ਪਿਤਾ ਅਬਰਾਹਾਮ ਨੂੰ ਕੀ ਲੱਭਿਆ ਹੈ?**
**2ਕਿਉਂਕਿ ਜੇ ਅਬਰਾਹਾਮ ਕਰਨੀਆਂ ਕਰਕੇ ਧਰਮੀ ਠਹਿਰਾਇਆ ਗਿਆ ਤਾਂ ਉਹ ਨੂੰ**
**ਘਮੰਡ ਦਾ ਥਾਂ ਹੈ ਪਰੰਤੂ ਪਰਮੇਸ਼ੁਰ ਦੇ ਅੱਗੇ ਨਹੀਂ। 3ਕਿਉਂ ਜੋ ਧਰਮ ਪੁਸਤਕ ਕੀ ਕਹਿੰਦਾ**
**ਹੈ? ਇਹ ਜੋ ਅਬਰਾਹਾਮ ਨੇ ਪਰਮੇਸ਼ੁਰ ਦੀ ਪਰਤੀਤ ਕੀਤੀ ਅਤੇ ਇਹ ਉਹ ਦੇ ਲਈ**
**ਧਰਮ ਗਿਣੀ ਗਈ। 4ਹੁਣ ਜਿਹੜਾ ਕੰਮ ਕਰਦਾ ਹੈ ਉਹ ਦੀ ਮਜੂਰੀ ਬਖ਼ਸ਼ੀਸ਼ ਨਹੀਂ ਸਗੋਂ**
**ਹੱਕ ਗਿਣੀਦੀ ਹੈ। 5ਪਰ ਜਿਹੜਾ ਕੰਮ ਨਾ ਕਰ ਕੇ ਉਸ ਉੱਤੇ ਨਿਹਚਾ ਕਰਦਾ ਹੈ ਜੋ**
**ਕੁਧਰਮੀ ਨੂੰ ਧਰਮੀ ਠਹਿਰਾਉਂਦਾ ਹੈ ਉਹ ਦੀ ਨਿਹਚਾ ਧਰਮ ਗਿਣੀਦੀ ਹੈ। 6ਜਿਵੇਂ ਦਾਊਦ**
**ਵੀ ਓਸ ਮਨੁੱਖ ਨੂੰ ਧੰਨ ਆਖਦਾ ਹੈ ਜਿਹ ਦੇ ਲਈ ਪਰਮੇਸ਼ੁਰ ਕਰਨੀਆਂ ਦੇ ਬਾਝੋਂ ਧਰਮ**
**ਗਿਣ ਲੈਂਦਾ ਹੈ:**

**7ਧੰਨ ਓਹ ਜਿਨ੍ਹਾਂ ਦੇ ਅਪਰਾਧ ਖਿਮਾ ਹੋ ਗਏ,**
**ਅਤੇ ਜਿਨ੍ਹਾਂ ਦੇ ਪਾਪ ਢੱਕੇ ਹੋਏ ਹਨ।**
**8ਧੰਨ ਹੈ ਉਹ ਪੁਰਖ ਜਿਹ ਦੇ ਲੇਖੇ ਵਿੱਚ**
**ਪ੍ਰਭੂ ਪਾਪ ਨਾ ਗਿਣੇਗਾ।**

**ਆਇਤ 1.** ਅਧਿਆਇ ਇੱਕ ਸਵਾਲ ਦੇ ਨਾਲ ਸ਼ੁਰੂ ਹੁੰਦਾ ਹੈ, **ਫੇਰ ਅਸੀਂ ਕੀ ਆਖੀਏ ਜੋ ਸਾਡੇ ਸਰੀਰਕ ਪਿਤਾ ਅਬਰਾਹਾਮ ਨੂੰ ਕੀ ਲੱਭਿਆ ਹੈ?** "ਫੇਰ ਕੀ" ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ 3:21-26 ਵਿੱਚ ਪੌਲੁਸ ਆਪਣੇ ਸ਼ੁਰੂਆਤੀ ਬਿਆਨ ਦੀ ਉਸਾਰੀ ਨਿਹਚਾ ਨਾਲ ਧਰਮੀ ਠਹਿਰਾਏ ਜਾਣ ਤੇ ਕਰਦਾ ਹੈ।

ਅਧਿਆਇ 4 ਵਿੱਚ ਪੌਲੁਸ ਦੀ ਟਿੱਪਣੀ ਮੁੱਖ ਤੌਰ ਤੇ ਯਹੂਦੀ ਪਾਠਕਾਂ ਨੂੰ ਨਿਰਦੇਸ਼ਿਤ ਸੀ। ਯਹੂਦੀ ਬੜੇ ਘਮੰਡ ਦੇ ਨਾਲ ਅਬਰਾਹਾਮ ਨੂੰ ਆਪਣਾ ਸਰੀਰਕ "ਪਿਤਾ" ਮੰਨਦੇ ਸਨ (ਵੇਖੋ ਲੂਕਾ 3:8; 16:24, 30; ਯੂਹੰਨਾ 8:39, 53, 56; ਰਸੂਲਾਂ ਦੇ ਕਰਤੱਬ 7:2)। "ਪਿਤਾ" ਸ਼ਬਦ ਦਾ ਅਨੁਵਾਦ προπάτωρ (*ਪਰੋਪੇਟਰ*) ਤੋਂ ਕੀਤਾ ਗਿਆ ਹੈ ਜਿਹੜਾ πρό (*ਪਰੋ,* "ਪਹਿਲਾਂ") ਨੂੰ πατήρ (*ਪੇਟਰ,* "ਪਿਤਾ") ਨਾਲ ਜੋੜਦਾ ਹੈ। ਇਸੇ ਅਧਿਆਇ ਵਿੱਚ ਅੱਗੇ ਜਾ ਕੇ ਪੌਲੁਸ ਨੇ ਅਬਰਾਹਾਮ ਨੂੰ ਉਨ੍ਹਾਂ *ਸਭਨਾਂ* ਦਾ "ਪਿਤਾ (*ਪੇਟਰ*) ਕਿਹਾ ਹੈ ਜਿਹੜੇ ਨਿਹਚਾ ਕਰਦੇ ਹਨ" (4:11; ਜ਼ੋਰ ਦਿੱਤਾ ਗਿਆ ਹੈ)—ਭਾਵੇਂ ਉਹ ਯਹੂਦੀ ਹੋਣ ਜਾਂ ਪਰਾਈਆਂ ਕੌਮਾਂ—ਪਰ ਅਧਿਆਇ ਦੀ ਸ਼ੁਰੂਆਤ ਵਿੱਚ, ਪੌਲੁਸ ਸਰੀਰਕ ਯਹੂਦੀਆਂ ਦੇ ਨਾਲ ਅਬਰਾਹਾਮ ਦੇ ਸੰਬੰਧ ਤੇ ਜ਼ੋਰ ਦੇ ਰਿਹਾ ਸੀ।

ਯੂਨਾਨੀ ਲਿਖਤ ਵਿੱਚ, "ਸਾਡਾ ਪਿਤਾ" ਦੇ ਤੁਰੰਤ ਬਾਅਦ "ਸਰੀਰ ਦੇ ਅਨੁਸਾਰ" ਹੈ ਅਤੇ ਇਹ ਉੱਥੇ ਹੈ ਜਿੱਥੇ NASB ਨੇ ਅਤੇ ਜ਼ਿਆਦਾਤਰ ਅਨੁਵਾਦਾਂ ਨੇ ਇਸ ਨੂੰ ਰੱਖਿਆ ਹੈ। ਇਸ ਹਾਲਤ ਵਿੱਚ, ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਅਬਰਾਹਾਮ ਯਹੂਦੀ ਕੌਮ ਦਾ ਸਰੀਰਕ ਪਿਤਾ ਸੀ। ਜਦ ਕਿ ਕੁਝ ਵਿਸ਼ਵਾਸ ਕਰਦੇ ਹਨ ਕਿ "ਸਰੀਰ ਦੇ ਅਨੁਸਾਰ" ਨੂੰ ਸੋਧ ਕੇ "ਪਾਏ ਜਾਂਦੇ" ਕਰ ਦਿੱਤਾ ਜਾਣਾ ਚਾਹੀਦਾ ਹੈ (ਵੇਖੋ ASV), ਜਿਸ ਦੀ ਸੰਭਾਵਨਾ ਘੱਟ ਹੈ ਪਰ ਸੰਭਵ ਹੈ। ਅਸਲ ਵਿਚ, ਇਸ ਨੇ ਪੌਲੁਸ ਤੇ ਇਹ ਪੁੱਛਣ ਦੇ ਲਈ ਪ੍ਰਭਾਵ ਪਾਇਆ ਕਿ "ਸਰੀਰਕ ਕੰਮਾਂ [ਅਰਥਾਤ ਯੋਗਤਾ ਦੇ ਕੰਮਾਂ] ਦੇ ਦੁਆਰਾ ਧਰਮੀ ਠਹਿਰ ਕੇ ਅਬਰਾਹਾਮ ਨੂੰ ਕੀ ਲੱਭਿਆ ਸੀ?"

ਨਿਹਚਾ ਨਾਲ ਧਰਮੀ ਠਹਿਰਾਏ ਜਾਣ ਤੇ ਆਪਣੀ ਚਰਚਾ ਵਿੱਚ ਅਬਰਾਹਾਮ ਨੂੰ ਸ਼ਾਮਲ ਕਰਨ ਦੇ ਸ਼ਾਇਦ ਪੌਲੁਸ ਕੋਲ ਬਹੁਤ ਸਾਰੇ ਕਾਰਣ ਸਨ। ਸਭ ਤੋਂ ਪਹਿਲਾਂ, ਇੱਕ ਸਿੱਖਿਅਕ ਦੁਆਰਾ ਕੋਈ ਸਿਧਾਂਤ ਪੇਸ਼ ਕਰਨ ਤੋਂ ਬਾਅਦ, ਉਸ ਦੇ ਲਈ ਇਹ ਚੰਗਾ ਵਿਚਾਰ ਹੁੰਦਾ ਹੈ ਕਿ ਉਹ ਉਸ ਸਿਧਾਂਤ ਦੀ ਇੱਕ ਠੋਸ ਉਦਾਹਰਣ ਵੀ ਦੇਵੇ।

ਅਬਰਾਹਾਮ ਨੂੰ ਉਸ ਉਦਾਹਰਣ ਦੇ ਰੂਪ ਵਿੱਚ ਕਿਉਂ ਵਰਤਿਆ ਗਿਆ ਸੀ? ਪੌਲੁਸ ਪੁਰਾਣੇ ਨੇਮ ਵਿੱਚੋਂ ਜਿੰਨੇ ਚਾਹੁੰਦਾ ਵਿਸ਼ਵਾਸ ਦੇ ਨਾਇਕਾਂ ਦੀਆਂ ਮਿਸਾਲਾਂ ਵਰਤ ਸਕਦਾ ਸੀ (ਵੇਖੋ ਇਬਰਾਨੀਆਂ 11)। ਅਬਰਾਹਾਮ ਹੀ ਕਿਉਂ? "ਪਿਤਾ ਅਬਰਾਹਾਮ" ਦੇ ਨਾਲ ਯਹੂਦੀਆਂ ਦਾ ਖਾਸ ਪਿਆਰ ਸੀ। ਉਨ੍ਹਾਂ ਦੇ ਦੁਆਰਾ ਹੋਰ ਕਿਸੇ ਨੂੰ ਵੀ ਇੰਨੀ ਇੱਜ਼ਤ ਨਹੀਂ ਸੀ ਦਿੱਤੀ ਜਾਂਦੀ। ਜੇਕਰ ਪੌਲੁਸ ਇਸ ਗੱਲ ਨੂੰ ਸਾਬਤ ਕਰ ਸਕਦਾ ਕਿ ਇਹ ਆਦਰਯੋਗ ਪਿਤਾ ਨੂੰ ਨਿਹਚਾ ਦੇ ਆਧਾਰ ਤੇ ਧਰਮੀ ਠਹਿਰਾਇਆ ਗਿਆ ਸੀ, ਤਾਂ ਇਹ ਯਹੂਦੀਆਂ ਦੇ ਨਾਲ ਆਪਣੇ ਮੁੱਦੇ ਨੂੰ ਉਸਾਰਨ ਦੇ ਵੱਲ ਉਸ ਦੇ ਦੁਆਰਾ ਇੱਕ ਵੱਡਾ ਰਸਤਾ ਤੈਅ ਕਰਨਾ ਹੋਵੇਗਾ।

ਹੋ ਸਕਦਾ ਹੈ ਕਿ ਪੌਲੁਸ ਨੇ ਕਿਸੇ ਹੋਰ ਕਾਰਣ ਕਰਕੇ ਅਬਰਾਹਾਮ ਨੂੰ ਚੁਣਿਆ ਹੋਵੇ। ਜੇਕਰ ਯਹੂਦੀਆਂ ਨੂੰ ਕਿਹਾ ਜਾਂਦਾ ਕਿ ਉਹ ਕਿਸੇ ਅਜਿਹੇ ਵਿਅਕਤੀ ਦਾ ਉਦਾਹਰਣ ਦੇਣ ਜੋ *ਇੰਨਾ ਚੰਗਾ* ਹੈ ਕਿ ਆਪਣੇ *ਕੰਮਾਂ* ਦੇ ਰਾਹੀਂ ਬਚਾਇਆ ਗਿਆ ਸੀ, ਤਾਂ ਅਬਰਾਹਾਮ ਸ਼ਾਇਦ ਉਨ੍ਹਾਂ ਦੀ ਪਹਿਲੀ ਪਸੰਦ ਹੁੰਦਾ। ਜੇਮਸ ਆਰ. ਐਡਵਰਡਸ ਨੇ ਕਿਹਾ ਕਿ ਯਹੂਦੀ ਧਰਮ ਵਿੱਚ ਕਿਸੇ ਅਜਿਹੇ ਵਿਅਕਤੀ ਦਾ ਅੰਦਾਜ਼ਾ ਲਗਾਉਣਾ ਜੋ ਅਬਰਾਹਾਮ ਤੋਂ ਵੀ ਵੱਧ ਮਹੱਤਵਪੂਰਣ ਹੋਵੇ ਬਹੁਤ ਹੀ ਮੁਸ਼ਕਲ ਹੈ। ਬਾਈਬਲ ਦੇ ਇਸ ਨਾਇਕ ਨੇ ਇੱਕ ਸੱਚੇ ਪਰਮੇਸ਼ੁਰ ਦੀ ਅਰਾਧਨਾ ਕੀਤੀ ਸੀ, ਭਾਵੇਂ ਕਿ ਉਹ ਮੂਰਤੀਪੂਜਕਾਂ ਦੇ ਵਿਚਕਾਰ ਰਹਿੰਦਾ ਸੀ। ਕੁਝ ਯਹੂਦੀ ਇਹ ਵਿਸ਼ਵਾਸ ਕਰਦੇ ਹਨ ਕਿ ਅਸਲ ਵਿੱਚ ਹੁਕਮਾਂ ਦੇ ਦਿੱਤੇ ਜਾਣ ਤੋਂ ਪਹਿਲਾਂ ਤੋਂ ਹੀ

ਅਬਰਾਹਾਮ ਹੁਕਮਾਂ ਨੂੰ ਮੰਨਦਾ ਸੀ। ਇਸਹਾਕ ਅਤੇ ਯਾਕੂਬ ਦੇ ਨਾਲ-ਨਾਲ, ਉਸ ਨੂੰ ਵੀ ਇੱਕ ਅਜਿਹੇ ਵਿਅਕਤੀ ਦੇ ਰੂਪ ਵਿੱਚ ਮੰਨਿਆ ਜਾਂਦਾ ਹੈ ਜਿਸ ਨੇ ਪਰਮੇਸ਼ੁਰ ਦੇ ਵਿਰੁੱਧ ਪਾਪ ਨਹੀਂ ਕੀਤਾ।[1]

ਇਸ ਲਈ, ਜੇਕਰ ਪੌਲੁਸ ਯਹੂਦੀਆਂ ਨੂੰ ਰਾਜ਼ੀ ਕਰ ਸਕਦਾ ਕਿ ਅਬਰਾਹਾਮ ਆਪਣੇ *ਕੰਮਾਂ* ਦੀ ਬਜਾਇ ਆਪਣੀ *ਨਿਹਚਾ* ਨਾਲ ਧਰਮੀ ਠਹਿਰਾਇਆ ਗਿਆ ਸੀ, ਤਾਂ ਰਸੂਲ ਉਨ੍ਹਾਂ ਦੇ ਸਭ ਤੋਂ "ਠੋਸ" ਤਰਕਾਂ ਵਿੱਚੋਂ ਇੱਕ "ਕੰਮਾਂ ਦੇ ਨਾਲ ਧਰਮੀ ਠਹਿਰਾਏ ਜਾਣ" ਨੂੰ ਪ੍ਰਭਾਵਹੀਣ ਕਰ ਦਿੰਦਾ!

**ਆਇਤ 2.** ਪੌਲੁਸ ਅਬਰਾਹਾਮ ਦੀ ਜ਼ਿੰਦਗੀ ਦੀ ਜਾਂਚ ਕਰਨ ਲਈ ਤਿਆਰ ਸੀ: **ਕਿਉਂਕਿ ਜੇ ਅਬਰਾਹਾਮ ਕਰਨੀਆਂ ਕਰਕੇ ਧਰਮੀ ਠਹਿਰਾਇਆ ਗਿਆ ਤਾਂ ਉਹ ਨੂੰ ਘਮੰਡ ਦਾ ਥਾਂ ਹੈ।** ਨਿਹਚਾ ਨਾਲ ਧਰਮੀ ਠਹਿਰਾਏ ਜਾਣ ਦੇ ਸਿਧਾਂਤ ਦੇ ਬਾਰੇ ਪੌਲੁਸ ਨੇ ਹੁਣੇ-ਹੁਣੇ ਦੱਸਿਆ ਹੈ ਕਿ "ਘਮੰਡ" "ਰਹਿ ਗਿਆ" ਸੀ (3:27)। ਉਹ ਆਪਣੇ ਨਾਲ ਦੇ ਯਹੂਦੀਆਂ ਦੇ ਨਾਲ ਸਹਿਮਤ ਹੁੰਦਾ ਕਿ ਜੇਕਰ ਕਿਸੇ ਨੂੰ ਆਪਣੇ ਕੰਮਾਂ ਉੱਤੇ ਘਮੰਡ ਕਰਨ ਦਾ ਹੱਕ ਹੈ ਤਾਂ ਉਹ ਸਿਰਫ ਅਬਰਾਹਾਮ ਹੋਵੇਗਾ। ਅਬਰਾਹਾਮ ਇੱਕ ਅਦਭੁਤ ਵਿਅਕਤੀ ਸੀ। ਉਹੀ ਇੱਕ ਅਜਿਹਾ ਵਿਅਕਤੀ ਹੈ ਜਿਸ ਦਾ ਜ਼ਿਕਰ ਪਰਮੇਸ਼ੁਰ ਦੇ ਦੁਆਰਾ "ਮੇਰਾ ਮਿੱਤਰ" ਦੇ ਰੂਪ ਵਿੱਚ ਕੀਤਾ ਗਿਆ ਹੈ (ਯਸਾਯਾਹ 41:8; ਵੇਖੋ 2 ਇਤਹਾਸ 20:7; ਯਾਕੂਬ 2:23)। ਜੇਕਰ ਅਬਰਾਹਾਮ ਆਪਣੇ ਕੰਮਾਂ ਦੇ ਦੁਆਰਾ ਧਰਮੀ ਠਹਿਰਾਇਆ ਗਿਆ ਹੁੰਦਾ ਤਾਂ ਯਕੀਨਣ ਘਮੰਡ ਕਰਨ ਦੇ ਲਈ ਉਸ ਦੇ ਕੋਲ ਕੁਝ ਨਾ ਕੁਝ ਜ਼ਰੂਰ ਹੋਣਾ ਸੀ।

ਇਹ ਕਹਿਣ ਦੇ ਪਿੱਛੋਂ, ਪੌਲੁਸ ਨੇ ਛੇਤੀ ਨਾਲ ਇਸ ਗੱਲ ਨੂੰ ਜੋੜ ਦਿੱਤਾ, **ਪਰੰਤੂ ਪਰਮੇਸ਼ੁਰ ਦੇ ਸਾਹਮਣੇ ਨਹੀਂ।** ਲੇਖਕ ਇਸ ਗੱਲ ਦੇ ਨਾਲ ਸੰਘਰਸ਼ ਕਰਦੇ ਹਨ ਕਿ ਇਸ ਵਾਕ ਦਾ ਅਰਥ ਕੀ ਹੈ। ਲਿਖਤ ਵਿੱਚ "ਪਰੰਤੂ [πρός, *ਪਰੋਸ*] ਪਰਮੇਸ਼ੁਰ ਦੇ ਸਾਹਮਣੇ ਨਹੀਂ।" ਸ਼ਾਇਦ ਇੱਥੇ ਇਕ ਤੁਲਨਾ ਕਰਨ ਦੀ ਲੋੜ ਹੈ: ਜਿੱਥੋਂ ਤੱਕ *ਲੋਕਾਂ* ਦਾ ਸਬੰਧ ਸੀ, ਅਬਰਾਹਾਮ ਦੇ ਕੋਲ ਘਮੰਡ ਕਰਨ ਦੇ ਲਈ ਕੁਝ ਨਾ ਕੁਝ ਜ਼ਰੂਰ ਸੀ; ਪਰ ਜਿੱਥੋਂ ਤੱਕ *ਪਰਮੇਸ਼ੁਰ* ਦਾ ਸੰਬੰਧ ਸੀ, ਤਾਂ ਉਸ ਦੇ ਕੋਲ ਘਮੰਡ ਕਰਨ ਦਾ ਕੋਈ ਕਾਰਣ ਨਹੀਂ ਸੀ। NLT ਬਾਈਬਲ ਦਾ ਅਨੁਵਾਦ ਕਹਿੰਦਾ ਹੈ, "ਪਰਮੇਸ਼ੁਰ ਦੇ ਦ੍ਰਿਸ਼ਟੀਕੋਣ ਤੋਂ ਅਬਰਾਹਾਮ ਦੇ ਕੋਲ ਘਮੰਡ ਕਰਨ ਦਾ ਕੋਈ ਵੀ ਆਧਾਰ ਨਹੀਂ ਸੀ।" ਇਸ ਵਾਕ ਦਾ ਇੱਕ ਹੋਰ ਅਰਥ ਇਹ ਹੋ ਸਕਦਾ ਹੈ ਕਿ ਜੇਕਰ ਅਬਰਾਹਾਮ ਸ਼ੇਖੀ ਮਾਰਦਾ ਤਾਂ ਉਹ ਪਰਮੇਸ਼ੁਰ ਦੀ ਨਹੀਂ ਸਗੋਂ ਆਪਣੇ ਆਪ ਦੀ ਵਡਿਆਈ ਕਰਦਾ।

ਸਾਨੂੰ ਸਾਰਿਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਭਾਵੇਂ ਅਸੀਂ ਕਿੰਨੇ ਵੀ ਚੰਗੇ ਕਿਉਂ ਨਾ ਹੋਈਏ, ਭਾਵੇਂ ਅਸੀਂ ਕਿੰਨੇ ਵੀ ਚੰਗੇ ਕੰਮ ਕਿਉਂ ਨਾ ਕੀਤੇ ਹੋਣ, ਅਸੀਂ ਕਦੀ ਪਰਮੇਸ਼ੁਰ ਤੇ ਅਹਿਸਾਨ ਨਹੀਂ ਕਰ ਸਕਦੇ। ਜੇਕਰ ਅਬਰਾਹਾਮ ਸਿੱਧ ਵੀ ਹੁੰਦਾ (ਜੋ ਕਿ ਉਹ ਨਹੀਂ ਸੀ), ਤਾਂ ਵੀ "ਪਰਮੇਸ਼ੁਰ ਦੇ ਦ੍ਰਿਸ਼ਟੀਕੋਣ ਤੋਂ" ਉਸ ਦੇ ਕੋਲ ਘਮੰਡ ਕਰਨ ਦੇ ਲਈ ਕੁਝ ਵੀ ਨਹੀਂ ਸੀ। ਯਿਸੂ ਨੇ ਆਪਣੇ ਚੇਲਿਆਂ ਨੂੰ ਹਿਦਾਇਤ ਦਿੱਤੀ, "ਤੁਸੀਂ ਵੀ ਜਾਂ ਓਹ ਸਾਰੇ ਕੰਮ ਜਿਨ੍ਹਾਂ ਦਾ ਤੁਹਾਨੂੰ ਹੁਕਮ ਦਿੱਤਾ ਗਿਆ ਪੂਰੇ ਕਰ ਚੁੱਕੋ ਤਾਂ ਕਹੋ ਭਈ 'ਅਸੀਂ ਨਿਕੰਮੇ ਬੰਦੇ ਹਾਂ, ਜੋ ਕੁਝ ਸਾਨੂੰ ਕਰਨਾ ਉਚਿਤ ਸੀ ਅਸਾਂ ਉਹੀ ਕੀਤਾ।'" (ਲੂਕਾ 17:10)।

**ਆਇਤ 3.** ਆਪਣੀ ਗੱਲ ਨੂੰ ਸਾਬਤ ਕਰਨ ਦੇ ਲਈ, ਪੌਲੁਸ ਨੇ ਪੁਰਾਣੇ ਨੇਮ ਤੇ ਮੁੜ-ਵਿਚਾਰ ਕੀਤਾ। ਉਸ ਨੇ ਪੁੱਛਿਆ, **ਕਿਉਂ ਜੋ ਧਰਮ ਪੁਸਤਕ ਕੀ ਕਹਿੰਦਾ ਹੈ?** ". . . ਕੀ

ਕਹਿੰਦਾ ਹੈ" ਇੱਕ ਵਰਤਮਾਨ ਕਾਲ ਦੀ ਕਿਰਿਆ (λέγει, *ਲੇਗੀ*) ਦਾ ਅਨੁਵਾਦ ਹੈ। ਉਤਪਤ ਦੀ ਪੁਸਤਕ 1,500 ਸਾਲ ਪਹਿਲਾਂ ਮੂਸਾ ਦੇ ਦੁਆਰਾ ਲਿਖੀ ਗਈ ਸੀ, ਪਰ ਪੌਲੁਸ ਇਸ ਨੂੰ ਇੱਕ ਅਜਿਹੀ *ਜੀਉਂਦੀ* ਪੁਸਤਕ ਮੰਨਦਾ ਸੀ (ਵੇਖੋ ਇਬਰਾਨੀਆਂ 4:12) ਜੋ ਉਸ ਦੇ ਸਮੇਂ ਦੇ ਲੋਕਾਂ ਨਾਲ ਵੀ *ਗੱਲ ਕਰ ਰਹੀ* ਸੀ।

ਪੌਲੁਸ ਨੇ ਇੱਕ ਪ੍ਰਸਿੱਧ ਬੰਦ ਦਾ ਹਵਾਲਾ ਦਿੱਤਾ: **ਅਬਰਾਹਾਮ ਨੇ ਪਰਮੇਸ਼ੁਰ ਦੀ ਪਰਤੀਤ ਕੀਤੀ ਅਤੇ ਇਹ ਉਹ ਦੇ ਲਈ ਧਰਮ ਗਿਣੀ ਗਈ।** ਇਹ ਹਵਾਲਾ ਉਤਪਤ 15:6 ਵਿੱਚੋਂ ਹੈ। ਪੌਲੁਸ ਨੇ ਇਸ ਅਧਿਆਇ ਵਿੱਚ ਇਸ ਆਇਤ ਦਾ ਕਈ ਵਾਰ ਜ਼ਿਕਰ ਕੀਤਾ ਹੈ (4:3, 9, 22, 23)। ਉਤਪਤ 15:6 ਨੂੰ ਇੱਕ ਵਿਆਖਿਆ ਦੇ ਰੂਪ ਵਿੱਚ ਮੰਨਿਆ ਜਾ ਸਕਦਾ ਹੈ।

ਉਤਪਤ 15 ਅਧਿਆਇ ਦੇ ਪਿਛੋਕੜ ਤੋਂ ਪੌਲੁਸ ਦੇ ਪਾਠਕ ਚੰਗੀ ਤਰ੍ਹਾਂ ਜਾਣੂ ਸਨ। ਹਾਰਾਨ ਵਿੱਚ, ਜਦੋਂ ਅਬਰਾਹਾਮ ਪਡ਼ੱਤਰਾਂ ਵਰਿਹਾਂ ਦਾ ਸੀ (ਉਤਪਤ 12:4), ਪਰਮੇਸ਼ੁਰ ਨੇ ਉਸ ਨੂੰ ਕਿਹਾ, "ਮੈਂ ਤੈਨੂੰ ਇੱਕ ਵੱਡੀ ਕੌਮ ਬਣਾਂਵਾਗਾ" (ਉਤਪਤ 12:2)। ਜਦੋਂ ਉਹ ਕਨਾਨ ਦੇ ਦੇਸ਼ ਵਿੱਚ ਪਹੁੰਚਿਆ, ਪ੍ਰਭੂ ਨੇ ਕਿਹਾ, "ਤੇਰੀ ਅੰਸ ਨੂੰ ਮੈਂ ਇਹ ਧਰਤੀ ਦਿਆਂਗਾ" (ਉਤਪਤ 12:7)। ਇਨ੍ਹਾਂ ਵਾਅਦਿਆਂ ਤੋਂ ਪੂਰਵ-ਅਨੁਮਾਨ ਹੋ ਗਿਆ ਸੀ ਕਿ ਅਬਰਾਹਾਮ ਅਤੇ ਉਸ ਦੀ ਪਤਨੀ ਸਾਰਾਹ ਦੇ ਘੱਟੋ ਘੱਟ *ਇੱਕ* ਪੁੱਤਰ ਜ਼ਰੂਰ ਹੋਵੇਗਾ। ਤਾਂ ਵੀ ਸਾਲ ਬੀਤਦੇ ਗਏ ਅਤੇ ਅਬਰਾਹਾਮ ਅਤੇ ਸਾਰਾਹ ਬੇਔਲਾਦ ਰਹੇ। ਜਿਵੇਂ ਕਿ ਕਿਹਾ ਜਾਂਦਾ ਹੈ, "ਓਹ ਹੁਣ ਜਵਾਨ ਨਹੀਂ ਹੋ ਰਹੇ ਸਨ।" ਅਬਰਾਹਾਮ ਹੈਰਾਨ ਹੋਣ ਲੱਗਾ ਕਿ ਪਰਮੇਸ਼ੁਰ ਦਾ ਵਾਅਦਾ ਕਿਵੇਂ ਪੂਰਾ ਹੋਵੇਗਾ (ਵੇਖੋ ਉਤਪਤ 15:2, 3).

ਜਦੋਂ ਅਬਰਾਹਾਮ ਲਗਭਗ ਪਚਾਸੀ ਵਰਿਹਾਂ ਦਾ ਸੀ (ਵੇਖੋ ਉਤਪਤ 16:16), ਤਾਂ ਪਰਮੇਸ਼ੁਰ ਨੇ ਉਸ ਨੂੰ ਹੋਰ ਭਰੋਸਾ ਦਿਵਾਇਆ। ਇੱਕ ਰਾਤ, ਉਹ ਅਬਰਾਹਾਮ ਨੂੰ ਤਾਰਿਆਂ ਹੇਠ ਘੁੰਮਣ ਦੇ ਲਈ ਲੈ ਗਿਆ। ਉਸ ਨੇ ਉਸ ਨੂੰ ਕਿਹਾ, "ਅਕਾਸ਼ ਵੱਲ ਨਿਗਾਹ ਮਾਰ ਅਤੇ ਤਾਰੇ ਗਿਣ ਜੇ ਤੂੰ ਉਨ੍ਹਾਂ ਨੂੰ ਗਿਣ ਸੱਕੇਂ।" ਉਸ ਨੇ ਫਿਰ ਅਬਰਾਹਾਮ ਨੂੰ ਇਹ ਗਰੰਟੀ ਦਿੱਤੀ: "ਐਨੀ ਹੀ ਤੇਰੀ ਅੰਸ ਹੋਵੇਗੀ" (ਉਤਪਤ 15:5)। ਇੱਕ ਮਨੁੱਖੀ ਦਿਸ਼੍ਰਟੀਕੋਣ ਤੋਂ, ਇੰਜ ਲੱਗਦਾ ਹੈ ਕਿ ਇਹ ਇੱਕ ਅਜਿਹਾ ਵਾਅਦਾ ਸੀ ਜਿਸ ਨੂੰ ਪੂਰਾ ਕਰਨਾ ਅਸੰਭਵ ਸੀ। ਉਸ ਮਹੱਤਵਪੂਰਣ ਪਲ ਵਿਚ, ਅਬਰਾਹਾਮ ਨੇ "ਯਹੋਵਾਹ ਦੀ ਪਰਤੀਤੀ ਕੀਤੀ ਅਤੇ ਉਸ [ਯਹੋਵਾਹ] ਨੇ ਇਸ ਨੂੰ ਧਰਮ ਗਿਣਿਆ" (ਉਤਪਤ 15:6)।

ਉਤਪਤ 15:6 ਦੇ ਬਾਰੇ ਦੋ ਤੱਥਾਂ ਨੂੰ ਸਮਝਿਆ ਜਾਣਾ ਜ਼ਰੂਰੀ ਹੈ। ਪਹਿਲਾ ਤੱਥ ਇਹ ਹੈ ਕਿ ਇਹ ਪਹਿਲੀ ਵਾਰ ਨਹੀਂ ਸੀ ਕਿ ਅਬਰਾਹਾਮ ਨੇ ਯਹੋਵਾਹ ਦੀ ਪਰਤੀਤ ਕੀਤੀ। ਕਈ ਸਾਲ ਪਹਿਲਾਂ, ਪਰਮੇਸ਼ੁਰ ਕਸਦੀਆਂ ਦੇ ਊਰ ਵਿੱਚ ਅਬਰਾਹਾਮ ਤੇ ਪਰਗਟ ਹੋਇਆ (ਰਸੂਲਾਂ ਦੇ ਕਰਤੱਬ 7:2; ਵੇਖੋ ਉਤਪਤ 15:7; ਨਹਮ. 9:7) ਅਤੇ ਕਿਹਾ, "ਤੂੰ ਆਪਣੇ ਦੇਸ ਅਤੇ ਆਪਣੇ ਸਾਕਾਂ ਵਿੱਚੋਂ ਨਿੱਕਲ ਕੇ ਉਸ ਦੇਸ ਵਿੱਚ ਜਿਹੜਾ ਮੈਂ ਤੈਨੂੰ ਵਿਖਾਵਾਂਗਾ ਚੱਲਿਆ ਆ" (ਰਸੂਲਾਂ ਦੇ ਕਰਤੱਬ 7:3)। ਹਾਰਾਨ ਵਿੱਚ, ਪਰਮੇਸ਼ੁਰ ਨਿਰਦੇਸ਼ਾਂ ਨੂੰ ਦੁਹਰਾਉਂਦੇ ਹੋਏ ਦੁਬਾਰਾ ਉਸ ਤੇ ਪਰਗਟ ਹੋਇਆ (ਉਤਪਤ 12:1, 4)। ਇਬਰਾਨੀਆਂ ਦੇ ਲੇਖਕ ਨੇ ਕਿਹਾ, "*ਨਿਹਚਾ* ਦੇ ਨਾਲ ਅਬਰਾਹਾਮ ਜਾਂ ਸੱਦਿਆ ਗਿਆ ਤਾਂ ਉਸ ਥਾਂ ਜਾਣ ਦੀ ਆਗਿਆ ਮੰਨ ਲਈ ਜਿਹ ਨੂੰ ਉਹ ਨੇ ਅਧਕਾਰ ਵਿੱਚ ਲੈਣਾ ਸੀ, ਅਤੇ ਭਾਵੇਂ ਉਹ ਨਹੀਂ ਸੀ ਜਾਣਦਾ ਭਈ ਮੈਂ ਕਿੱਧਰ ਨੂੰ ਲਗਾ ਜਾਂਦਾ ਹਾਂ ਤਾਂ ਵੀ ਨਿੱਕਲ ਤੁਰਿਆ" (ਇਬਰਾਨੀਆਂ 11:8; ਜ਼ੋਰ ਦਿੱਤਾ ਗਿਆ ਹੈ)।

ਉਸੇ ਲੇਖਕ ਨੇ ਇਹ ਵੀ ਕਿਹਾ ਸੀ ਕਿ "*ਨਿਹਚਾ* ਨਾਲ ਉਹ [ਅਬਰਾਹਾਮ] ਵਾਇਦੇ ਵਾਲੀ ਧਰਤੀ [ਕਨਾਨ] ਵਿੱਚ ਇੱਕ ਪਰਦੇਸੀ ਦੇ ਵਾਂਗ ਵੱਸਿਆ" (ਇਬਰਾਨੀਆਂ 11:9; ਜ਼ੋਰ ਦਿੱਤਾ ਗਿਆ ਹੈ)। ਅਬਰਾਹਾਮ ਦੀ ਸਾਰੀ ਜ਼ਿੰਦਗੀ ਪਰਮੇਸ਼ੁਰ ਦੇ ਉੱਤੇ ਉਸ ਦੀ ਨਿਹਚਾ ਤੇ ਅਧਾਰਿਤ ਸੀ। ਰੋਮੀਆਂ 1 ਅਧਿਆਇ ਤੋਂ ਪੌਲੁਸ ਦੇ ਸ਼ਬਦ ਉਧਾਰ ਲੈਣ ਦੇ ਨਾਲ ਇਹ ਪਤਾ ਲੱਗਦਾ ਹੈ ਕਿ ਪੂਰਵਜ ਦੀ ਪਹਿਲਾਂ ਵਾਲੀ ਜ਼ਿੰਦਗੀ "ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਨਿਹਚਾ ਦੇ ਦੁਆਰਾ ਸੀ" (1:17; NIV)। ਇਸ ਤਰ੍ਹਾਂ ਉਤਪਤ 15:6 ਅਬਰਾਹਾਮ ਦੀ ਨਿਹਚਾ ਦੀ ਸ਼ੁਰੂਆਤ ਦਾ ਹਵਾਲਾ ਨਹੀਂ ਹੈ।

ਦੂਜਾ ਤੱਥ, ਉਤਪਤ 15:6 ਅਬਰਾਹਾਮ ਦੀ *ਸ਼ੁਰੂਆਤੀ* ਨਿਹਚਾ ਨਾਲ ਧਰਮੀ ਠਹਿਰਾਏ ਜਾਣ ਦੇ ਵਿਸ਼ੇ ਵਿੱਚ ਗੱਲ ਨਹੀਂ ਕਰ ਰਿਹਾ ਹੈ—ਅਰਥਾਤ, ਉਹ ਮੋੜ ਜਿਸ ਤੇ ਉਹ ਸੀ (ਜਿਵੇਂ ਕਿ ਕੁਝ ਲੋਕ ਕਹਿਣਗੇ) "ਬਚਾਏ" ਜਾਣ ਸਮੇਂ। ਇਹ ਗੱਲ ਪੱਕੀ ਹੈ ਕਿ ਜੇਕਰ ਪਰਮੇਸ਼ੁਰ ਨੇ ਅਬਰਾਹਾਮ ਨੂੰ ਆਪਣੀ ਸੰਤਾਨ ਨਾ ਮੰਨਿਆ ਹੁੰਦਾ ਤਾਂ ਉਸ ਨੇ ਅਬਰਾਹਾਮ ਦੇ ਨਾਲ ਬਹੁਤ ਸਾਰੇ ਅਦਭੁਤ ਵਾਅਦੇ ਨਹੀਂ ਕਰਨੇ ਸੀ ਜੋ ਉਸ ਨੇ ਪਹਿਲਾਂ ਕੀਤੇ ਸਨ। ਜਦੋਂ ਅਬਰਾਮ ਮਲਕਿ-ਸਿਦਕ ਨੂੰ ਮਿਲਿਆ ਤਾਂ ਰਾਜੇ ਨੇ ਕਿਹਾ, "ਅੱਤ ਮਹਾਂ ਪਰਮੇਸ਼ੁਰ ਅਕਾਸ਼ ਅਰ ਧਰਤੀ ਦੇ ਮਾਲਕ ਦਾ ਅਬਰਾਮ ਮੁਬਾਰਕ ਹੋਵੇ" (ਉਤਪਤ 14:19; NIV)। ਇਸ ਤੋਂ ਥੋੜ੍ਹਾ ਸਮਾਂ ਪਿੱਛੋਂ ਪਰਮੇਸ਼ੁਰ ਨੇ ਖੁਦ ਅਬਰਾਹਾਮ ਨੂੰ ਕਿਹਾ, "ਅਬਰਾਮ, ਨਾ ਡਰ, ਮੈਂ ਤੇਰੇ ਲਈ ਇੱਕ ਢਾਲ ਹਾਂ ਅਤੇ ਤੇਰਾ ਅੱਤ ਵੱਡਾ ਅਜਰ ਹਾਂ" (ਉਤਪਤ 15:1)। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅਬਰਾਹਾਮ ਉਤਪਤ 15:6 ਤੋਂ ਪਹਿਲਾਂ ਹੀ ਧਰਮੀ ਠਹਿਰਾਇਆ ਜਾ ਚੁੱਕਾ ਸੀ।

ਇਨ੍ਹਾਂ ਚੀਜ਼ਾਂ ਦੇ ਸੱਚ ਹੋਣ ਦੇ ਬਾਵਜੂਦ, ਪੌਲੁਸ ਨੇ ਕਿਉਂ ਉਤਪਤ 15:6 ਨੂੰ ਇਹ ਸਾਬਤ ਕਰਨ ਦੇ ਲਈ ਵਰਤਿਆ ਸੀ ਕਿ ਅਬਰਾਹਾਮ ਨਿਹਚਾ ਦੇ ਨਾਲ ਧਰਮੀ ਠਹਿਰਾਇਆ ਗਿਆ ਸੀ? ਇਸ ਦੇ ਚਾਰ ਕਾਰਣ ਹਨ:

1. ਭਾਵੇਂ ਪ੍ਰੇਰਿਤ ਲੇਖਕਾਂ ਨੇ ਉਤਪਤ 15:6 ਤੋਂ ਪਹਿਲਾਂ ਅਬਰਾਹਾਮ ਦੀ ਨਿਹਚਾ ਬਾਰੇ ਬੋਲ ਦਿੱਤਾ ਸੀ, ਬਾਈਬਲ ਵਿੱਚ ਪਹਿਲੀ ਵਾਰ ਇਹ ਕਿਹਾ ਗਿਆ ਹੈ ਕਿ ਅਬਰਾਹਾਮ ਨੇ ਪਰਤੀਤ ਕੀਤੀ। ਬੇਸ਼ੱਕ, ਇਹ ਪਹਿਲੀ ਵਾਰ ਹੈ ਕਿ ਬਾਈਬਲ ਨੇ ਕਿਸੇ ਵਿਅਕਤੀ ਦੇ ਲਈ "ਵਿਸ਼ਵਾਸ," "ਪਰਤੀਤ," ਜਾਂ "ਨਿਹਚਾ" ਵਰਗਾ ਸ਼ਬਦ ਵਰਤਿਆ ਹੈ। ਹੋਰ ਲੋਕਾਂ ਦੀ ਵੀ ਉਤਪਤ 15:6 ਤੋਂ ਪੁਰਾਣੀ ਨਿਹਚਾ ਸੀ (ਵੇਖੋ ਇਬਰਾਨੀਆਂ 11:4, 5, 7), ਪਰ ਇਹ ਪਹਿਲੀ ਵਾਰ ਹੈ ਕਿ ਇਹ ਸ਼ਬਦ ਉਤਪਤ ਵਿੱਚ ਆਇਆ ਹੈ।

2. ਭਾਵੇਂ ਸਪੱਸ਼ਟ ਰੂਪ ਵਿੱਚ ਇਸ ਸਮੇਂ ਤੋਂ ਪਹਿਲਾਂ ਹੀ ਅਬਰਾਹਾਮ ਧਰਮੀ/ਧਾਰਮਿਕ ਗਿਣਿਆ ਗਿਆ ਸੀ, ਪਰ ਉਤਪਤ ਦੀ ਪੁਸਤਕ ਪਹਿਲੀ ਵਾਰ ਇਸ ਸ਼ਬਦ "ਧਰਮੀ" ਨੂੰ ਉਸ ਦਾ ਹਵਾਲਾ ਦੇਣ ਦੇ ਲਈ ਵਰਤਦੀ ਹੈ।

3. ਆਇਤ ਖਾਸ ਤੌਰ ਤੇ ਦੱਸਦੀ ਹੈ ਕਿ ਅਬਰਾਹਾਮ ਆਪਣੀ *ਨਿਹਚਾ* ਦੇ ਆਧਾਰ ਤੇ ਧਰਮੀ ਠਹਿਰਾਇਆ ਗਿਆ ਸੀ।

4. ਕਾਲਕ੍ਰਮ ਦੇ ਅਨੁਸਾਰ, ਇਹ ਬਿਆਨ ਅਬਰਾਹਾਮ ਦੀ ਸੁੰਨਤ ਕੀਤੇ ਜਾਣ ਤੋਂ ਚੌਦਾਂ ਜਾਂ ਕਈ ਸਾਲ ਪਹਿਲਾਂ (ਵੇਖੋ ਉਤਪਤ 16:1; 16; 17:1, 9, 24) ਅਤੇ ਮੂਸਾ ਦੇ ਸ਼ਰਾ ਦੇਣ ਤੋਂ ਸੈਂਕੜੇ ਸਾਲ ਪਹਿਲਾਂ (ਵੇਖੋ ਗਲਾਤੀਆਂ 3:16, 17) ਦਿੱਤਾ ਗਿਆ ਸੀ। ਇਸ ਕਾਰਣ ਦਾ ਮਹੱਤਵ ਬਾਅਦ ਵਿੱਚ ਸਾਡੇ ਵਿਚਾਰ-ਵਟਾਂਦਰੇ ਵਿੱਚ ਸਪੱਸ਼ਟ ਕੀਤਾ ਜਾਵੇਗਾ।

ਭਾਵੇਂ ਕਿ ਉਤਪਤ 15:6 ਇੱਕ ਖਾਸ ਮੌਕੇ ਦੇ ਬਾਰੇ ਲਿਖੀ ਗਈ ਸੀ, ਪ੍ਰੇਰਿਤ ਲੇਖਕਾਂ ਨੇ

ਵੇਖਿਆ ਕਿ ਇਹ ਅਬਰਾਹਾਮ ਦੀ ਪੂਰੀ ਜ਼ਿੰਦਗੀ ਦਾ ਢੁੱਕਵਾਂ ਸਾਰ ਹੈ। ਗਲਾਤੀਆਂ 3:6-9 ਵਿੱਚ, ਪੌਲੁਸ ਨੇ ਉਤਪਤ 12 ਵਿੱਚ ਪਹਿਲਾਂ ਕੀਤੇ ਵਾਅਦਿਆਂ ਦੇ ਨਾਲ ਇਸ ਆਇਤ ਨੂੰ ਜੋੜ ਦਿੱਤਾ। ਰੋਮੀਆਂ 4 ਅਧਿਆਇ ਦੇ ਬਾਅਦ ਦੇ ਹਿੱਸੇ ਵਿੱਚ, ਪੌਲੁਸ ਨੇ ਉਤਪਤ 15:6 ਦੇ ਹਵਾਲੇ ਨੂੰ ਉਸ ਵਾਅਦਾ ਕੀਤੇ ਹੋਏ ਪੁੱਤਰ ਦੇ ਨਾਲ ਜੋੜ ਦਿੱਤਾ ਜੋ ਅਬਰਾਹਾਮ ਨੂੰ ਲਗਭਗ ਚੌਦਾਂ ਸਾਲ ਪਰਮੇਸ਼ੁਰ ਦੇ ਨਾਲ ਚੱਲਣ ਤੋਂ ਬਾਅਦ ਉਸ ਤਾਰਿਆਂ ਭਰੀ ਰਾਤ ਵਿੱਚ ਪ੍ਰਾਪਤ ਹੋਇਆ ਸੀ (ਰੋਮੀਆਂ 4:18-22)। ਯਾਕੂਬ 2:21-24 ਵਿੱਚ, ਯਾਕੂਬ ਨੇ ਉਤਪਤ 15:6 ਨੂੰ ਅਬਰਾਹਾਮ ਦੁਆਰਾ ਵੇਦੀ ਤੇ ਆਪਣੇ ਪੁੱਤਰ ਨੂੰ ਬਲੀ ਚੜ੍ਹਾਉਣ ਦੇ ਨਾਲ ਜੋੜ ਦਿੱਤਾ।

ਪੌਲੁਸ ਨੇ ਰੋਮੀਆਂ 4 ਅਧਿਆਇ ਵਿੱਚ ਉਤਪਤ 15:6 ਨੂੰ ਵਰਤਣਾ ਕਿਉਂ ਚੁਣਿਆ ਹੈ ਉਸ ਦਾ ਮੁੱਖ ਕਾਰਣ ਸਾਡੀ ਸੂਚੀ ਵਿਚ ਤੀਜੇ ਨੰਬਰ ਤੇ ਹੈ: ਆਇਤ ਖਾਸ ਤੌਰ ਤੇ ਇਹ ਦੱਸਦੀ ਹੈ ਕਿ ਅਬਰਾਹਾਮ ਨਿਹਚਾ ਦੇ ਆਧਾਰ ਤੇ ਧਰਮੀ ਠਹਿਰਾਇਆ ਗਿਆ ਸੀ—ਅਤੇ ਕੰਮਾਂ ਦਾ ਕੋਈ ਜ਼ਿਕਰ ਨਹੀਂ ਹੈ। ਕੁਝ ਯਹੂਦੀ ਉਪਦੇਸ਼ਕਾਂ ਨੇ ਆਪਣੀ ਸਿੱਖਿਆ ਵਿੱਚ ਇਹ ਜੋੜਣ ਦੀ ਕੋਸ਼ਿਸ਼ ਕੀਤੀ ਕਿ ਅਬਰਾਹਾਮ ਆਪਣੇ ਕੰਮਾਂ ਦੇ ਆਧਾਰ ਤੇ ਧਰਮੀ ਠਹਿਰਾਇਆ ਗਿਆ ਸੀ। ਉਨ੍ਹਾਂ ਨੇ ਅਸਲ ਵਿੱਚ ਇਹ ਕਹਿਣ ਦੇ ਲਈ ਆਇਤ ਨੂੰ ਸੋਧਿਆ ਸੀ, "ਅਬਰਾਹਾਮ ਪਰਮੇਸ਼ੁਰ ਦੇ *ਪ੍ਰਤੀ ਵਫ਼ਾਦਾਰ ਸੀ* ਅਤੇ ਇਹ ਉਸ ਦੇ ਲਈ ਧਾਰਮਿਕਤਾ ਗਿਣੀ ਗਈ ਸੀ" ਪਰ ਇਹ ਉਹ ਨਹੀਂ ਹੈ ਜੋ ਆਇਤ ਕਹਿੰਦੀ ਹੈ। ਇਹ ਕਹਿੰਦੀ ਹੈ, "ਅਬਰਾਹਾਮ ਨੇ ਪਰਮੇਸ਼ੁਰ ਦੀ *ਪਰਤੀਤ ਕੀਤੀ* ਅਤੇ ਇਹ ਉਹ ਦੇ ਲਈ ਧਰਮ ਗਿਣੀ ਗਈ।"

ਯਹੂਦੀਆਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਪਰਮੇਸ਼ੁਰ ਨੇ ਅਬਰਾਹਾਮ ਨੂੰ ਇਸ ਲਈ ਚੁਣਿਆ ਕਿਉਂਕਿ ਉਹ ਉਸ ਸਮੇਂ ਧਰਤੀ ਤੇ ਜੀਉਂਦੇ ਆਦਮੀਆਂ ਵਿੱਚੋਂ ਸਭ ਤੋਂ ਵਧੀਆ ਆਦਮੀ ਸੀ—ਅਤੇ ਸ਼ਾਇਦ ਓਹ ਸਹੀ ਸਨ। ਉਨ੍ਹਾਂ ਨੇ ਟਿੱਪਣੀ ਕੀਤੀ ਕਿ ਅਬਰਾਹਾਮ ਸੱਚੇ ਪਰਮੇਸ਼ੁਰ ਦੇ ਚਾਨਣ ਵਿੱਚ ਚੱਲਿਆ ਸੀ ਜਦ ਕਿ ਬਾਕੀ ਦੇ ਸਾਰੇ ਲੋਕ ਮੂਰਤੀਪੂਜਾ ਦੇ ਹਨੇਰੇ ਵਿੱਚ ਸੱਚੇ ਪਰਮੇਸ਼ੁਰ ਨੂੰ ਟੋਹੰਦੇ ਫਿਰ ਰਹੇ ਸਨ—ਅਤੇ ਇਹ ਸੱਚ ਹੈ। ਓਹ ਉਸ ਨੂੰ ਪਰਮੇਸ਼ੁਰ ਦੀ ਆਗਿਆਕਾਰੀ ਦਾ ਇੱਕ ਉਦਾਹਰਣ ਮੰਨਦੇ ਸਨ, ਇੱਥੋਂ ਤੱਕ ਕਿ ਉਸ ਸਮੇਂ ਵੀ ਜਦੋਂ ਅਜਿਹਾ ਕਰਨਾ ਮਨੁੱਖੀ ਸੋਚ ਦੇ ਵਿਰੁੱਧ ਸੀ—ਅਤੇ ਅਜਿਹਾ ਕਰਨ ਦੇ ਵਿੱਚ ਓਹ ਸਹੀ ਸਨ। ਇਸ ਸਭ ਵਿੱਚ ਓਹ ਸਹੀ ਸਨ। ਓਹ ਉਸ ਸਮੇਂ ਗਲਤ ਹੋ ਗਏ ਸਨ ਜਦੋਂ ਉਨ੍ਹਾਂ ਨੇ ਕਿਹਾ ਸੀ ਕਿ ਅਬਰਾਹਾਮ ਮਨੁੱਖੀ ਭਲਾਈ ਦੇ ਆਧਾਰ ਤੇ *ਧਰਮੀ ਗਿਣਿਆ ਗਿਆ* ਸੀ। ਪੌਲੁਸ ਨੇ ਐਲਾਨ ਕੀਤਾ ਕਿ ਅਜਿਹਾ ਨਹੀਂ ਸੀ। ਬਲਕਿ "ਅਬਰਾਹਾਮ ਨੇ ਪਰਮੇਸ਼ੁਰ ਦੀ *ਪਰਤੀਤ ਕੀਤੀ* ਅਤੇ ਇਹ ਉਹ ਦੇ ਲਈ ਧਰਮ ਗਿਣੀ ਗਈ।" (ਜ਼ੋਰ ਦਿੱਤਾ ਗਿਆ ਹੈ)।

ਇਸ ਹਵਾਲੇ ਵਿੱਚ, "ਗਿਣੀ ਗਈ" ਸ਼ਬਦ λογίζομαι (*ਲੋਗੀਜ਼ੋਮਾਈ)* ਤੋਂ ਨਿੱਕਲਿਆ ਹੈ।[2] ਪੌਲੁਸ ਨੇ ਅਧਿਆਇ 4 ਵਿੱਚ ਇਸ ਯੂਨਾਨੀ ਕਿਰਿਆ ਦੇ ਗਿਆਰਾਂ ਵੱਖ-ਵੱਖ ਰੂਪ ਵਰਤੇ। ਇਸ ਅਧਿਆਇ ਵਿੱਚ, NASB ਅਨੁਵਾਦ ਹਮੇਸ਼ਾ "ਗਿਣੀ ਗਈ" ਅਨੁਵਾਦ ਕਰਦਾ ਹੈ, ਆਇਤ 8 ਨੂੰ ਛੱਡ ਕੇ, ਜਿੱਥੇ ਇਸ ਦਾ ਅਨੁਵਾਦ "ਲੇਖੇ ਲਾਉਣਾ" ਹੈ। KJV ਅਨੁਵਾਦ ਇਸ ਸ਼ਬਦ ਨੂੰ ਪੇਸ਼ ਕਰਨ ਦੇ ਲਈ "ਗਿਣਿਆ ਗਿਆ," "ਮੰਨਿਆ ਗਿਆ," ਅਤੇ "ਜ਼ਿੰਮੇ ਲਾਉਣਾ" ਵਰਗੇ ਸ਼ਬਦ ਵਰਤਦਾ ਹੈ। ਪੌਲੁਸ ਦੇ ਦਿਨਾਂ ਵਿੱਚ *ਲੋਗੀਜ਼ੋਮਾਈ* ਦੇ ਕਈ ਤਰ੍ਹਾਂ ਦੇ ਅਰਥ ਸਨ,[3] ਪਰ ਇਸ ਦਾ ਬੁਨਿਆਦੀ ਅਰਥ "ਗਿਣਨਾ," "ਸਮਝਣਾ" ਜਾਂ "ਜ਼ਿੰਮੇ ਲਾਉਣਾ" ਹੀ ਹੈ।[4]

*ਲੋਗੀਜ਼ੋਮਾਈ* ਮੁਨੀਮਾਂ ਦੁਆਰਾ ਵਰਤਿਆ ਜਾਣਾ ਵਾਲਾ ਇੱਕ ਸ਼ਬਦ ਸੀ। ਜਿਸ ਤਰੀਕੇ ਦੇ ਨਾਲ ਪੌਲੁਸ ਨੇ ਇਸ ਸ਼ਬਦ ਨੂੰ ਰੋਮੀਆਂ ਅਧਿਆਇ 4 ਵਿੱਚ ਵਰਤਿਆ ਹੈ ਉਸ ਦੇ ਨਾਲ

ਜ਼ਿਆਦਾਤਰ ਲੇਖਕ ਸਹਿਮਤ ਹਨ। ਜੌਨ ਆਰ. ਡਬਲਿਯੂ. ਸਟੌਟ ਨੇ ਲਿਖਿਆ ਹੈ, "ਜਦੋਂ ਇਹ ਵਿੱਤੀ ਜਾਂ ਵਪਾਰਕ ਸੰਦਰਭ ਵਿੱਚ ਵਰਤਿਆ ਜਾਂਦਾ ਹੈ ਤਾਂ ਇਹ ਕਿਸੇ ਦੇ ਖਾਤੇ ਵਿੱਚ ਕੁਝ ਪਾਉਣ ਦਾ ਪ੍ਰਤੀਕ ਹੁੰਦਾ ਹੈ।"[5] CJB ਬਾਈਬਲ ਵਿਚ ਆਇਤ 3 ਦਾ ਅਨੁਵਾਦ ਇਸ ਤਰ੍ਹਾਂ ਹੈ: "[ਅਬਰਾਹਾਮ] ਨੇ ਆਪਣਾ ਭਰੋਸਾ ਪਰਮੇਸ਼ੁਰ ਉੱਤੇ ਰੱਖਿਆ ਅਤੇ ਇਹ *ਉਸ ਦੇ ਲੇਖੇ* ਧਾਰਮਿਕਤਾ *ਗਿਣਿਆ ਗਿਆ*" (ਜ਼ੋਰ ਦਿੱਤਾ ਗਿਆ ਹੈ)।" ਈ. ਡੀ. ਬਰਟਨ ਨੇ ਸੁਝਾਅ ਦਿੱਤਾ ਹੈ ਕਿ ਰੋਮੀਆਂ 4 ਅਧਿਆਇ ਵਿੱਚ ਅਸੀਂ "ਇੱਕ ਮਹਾਨ ਮੁਨੀਮ ਦੇ ਵਹੀਖਾਤੇ ਵਾਲੇ ਕਮਰੇ ਵਿੱਚ ਹੁੰਦੇ ਹਾਂ।"[6]

**ਆਇਤ 4.** ਇਸ ਆਇਤ ਵਿੱਚ, ਪੌਲੁਸ ਨੇ ਧਰਮੀ ਠਹਿਰਾਏ ਜਾਣ ਦੀਆਂ ਦੋ ਪ੍ਰਣਾਲੀਆਂ ਦੀ ਤੁਲਨਾ ਸ਼ੁਰੂ ਕੀਤੀ: ਇੱਕ ਸ਼ਰਾ/ਕੰਮ ਦੀ ਪ੍ਰਣਾਲੀ ਅਤੇ ਇੱਕ ਕਿਰਪਾ/ਨਿਹਚਾ ਦੀ ਪ੍ਰਣਾਲੀ। ਉਹ ਪਹਿਲੀ ਪ੍ਰਣਾਲੀ ਦਾ ਖੁਲਾਸਾ ਕਰਦਾ ਹੈ: **ਹੁਣ ਜਿਹੜਾ ਕੰਮ ਕਰਦਾ ਹੈ ਉਹ ਦੀ ਮਜੂਰੀ ਦੇਣਾ ਬਖ਼ਸ਼ੀਸ਼ ਨਹੀਂ ਸਗੋਂ ਹੱਕ ਗਿਣੀਦੀ** [*ਲੋਗੀਜ਼ੋਮਾਈ*] **ਹੈ।** ਇਹ ਸਿਧਾਂਤ ਇੰਨਾ ਸਪੱਸ਼ਟ ਹੈ ਕਿ ਛੋਟੇ ਜਿਹੇ ਸਪੱਸ਼ਟੀਕਰਣ ਦੀ ਵੀ ਜ਼ਰੂਰਤ ਨਹੀਂ ਹੈ। ਜੇਕਰ ਤੁਸੀਂ ਕਿਸੇ ਦੇ ਲਈ ਕੰਮ ਕਰਦੇ ਹੋ ਤਾਂ ਤੁਸੀਂ ਆਪਣੀ ਤਨਖਾਹ ਨੂੰ ਇੱਕ ਉਪਹਾਰ ਜਾਂ ਇੱਕ ਤੋਹਫ਼ਾ ਨਹੀਂ ਸਮਝਦੇ ਹੋ। ਤੁਸੀਂ ਇਹ ਨਹੀਂ ਸਮਝਦੇ ਕਿ ਤੁਹਾਡਾ ਮਾਲਕ ਤੁਹਾਡੇ ਤੇ "ਮਿਹਰਬਾਨੀ ਕਰ ਰਿਹਾ ਹੈ।" ਨਿਮਰਤਾਪੂਰਵਕ ਤੁਸੀਂ ਉਸ ਨੂੰ "ਧੰਨਵਾਦ" ਕਹਿ ਸਕਦੇ ਹੋ, ਪਰ ਅਸਲ ਵਿੱਚ ਤੁਸੀਂ ਇਹ ਵਿਸ਼ਵਾਸ ਕਰਦੇ ਹੋ ਕਿ ਉਹ ਤੁਹਾਡਾ ਦੇਣਦਾਰ ਹੈ।

ਅਨੁਵਾਦ ਕੀਤਾ ਗਿਆ ਸ਼ਬਦ "ਹੱਕ" χάρις (*ਚੈਰਿਸ*) "ਕਿਰਪਾ" ਦੇ ਲਈ ਵਰਤਿਆ ਜਾਣ ਵਾਲਾ ਸ਼ਬਦ ਹੈ (ਵੇਖੋ KJV)। ਅਨੁਵਾਦ ਕੀਤਾ ਗਿਆ ਸ਼ਬਦ "ਮਜੂਰੀ" ὀφείλημα (*ਓਫੀਲੀਮਾ*) ਹੈ ਜਿਸ ਦਾ ਅਰਥ ਹੈ "ਉਹ ਜੋ ਪੈਸੇ ਦੇ ਭਾਵ ਵਿੱਚ ਬਕਾਇਆ ਹੈ" ਜਾਂ ਇੱਕ "ਨੈਤਿਕ ਭਾਵ ਵਿੱਚ ਇੱਕ ਜ਼ਿੰਮੇਵਾਰੀ," ਇੱਕ "ਰਿਣ"[7] (ਵੇਖੋ KJV)। ਸ਼ਰਾ/ਕੰਮ ਪ੍ਰਣਾਲੀਆਂ ਐਲਾਨ ਕਰਦੀਆਂ ਹਨ ਕਿ ਅਸੀਂ *ਕਿਰਪਾ* ਦੇ ਨਾਲ ਨਹੀਂ ਬਚਾਏ ਜਾਂਦੇ, ਸਾਡੇ ਚੰਗੇ ਕੰਮਾਂ ਨੇ ਪਰਮੇਸ਼ੁਰ ਨੂੰ ਸਾਡਾ *ਕਰਜ਼ਾਈ* ਬਣਾ ਦਿੱਤਾ ਹੈ।

**ਆਇਤ 5.** ਅੱਗੇ ਪੌਲੁਸ ਨੇ ਉਸ ਪ੍ਰਣਾਲੀ ਦੀ ਤੁਲਨਾ ਕਿਰਪਾ/ਭਰੋਸੇ ਦੀ ਪ੍ਰਣਾਲੀ ਨਾਲ ਕੀਤੀ: **ਪਰ ਜਿਹੜਾ ਕੰਮ ਨਾ ਕਰ ਕੇ ਉਸ ਉੱਤੇ ਨਿਹਚਾ ਕਰਦਾ ਹੈ ਜੋ ਕੁਧਰਮੀ ਨੂੰ ਧਰਮੀ ਠਹਿਰਾਉਂਦਾ ਹੈ ਉਹ ਦੀ ਨਿਹਚਾ ਧਰਮ ਗਿਣੀਦੀ ਹੈ।** "ਜਿਹੜਾ ਕੰਮ ਨਹੀਂ ਕਰਦਾ ਹੈ" ਵਾਕ ਕਿਸੇ ਯੋਗਤਾ ਦੀ ਮੰਗ ਕਰਦਾ ਹੈ। ਜੇਕਰ ਇਸ ਨੂੰ ਸੰਦਰਭ ਤੋਂ ਬਾਹਰ ਲਿਆ ਜਾਵੇ ਤਾਂ ਇਹ ਇਸ ਤਰ੍ਹਾਂ ਜਾਪਦਾ ਹੈ ਕਿ ਪ੍ਰਭੂ ਦੇ ਲਈ ਕੰਮ ਕਰਨਾ ਜ਼ਰੂਰੀ ਨਹੀਂ ਹੈ—ਇੱਕ ਅਜਿਹਾ ਵਿਚਾਰ ਜੋ ਬਹੁਤ ਸਾਰੇ ਧਾਰਮਿਕ ਆਗੂਆਂ ਨੂੰ ਡਰਾਵੇਗਾ ਅਤੇ ਨਿਸ਼ਚਤ ਤੌਰ ਤੇ ਪੌਲੁਸ ਵੀ ਉਸ ਤੋਂ ਹੈਰਾਨ ਹੋ ਗਿਆ ਹੋਵੇਗਾ। ਕੀ ਪੌਲੁਸ ਇਹ ਵਿਸ਼ਵਾਸ ਕਰਦਾ ਸੀ ਕਿ ਪ੍ਰਭੂ ਦੇ ਲਈ ਕੰਮ ਕਰਨਾ ਮਹੱਤਵਪੂਰਣ ਹੈ? ਹਾਂ, ਜ਼ਰੂਰ। ਰੋਮੀਆਂ 16:12 ਵਿੱਚ, ਉਸ ਨੇ ਪਰਸੀਸ ਦੀ ਸ਼ਲਾਘਾ ਕੀਤੀ ਸੀ ਜਿਸ ਨੇ "ਪ੍ਰਭੂ ਵਿੱਚ ਸਖ਼ਤ ਮੇਹਨਤ ਕੀਤੀ ਸੀ।" ਪੌਲੁਸ ਨੇ ਅਕਸਰ ਆਪਣੇ ਪਾਠਕਾਂ ਨੂੰ ਉਤਸ਼ਾਹਿਤ ਕੀਤਾ ਸੀ ਕਿ ਓਹ ਆਪਣਾ ਸਭ ਕੁਝ "ਪ੍ਰਭੂ ਦੀ ਸੇਵਾ ਵਿੱਚ ਲਗਾ ਦੇਣ" (1 ਕੁਰਿੰਥੀਆਂ 15:58; ਵੇਖੋ ਗਲਾਤੀਆਂ 5:6; ਅਫ਼ਸੀਆਂ 2:10; ਕੁਲੁੱਸੀਆਂ 1:10; 1 ਤਿਮੋਥਿਉਸ 5:17; 6:18)। ਇਸ ਗੱਲ ਵਿੱਚ ਸੰਦੇਹ ਹੈ ਕਿ ਕਿਸੇ ਨੇ ਆਪਣੇ ਮਾਲਕ ਦੇ ਲਈ ਇੰਨੀ ਸਖ਼ਤ ਮੇਹਨਤ ਕੀਤੀ ਹੋਵੇਗੀ ਜਿੰਨੀ ਕਿ ਪੌਲੁਸ ਨੇ ਕੀਤੀ ਸੀ (ਵੇਖੋ 1 ਕੁਰਿੰਥੀਆਂ 15:10; 2 ਕੁਰਿੰਥੀਆਂ 11:23, 27)।

ਇਸ ਲਈ ਇਹ ਸਪੱਸ਼ਟ ਹੈ ਕਿ "ਜਿਹੜਾ ਕੰਮ ਨਾ ਕਰੇ" ਵਾਕ ਦੀ ਜ਼ਰੂਰ ਕੁਝ ਵਿਆਖਿਆ ਹੋਣੀ ਚਾਹੀਦੀ ਹੈ। ਇਸ ਨੂੰ ਸਮਝਾਉਣ ਦਾ ਸਭ ਤੋਂ ਮਹੱਤਵਪੂਰਣ ਤਰੀਕਾ ਹੈ 4 ਅਤੇ 5 ਅਇਤਾਂ ਵਿਚ ਦੋਵਾਂ ਵਾਕਾਂ ਦੀ ਤੁਲਨਾ ਕੀਤੀ ਜਾਵੇ: "ਇੱਕ ਜਿਹੜਾ ਕੰਮ ਕਰਦਾ ਹੈ" ਅਤੇ "ਇੱਕ ਜਿਹੜਾ ਕੰਮ ਨਹੀਂ ਕਰਦਾ ਹੈ।" "ਜਿਹੜਾ ਕੰਮ ਕਰਦਾ ਹੈ" (4:4) ਉਹ ਇੱਕ ਕਰਮਚਾਰੀ ਹੈ ਜਿਹੜਾ *ਇਸ ਲਈ* "ਕੰਮ ਕਰਦਾ" ਹੈ ਕਿ ਤਨਖਾਹ ਪ੍ਰਾਪਤ ਕਰੇ। "ਜਿਹੜਾ ਕੰਮ ਨਹੀਂ ਕਰਦਾ" (4:5) ਉਹ ਇੱਕ ਵਿਸ਼ਵਾਸੀ ਹੈ ਜਿਹੜਾ ਪਰਮੇਸ਼ੁਰ ਵਾਸਤੇ *ਇਸ ਲਈ* ਕੰਮ ਨਹੀਂ ਕਰਦਾ ਹੈ ਕਿ ਉਹ ਪਰਮੇਸ਼ੁਰ ਤੇ ਕਰਜ਼ ਚੜ੍ਹਾਵੇ ਸਗੋਂ ਉਹ ਆਪਣੇ ਪਿਆਰ ਅਤੇ ਆਦਰ ਨੂੰ ਵਿਖਾਉਣ ਦੇ ਲਈ ਕੰਮ ਕਰਦਾ ਹੈ। ਲੀਓਨ ਮੌਰਿਸ ਇਸ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ: "ਇਹ ਤੁਲਨਾ ਕਰਮਚਾਰੀ ਜਾਂ ਉਸ ਦੇ ਵਿਚਕਾਰ ਨਹੀਂ ਹੈ ਜੋ ਕਰਮਚਾਰੀ ਨਹੀਂ ਹੈ (ਪੌਲੁਸ ਆਲਸ ਕਰਨ ਲਈ [ਉਤਸ਼ਾਹਿਤ] ਨਹੀਂ ਕਰ ਰਿਹਾ ਹੈ), ਪਰ ਆਪਣੇ ਕੰਮਾਂ ਉੱਤੇ ਭਰੋਸਾ ਕਰਨ ਵਾਲੇ ਅਤੇ ਪਰਮੇਸ਼ੁਰ ਉੱਤੇ ਭਰੋਸਾ ਕਰਨ ਵਾਲੇ ਵਿਅਕਤੀ ਵਿੱਚ ਹੈ।"[8]

ਆਇਤ 5 ਵਿੱਚ ਪਰਮੇਸ਼ੁਰ ਨੂੰ "ਕੁਧਰਮੀਆਂ ਨੂੰ ਧਰਮੀ ਠਹਿਰਾਉਣ ਵਾਲਾ" ਦੱਸਿਆ ਗਿਆ ਹੈ। ਅਨੁਵਾਦ ਕੀਤਾ ਗਿਆ ਸ਼ਬਦ "ਕੁਧਰਮੀ" (ἀσέβης, *ਅਸੀਬੀਸ*) "ਇੱਕ ਠੋਸ ਸ਼ਬਦ ਹੈ" ਅਤੇ ਇੱਕ ਅਜਿਹੇ ਵਿਅਕਤੀ ਦੇ ਬਾਰੇ ਦੱਸ ਰਿਹਾ ਹੈ ਜੋ "ਪਰਮੇਸ਼ੁਰ ਦੇ ਲਈ ਸ਼ਰਧਾ ਰਹਿਤ ਹੈ।" ਭਾਸ਼ਾ ਤੋਂ ਪਤਾ ਲੱਗਦਾ ਹੈ ਕਿ ਪਰਮੇਸ਼ੁਰ ਅਜਿਹੇ ਲੋਕਾਂ ਨੂੰ ਧਰਮੀ ਠਹਿਰਾਉਂਦਾ ਹੈ ਜੋ "ਪੂਰੇ ਤੌਰ ਤੇ ਅਯੋਗ ਹਨ।"[9] ਉਹ ਅਜਿਹਾ ਕਰਨ ਦੇ ਯੋਗ ਹੈ ਕਿਉਂਕਿ ਉਸ ਨੇ ਆਪਣੇ ਆਪ ਨੂੰ ਪਾਪ ਦੇ ਪ੍ਰਾਸਚਿੱਤ ਦੇ ਰੂਪ ਵਿੱਚ ਦੇ ਦਿੱਤਾ (3:25); "ਮਸੀਹ ਕੁਧਰਮੀਆਂ ਦੇ ਲਈ ਮੋਇਆ" (5:6)। ਜਦੋਂ ਕੋਈ ਪਰਮੇਸ਼ੁਰ ਉੱਤੇ (ਅਤੇ ਉਸ ਦੇ ਪੁੱਤਰ) ਉੱਤੇ ਨਿਹਚਾ ਕਰਦਾ ਹੈ ਤਾਂ "ਉਸ ਦੀ ਨਿਹਚਾ ਧਾਰਮਿਕਤਾ ਗਿਣੀ [*ਲੋਗੀਜ਼ੋਮਾਈ* ] ਜਾਂਦੀ ਹੈ।" TEV ਵਿੱਚ "ਇਹ ਉਸ ਦੀ *ਨਿਹਚਾ* ਹੈ ਜਿਸ ਨੂੰ ਪਰਮੇਸ਼ੁਰ ਵੇਖਦਾ ਹੈ" (ਜ਼ੋਰ ਦਿੱਤਾ ਗਿਆ ਹੈ)।

**ਆਇਤਾਂ 6-8.** ਅਧਿਆਇ 4 ਵਿੱਚ, ਪੌਲੁਸ ਇੱਕ ਅਜਿਹੇ ਵਿਅਕਤੀ ਦੀ ਮੁੱਢਲੇ ਉਦਾਹਰਣ ਵਜੋਂ ਅਬਰਾਹਾਮ ਤੇ ਆਪਣਾ ਧਿਆਨ ਕੇਂਦ੍ਰਿਤ ਕਰਦਾ ਹੈ ਜਿਸ ਨੂੰ ਨਿਹਚਾ ਦੇ ਦੁਆਰਾ ਧਰਮੀ ਠਹਿਰਾਇਆ ਗਿਆ ਸੀ, ਨਾ ਕਿ ਕੰਮਾਂ ਦੇ ਦੁਆਰਾ। ਫਿਰ ਵੀ, ਆਇਤ 6 ਤੋਂ 8 ਆਇਤਾਂ ਦੇ ਵਿਚਕਾਰ ਉਸ ਨੇ ਇੱਕ ਹੋਰ ਉਦਾਹਰਣ ਦਿੱਤਾ ਹੈ, ਯਹੂਦੀਆਂ ਦਾ ਇੱਕ ਹੋਰ ਸਤਿਕਾਰਯੋਗ ਵਿਅਕਤੀ: ਰਾਜਾ ਦਾਊਦ। ਪੌਲੁਸ ਨੇ ਹੁਣੇ ਹੀ ਕਿਹਾ ਸੀ ਕਿ ਪਰਮੇਸ਼ੁਰ "ਕੁਧਰਮੀਆਂ ਨੂੰ ਧਰਮੀ ਠਹਿਰਾਉਂਦਾ ਹੈ।" ਇੱਥੇ ਕੁਝ ਯਹੂਦੀਆਂ ਦੇ ਮਨ ਵਿੱਚ ਇੱਕ ਸਵਾਲ ਆ ਸਕਦਾ ਹੈ ਕਿ ਇਸ ਵਿਸ਼ੇ ਵਿੱਚ ਕੀ ਅਬਰਾਹਾਮ "ਕੁਧਰਮੀ" ਸੀ, ਪਰ ਦਾਊਦ ਦੇ ਵਿਸ਼ੇ ਵਿੱਚ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਸੀ। ਕੁਝ ਹੀ ਹਫ਼ਤਿਆਂ ਵਿੱਚ ਉਸ ਨੇ ਦਸਾਂ ਵਿੱਚੋਂ ਚਾਰ ਹੁਕਮ ਤੋੜ ਦਿੱਤੇ (2 ਸਮੂਏਲ 11; 12; ਕੂਚ 20:13, 14, 16, 17)। ਦਾਊਦ ਦਾ ਉਦਾਹਰਣ ਸਿਰਫ ਇਸ ਤੱਥ ਨੂੰ ਹੀ ਪੱਕਾ ਨਹੀਂ ਕਰਦਾ ਕਿ ਨਿਹਚਾ ਨਾਲ ਧਰਮੀ ਠਹਿਰਾਏ ਜਾਣ ਦਾ ਸਿਧਾਂਤ ਪੁਰਾਣੇ ਨੇਮ ਵਿੱਚ ਸਿਖਾਇਆ ਗਿਆ ਸੀ; ਇਸ ਨਾਲ ਸਿਧਾਂਤ ਦੇ ਦੂਰਗਾਮੀ ਰੂਪ ਦੀ ਵਿਆਖਿਆ ਵੀ ਹੁੰਦੀ ਹੈ।

ਪੌਲੁਸ ਨੇ ਕਿਹਾ **ਦਾਊਦ ਵੀ ਉਸ ਮਨੁੱਖ ਨੂੰ ਧੰਨ ਆਖਦਾ ਹੈ ਜਿਹ ਦੇ ਲਈ ਪਰਮੇਸ਼ੁਰ ਕਰਨੀਆਂ ਦੇ ਬਾਝੋਂ** [*ਲੋਗੀਜ਼ੋਮਾਈ* ] **ਧਰਮ ਗਿਣ ਲੈਂਦਾ ਹੈ।** ਇਸ ਸਥਿਤੀ ਵਿੱਚ, "ਧਰਮ ਗਿਣ ਲੈਂਦਾ ਹੈ" ਪਰਮੇਸ਼ੁਰ ਦੇ ਦੁਆਰਾ ਉਸ ਵਿਅਕਤੀ ਨੂੰ "ਧਰਮੀ ਗਿਣਨ" ਦੇ ਬਾਰੇ ਦੱਸਦਾ

ਹੈ ਜਿਹੜਾ ਬਹੁਤ ਵੱਡੇ ਕੁਧਰਮ ਦਾ ਦੋਸ਼ੀ ਸੀ (ਦਾਊਦ)। ਦੂਜੇ ਸ਼ਬਦਾਂ ਵਿੱਚ, 4:6 ਵਿੱਚ ਪਰਮੇਸ਼ੁਰ ਦੇ "ਧਰਮੀ ਠਹਿਰਾਉਣ" ਦਾ ਸੰਬੰਧ ਆਪਣੀ ਮਾਫ਼ੀ ਦੁਆਰਾ ਆਪਣੇ ਗਲਤੀ ਕਰਨ ਵਾਲੇ ਇੱਕ ਬੱਚੇ ਨੂੰ "ਧਰਮੀ ਠਹਿਰਾਉਣ" ਨਾਲ ਹੈ।

ਜਿਵੇਂ ਕਿ ਆਮ ਤੌਰ ਤੇ ਪੌਲੁਸ ਦਾ ਮਾਮਲਾ ਸੀ, ਉਹ ਨੇ ਇੱਥੇ ਪੁਰਾਣੇ ਨੇਮ ਦੇ ਯੂਨਾਨੀ ਅਨੁਵਾਦ ਤੋਂ ਹਵਾਲੇ ਦਿੱਤੇ ਹਨ (The LXX)। 4:7, 8 ਦਾ ਬੰਦ ਜ਼ਬੂਰਾਂ ਦੀ ਪੋਥੀ 32:1, 2 ਦਾ ਹਵਾਲਾ ਦਿੰਦਾ ਹੈ:

> **ਧੰਨ ਓਹ ਜਿਨ੍ਹਾਂ ਦੇ ਅਪਰਾਧ ਖਿਮਾ ਹੋ ਗਏ,**
> **ਅਤੇ ਜਿਨ੍ਹਾਂ ਦੇ ਪਾਪ ਢੱਕੇ ਹੋਏ ਹਨ।**
> **ਧੰਨ ਹੈ ਉਹ ਪੁਰਖ ਜਿਹ ਦੇ ਲੇਖੇ ਵਿੱਚ**
> **ਪ੍ਰਭੂ ਪਾਪ ਨਾ ਗਿਣੇਗਾ।**

ਬਹੁਤ ਸਾਰੇ ਲੇਖਕ ਮੰਨਦੇ ਹਨ ਕਿ ਜ਼ਬੂਰ 51 ਅਤੇ 32 ਦਾਊਦ ਦੇ ਬਥ-ਸ਼ਬਾ ਦੇ ਨਾਲ ਪਾਪ ਨਾਲ ਸੰਬੰਧਤ ਹਨ ਅਰਥਾਤ ਜ਼ਬੂਰ 51 ਮਾਫ਼ੀ[10] ਦੇ ਲਈ ਦਾਊਦ ਦੀ ਪੁਕਾਰ ਹੈ, ਜਦ ਕਿ ਜ਼ਬੂਰ 32 ਪਰਮੇਸ਼ੁਰ ਦੇ ਦੁਆਰਾ ਉਸ ਨੂੰ ਮਾਫ਼ ਕੀਤੇ ਜਾਣ ਤੋਂ ਬਾਅਦ ਉਸ ਦੇ ਧੰਨਵਾਦੀ ਮਨ ਦਾ ਇੱਕ ਪ੍ਰਗਟਾਵਾ ਹੈ।[11]

ਜ਼ਬੂਰ 32:1, 2 ਵਿੱਚ, ਦਾਊਦ ਪਰਮੇਸ਼ੁਰ ਦੀ ਦਯਾ ਦੇ ਲਈ ਪਰਮੇਸ਼ੁਰ ਨੂੰ ਧੰਨਵਾਦ ਕਹਿੰਦਾ ਹੈ। ਉਸ ਨੇ ਇਸ ਗੱਲ ਨੂੰ ਵਿਅਕਤ ਕਰਨ ਲਈ ਕਿ ਉਹ ਕਿੰਨਾ ਧੰਨਵਾਦੀ ਹੈ ਸ਼ਬਦਾਂ ਨੂੰ ਵਧਾ ਦਿੱਤਾ। ਜੇਕਰ ਸ਼ਬਦ (μακάριος, *ਮੇਕੇਰੀਓਸ*) ਜਿਸ ਦਾ ਅਨੁਵਾਦ "ਧੰਨ" ਹੈ, ਦੇ ਨਾਲ ਸ਼ੁਰੂ ਕਰੀਏ ਤਾਂ ਇਹ ਇੱਕ ਵਿਲੱਖਣ ਅਨੰਦ ਬਾਰੇ ਦੱਸਦਾ ਹੈ ਜਿਸ ਨੂੰ ਕੇਵਲ ਪਰਮੇਸ਼ੁਰ ਦੇ ਵਫ਼ਾਦਾਰ ਬੱਚੇ ਹੀ ਜਾਣ ਸਕਦੇ ਹਨ। ਇਸ ਨੂੰ ਇਸ ਤਰ੍ਹਾਂ ਸੋਚਿਆ ਜਾ ਸਕਦਾ ਹੈ "ਖੁਸ਼ੀ ਅਤੇ ਹੋਰ ਬਹੁਤ ਕੁਝ।"

ਦੋ ਸ਼ਬਦ ਉਸ ਦੇ ਪਾਪ ਦੀ ਵਿਸ਼ਾਲਤਾ ਦਾ ਵਰਣਨ ਕਰਦੇ ਹਨ: ਸ਼ਬਦ ἀνομία (*ਅਨੋਮੀਆ*) ਦਾ ਬਹੁਵਚਨ ਰੂਪ, ਜਿਸ ਦਾ ਅਨੁਵਾਦ "ਕੁਧਰਮ ਦੇ ਕੰਮ" ਕੀਤਾ ਗਿਆ ਸੀ ਅਤੇ ἁμαρτία (*ਹਮਾਰਟੀਆ*) ਜਿਸ ਦਾ ਅਨੁਵਾਦ "ਪਾਪ" ਕੀਤਾ ਗਿਆ ਸੀ। (3:23 ਤੇ ਟਿੱਪਣੀਆਂ ਵੇਖੋ)।

ਤਿੰਨ ਹੋਰ ਸ਼ਬਦ ਪ੍ਰਭੂ ਦੀ ਦਯਾ ਦੀ ਮਹਾਨਤਾ ਨੂੰ ਦਰਸਾਉਂਦੇ ਹਨ। ਪਹਿਲਾ, ਦਾਊਦ ਦੇ ਦੁਸ਼ਟ ਕਰਮ ਨੂੰ "ਖਿਮਾ" (ἀφίημα, *ਏਫਿਮੀ*) ਕੀਤਾ ਗਿਆ ਸੀ। ਫਰੈਂਜ ਡੈਲਿਟਜ਼ ਨੇ ਜ਼ਬੂਰ 32:1 ਵਿੱਚ "ਖਿਮਾ" ਦੇ ਲਈ ਸ਼ਬਦ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ "ਉੱਪਰ ਚੁੱਕਣਾ ਅਤੇ ਦੂਰ ਲੈ ਜਾਣਾ।"[12]

ਦੂਜਾ, ਦਾਊਦ ਦੇ ਪਾਪ ਨੂੰ "ਢੱਕ" ਦਿੱਤਾ ਗਿਆ। ਅਨੁਵਾਦ ਕੀਤਾ ਗਿਆ ਸ਼ਬਦ (ἐπικαλύπτω, *ਐਪੀਕਲੁਪਟੋ*) ਇੱਕ ਸੰਯੁਕਤ ਸ਼ਬਦ ਹੈ ਜਿਹੜਾ ἐπί (*ਐਪੀ*, "ਉੱਪਰੋਂ") ਅਤੇ καλύπτω (*ਕਲੁਪਟੋ*, "ਢੱਕਣਾ") ਨੂੰ ਮਿਲਾ ਕੇ ਬਣਿਆ ਹੈ ਜਿਸ ਦਾ ਅਰਥ ਹੈ "ਉੱਪਰੋਂ ਢੱਕਿਆ ਹੋਇਆ।" NLT ਵਿੱਚ ਹੈ "ਨਜ਼ਰ ਤੋਂ ਓਹਲੇ ਰੱਖਣਾ"; AB ਵਿੱਚ ਹੈ "ਢੱਕਿਆ ਹੋਇਆ ਅਤੇ ਪੂਰੀ ਤਰ੍ਹਾਂ ਦੇ ਨਾਲ ਦਫ਼ਨ ਕੀਤਾ ਹੋਇਆ।" ਡੈਲਿਟਜ਼ ਨੇ "ਢੱਕਿਆ ਹੋਇਆ" ਸ਼ਬਦ ਨੂੰ "ਇੱਕ ਢੱਕਣ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ, ਇਸ ਪ੍ਰਕਾਰ ਇਹ ਪਰਮੇਸ਼ੁਰ ਦੇ ਪਵਿੱਤਰ ਪੁਰਖ ਦੇ ਲਈ ਅਦ੍ਰਿਸ਼ ਹੋ ਜਾਂਦਾ ਹੈ ਅਤੇ ਇਸ ਪ੍ਰਕਾਰ ਹੈ ਜਿਵੇਂ ਕਿ ਇਹ ਕਦੀ ਵੀ ਨਹੀਂ ਸੀ

ਹੋਇਆ।"[13]

ਪੌਲੁਸ ਦੇ ਤਰਕ ਦਾ ਸਭ ਤੋਂ ਮਹੱਤਵਪੂਰਣ ਮਹੱਤਵ ਤੀਜਾ ਸ਼ਬਦ ਸੀ, ਜਿਸ ਦਾ ਅਨੁਵਾਦ ਹੈ "ਲੇਖੇ ਗਿਣਨਾ।" ਜ਼ਬੂਰ, ਜਿਵੇਂ ਰੋਮੀਆਂ ਵਿੱਚ ਹਵਾਲਾ ਦਿੱਤਾ ਗਿਆ ਹੈ, ਕਹਿੰਦਾ ਹੈ, "ਉਹ ਪੁਰਖ ਜਿਹ ਦੇ ਲੇਖੇ ਵਿੱਚ ਪ੍ਰਭੂ ਪਾਪ ਨਾ ਗਿਣੇਗਾ।" "ਲੇਖਾ ਨਾ ਲਵੇਗਾ" ਸ਼ਬਦ ਦਾ ਅਨੁਵਾਦ *ਲੋਗੀਜ਼ੋਮਾਈ* ਤੋਂ ਕੀਤਾ ਗਿਆ ਹੈ, ਜਦ ਕਿ ਬਾਕੀ ਦੇ ਸਾਰੇ ਅਧਿਆਇ ਵਿੱਚ ਸ਼ਬਦ ਦਾ ਅਨੁਵਾਦ "ਗਿਣਿਆ ਗਿਆ" ਕੀਤਾ ਗਿਆ ਹੈ। ਪੌਲੁਸ ਪਰਮੇਸ਼ੁਰ ਦੇ ਅਦਭੁਤ ਲੇਖਾ ਪ੍ਰਬੰਧ ਨੂੰ ਵੇਖਣ ਦਾ ਦੂਜਾ ਤਰੀਕਾ ਪੇਸ਼ ਕਰ ਰਿਹਾ ਹੈ। ਆਇਤ 3 ਅਤੇ 5 ਵਿੱਚ, ਉਸ ਨੇ ਪਰਮੇਸ਼ੁਰ ਦੇ ਵਹੀਖਾਤੇ ਨੂੰ ਵੇਖਣ ਦੇ ਇੱਕ ਹਾਂ-ਪੱਖੀ ਤਰੀਕੇ ਨੂੰ ਪੇਸ਼ ਕੀਤਾ ਹੈ: ਪਰਮੇਸ਼ੁਰ ਨੇ ਆਪਣੇ ਵਹੀਖਾਤੇ ਵਿੱਚ ਜਮ੍ਹਾਂ ਵਾਲੇ ਪਾਸੇ ਤੇ "ਕੁਧਰਮੀਆਂ" ਦੇ ਖਾਤੇ ਵਿਚ ਧਾਰਮਿਕਤਾ ਨੂੰ ਜਮ੍ਹਾਂ *ਕੀਤਾ* । ਆਇਤ 8 ਵਿੱਚ, ਪੌਲੁਸ ਨੇ ਰੱਬੀ ਖਾਤਾ ਵੇਖਣ ਦਾ ਇੱਕ ਨਾਂਹ-ਪੱਖੀ ਤਰੀਕਾ ਪੇਸ਼ ਕੀਤਾ: ਪਰਮੇਸ਼ੁਰ ਨੇ ਆਪਣੇ ਵਹੀ ਖਾਤੇ ਦੇ ਘਟਾਉਣ ਵਾਲੇ ਪਾਸੇ ਤੇ ਕੁਧਰਮੀਆਂ ਨੂੰ ਕੁਧਰਮੀ ਹੋਣ ਦਾ ਦੋਸ਼ੀ *ਨਹੀਂ* ਠਹਿਰਾਇਆ। CJB ਵਿੱਚ ਹੈ "ਧੰਨ ਉਹ ਆਦਮੀ ਹੈ ਜਿਸ ਦੇ ਪਾਪ [ਪ੍ਰਭੂ] ਉਸ ਦੇ ਜੁੰਮੇ ਨਹੀਂ ਲਗਾਉਂਦਾ ਹੈ।"

ਇਸ ਗੱਲ ਦੀ ਪ੍ਰਸ਼ੰਸ਼ਾ ਕਰਨ ਦੇ ਲਈ ਕਿ ਇਹ ਕਿੰਨਾ ਅਦਭੁਤ ਸੀ, ਸਾਨੂੰ ਇਹ ਵਿਚਾਰ ਕਰਨ ਦੀ ਲੋੜ ਹੈ ਕਿ ਦਾਊਦ ਨੇ ਜੋ ਕੀਤਾ ਸੀ ਉਸ ਦੇ ਲਈ ਉਹ ਕਿਸ ਚੀਜ਼ ਦਾ *ਹੱਕਦਾਰ* ਸੀ। ਮੂਸਾ ਦੀ ਸ਼ਰਾ ਦੇ ਅਨੁਸਾਰ, ਉਹ ਘੱਟੋ-ਘੱਟ ਦੋ ਮਾਮਲਿਆਂ ਦੇ ਲਈ ਪਥਰਾਅ ਕਰਕੇ ਮਾਰੇ ਜਾਣ ਦੇ ਯੋਗ ਸੀ: ਜ਼ਨਾਹਕਾਰੀ (ਬਿਵਸਥਾ ਸਾਰ 22:22, 24; ਵੇਖੋ ਯੂਹੰਨਾ 8:5) ਅਤੇ ਹੱਤਿਆ (ਲੇਵੀਆਂ 24:17)। ਭਾਵੇਂ ਕਿ ਉਸ ਦਾ ਪਾਪ ਪਰਗਟ ਹੋ ਜਾਣ ਦੇ ਬਾਵਜੂਦ ਵੀ ਉਸ ਨੂੰ ਸ਼ਹਿਰ ਤੋਂ ਬਾਹਰ ਘਸੀਟ ਕੇ ਉਸ ਦੀ ਜਾਨ ਨਿੱਕਲ ਜਾਣ ਤੀਕ ਉਸ ਤੇ ਪਥਰਾਅ ਨਹੀਂ ਕੀਤਾ ਗਿਆ। ਇਸ ਦੀ ਬਜਾਇ, ਉਸ ਦੇ ਪਾਪ ਮਾਫ਼ ਕੀਤੇ . . . ਅਤੇ ਢੱਕੇ ਗਏ ਸਨ . . . ਅਤੇ ਉਸ ਦੇ ਲੇਖੇ ਨਹੀਂ ਲਗਾਏ ਗਏ ਸਨ! ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਸੀ ਕਿ ਉਹ ਆਪਣੇ ਆਪ ਨੂੰ "ਧੰਨ" ਕਹਿੰਦਾ ਹੈ!

ਪੌਲੁਸ ਨੇ ਕਿਹਾ ਕਿ ਜ਼ਬੂਰ 32:1, 2 ਆਇਤ ਪਰਮੇਸ਼ੁਰ ਦੁਆਰਾ "ਕਰਨੀਆਂ ਦੇ ਬਾਝੋਂ" (4:6) ਧਰਮੀ ਠਹਿਰਾਉਣ ਦਾ ਇੱਕ ਉਦਾਹਰਣ ਹੈ। ਪੌਲੁਸ ਇਹ ਵਿਚਾਰ *ਨਹੀਂ* ਦੇ ਰਿਹਾ ਸੀ ਕਿ ਮਾਫ਼ ਕੀਤੇ ਜਾਣ ਦੇ ਲਈ ਦਾਊਦ ਨੂੰ ਕੁਝ ਵੀ *ਕਰਨ* ਦੀ ਲੋੜ ਨਹੀਂ ਸੀ। ਪਛਚਾਤਾਪ ਦੇ ਵਿੱਚ ਦਾਊਦ ਦੇ ਦਿਲ ਨੂੰ ਟੁੱਟਣ ਦੀ ਜ਼ਰੂਰਤ ਸੀ (ਵੇਖੋ ਜ਼ਬੂਰ 51:17)। ਉਸ ਨੂੰ ਆਪਣੇ ਪਾਪ ਨੂੰ ਮੰਨਣ ਅਤੇ ਉਸ ਦਾ ਇਕਰਾਰ ਕਰਨ ਦੀ ਲੋੜ ਸੀ (ਵੇਖੋ ਜ਼ਬੂਰ 32:5; 51:3, 4) ਉਸ ਨੂੰ ਪ੍ਰਾਰਥਨਾ ਕਰਨ ਅਤੇ ਪਰਮੇਸ਼ੁਰ ਕੋਲੋਂ ਮਾਫ਼ੀ ਮੰਗਣ ਦੀ ਲੋੜ ਸੀ (ਵੇਖੋ ਜ਼ਬੂਰ 32:6; 51:1, 2, 9)। ਪੌਲੁਸ ਜੋ ਕਹਿ ਰਿਹਾ ਸੀ ਉਹ ਇਹ ਹੈ ਕਿ ਕੋਈ ਵੀ ਅਜਿਹੇ "ਕੰਮ" ਨਹੀਂ ਸਨ ਜਿਨ੍ਹਾਂ ਨੂੰ ਕਰਨ ਦੇ ਦੁਆਰਾ ਦਾਊਦ ਪਰਮੇਸ਼ੁਰ ਦੀ ਮਾਫ਼ੀ ਨੂੰ ਕਮਾ ਸਕਦਾ ਜਾਂ ਪਰਮੇਸ਼ੁਰ ਦੀ ਮਾਫ਼ੀ ਦੇ ਯੋਗ ਬਣ ਸਕਦਾ ਸੀ। ਜਦੋਂ ਪ੍ਰਭੂ ਨੇ ਉਸ ਨੂੰ ਮਾਫ਼ ਕੀਤਾ ਸੀ ਤਾਂ ਇਸ ਦਾ ਆਧਾਰ ਸਿਰਫ ਕਿਰਪਾ ਸੀ ਨਾ ਕਿ ਉਸ ਦੇ ਕੰਮ।

ਦਾਊਦ ਦੇ ਉਦਾਹਰਣ ਵਿੱਚ (4:6-8), ਪੌਲੁਸ ਨੇ ਨਿਹਚਾ ਦਾ ਜ਼ਿਕਰ ਨਹੀਂ ਕੀਤਾ; ਪਰ ਉਸ ਦੇ ਬਹੁਤ ਸਾਰੇ ਯਹੂਦੀ ਪਾਠਕਾਂ ਨੇ ਸ਼ਾਇਦ ਜ਼ਬੂਰ 32 ਨੂੰ ਮੂੰਹਜ਼ਬਾਨੀ ਯਾਦ ਕੀਤਾ ਹੋਇਆ ਸੀ। ਪਹਿਲੀਆਂ ਦੋ ਆਇਤਾਂ ਦੇ ਹਵਾਲੇ ਨਾਲ ਹੀ ਪੂਰਾ ਜ਼ਬੂਰ ਯਾਦ ਆ ਜਾਂਦਾ ਹੋਵੇਗਾ—ਜਿਸ ਵਿੱਚ ਏਹ ਸ਼ਬਦ ਸ਼ਾਮਲ ਸਨ: "ਯਹੋਵਾਹ ਦੇ ਵਿਸ਼ਵਾਸੀ ਨੂੰ ਦਯਾ ਘੇਰੀ

ਰੱਖੇਗੀ" (ਜ਼ਬੂਰ 32:10)।

## ਧਾਰਮਿਕਤਾ ਸੁੰਨਤ ਤੇ ਆਧਾਰਿਤ ਨਹੀਂ ਹੈ (4:9-12)

**9ਉਪਰੰਤ ਇਹ ਧੰਨ ਹੋਣਾ, ਕੀ ਸੁੰਨਤੀਆਂ ਦੇ ਲਈ ਅਥਵਾ ਅਸੁੰਨਤੀਆਂ ਦੇ ਲਈ ਵੀ
ਹੈ? ਕਿਉਂ ਜੋ ਅਸੀਂ ਆਖਦੇ ਹਾਂ ਭਈ ਅਬਰਾਹਾਮ ਦੇ ਲਈ ਉਹ ਦੀ ਨਿਹਚਾ ਧਰਮ ਗਿਣੀ
ਗਈ ਸੀ। 10ਫੇਰ ਕਿਹੜੇ ਹਾਲ ਵਿੱਚ ਗਿਣੀ ਗਈ ਸੀ? ਜਦੋਂ ਸੁੰਨਤੀ ਸੀ ਅਥਵਾ ਅਸੁੰਨਤੀ
ਸੀ? ਸੁੰਨਤ ਦੇ ਹਾਲ ਵਿੱਚ ਤਾਂ ਨਹੀਂ ਸਗੋਂ ਅਸੁੰਨਤ ਦੇ ਹਾਲ ਵਿਚ। 11ਅਤੇ ਉਹ ਨੇ ਸੁੰਨਤ
ਦੀ ਨਿਸ਼ਾਨੀ ਪਾਈ ਭਈ ਇਹ ਉਸ ਧਰਮ ਦੀ ਮੋਹਰ ਹੋਵੇ ਜਿਹੜਾ ਅਸੁੰਨਤ ਦੇ ਹਾਲ
ਵਿੱਚ ਉਹ ਦੀ ਨਿਹਚਾ ਤੋਂ ਹੋਇਆ ਸੀ ਤਾਂ ਜੋ ਉਨ੍ਹਾਂ ਸਭਨਾਂ ਦਾ ਪਿਤਾ ਹੋਵੇ ਜਿਹੜੇ
ਨਿਹਚਾ ਕਰਦੇ ਹਨ ਭਾਵੇਂ ਅਸੁੰਨਤੀ ਹੋਣ ਇਸ ਲਈ ਜੋ ਉਨ੍ਹਾਂ ਦੇ ਲੇਖੇ ਵਿੱਚ ਧਰਮ
ਗਿਣਿਆ ਜਾਵੇ। 12ਅਤੇ ਸੁੰਨਤੀਆਂ ਦਾ ਭੀ ਪਿਤਾ ਹੋਵੇ, ਨਾ ਓਹਨਾਂ ਦਾ ਜੋ ਨਿਰੇ ਸੁੰਨਤੀ
ਹਨ ਸਗੋਂ ਓਹਨਾਂ ਦਾ ਜੋ ਸਾਡੇ ਪਿਤਾ ਅਬਰਾਹਾਮ ਦੀ ਉਸ ਨਿਹਚਾ ਦੀ ਚਾਲ ਚੱਲਦੇ
ਹਨ ਜਿਹ ਨੂੰ ਉਹ ਅਸੁੰਨਤ ਦੇ ਹਾਲ ਵਿੱਚ ਰੱਖਦਾ ਸੀ।**

ਅਧਿਆਇ 4 ਵਿੱਚ, ਨਿਹਚਾ ਨਾਲ ਧਰਮੀ ਠਹਿਰਾਏ ਜਾਣ ਦਾ ਪੌਲੁਸ ਦਾ ਮੁੱਖ ਉਦਾਹਰਣ ਅਬਰਾਹਾਮ ਹੀ ਹੈ। ਨਵੇਂ ਅਤੇ ਪੁਰਾਣੇ ਦੋਵਾਂ ਨੇਮਾਂ ਵਿੱਚ ਅਬਰਾਹਾਮ ਇੱਕ ਮਹੱਤਵਪੂਰਣ ਸ਼ਖਸੀਅਤ ਹੈ। ਨਵੇਂ ਨੇਮ ਵਿੱਚ ਉਸ ਦਾ ਨਾਮ ਪਤਰਸ ਅਤੇ ਪੌਲੁਸ ਤੋਂ ਵੀ ਜ਼ਿਆਦਾ ਵਾਰ ਪਾਇਆ ਜਾਂਦਾ ਹੈ![14] ਇਸ ਅਧਿਆਇ ਦਾ ਇੱਕ ਵਿਸ਼ਾ ਅਬਰਾਹਾਮ ਦੀ ਪਿਤਰਤਾ ਹੈ। ਆਇਤ 12 ਵਿੱਚ, ਪੌਲੁਸ ਉਸ ਨੂੰ "ਸਾਡਾ ਪਿਤਾ ਅਬਰਾਹਾਮ" ਕਹਿੰਦਾ ਹੈ। ਆਇਤ 11 ਵਿੱਚ, ਪੌਲੁਸ ਨੇ ਉਸ ਨੂੰ "ਸਾਰੇ ਵਿਸ਼ਵਾਸੀਆਂ ਦਾ ਪਿਤਾ" ਕਿਹਾ ਹੈ। ਬਾਅਦ ਵਿੱਚ, ਆਇਤ 16 ਵਿੱਚ, ਪੌਲੁਸ ਅਬਰਾਹਾਮ ਦੇ ਵਿਸ਼ੇ ਵਿੱਚ ਕਹਿੰਦਾ ਹੈ "ਉਹ ਅਸਾਂ ਸਭਨਾਂ ਦਾ ਪਿਤਾ ਹੈ।"

4:9-12 ਤੇ ਟਿੱਪਣੀ ਕਰਨ ਤੋਂ ਪਹਿਲਾਂ, ਆਓ ਅਸੀਂ ਅਬਰਾਹਾਮ ਦੀ ਜ਼ਿੰਦਗੀ ਦੀਆਂ ਕੁਝ ਮੁੱਖ ਘਟਨਾਵਾਂ ਅਤੇ ਜਿਸ ਤਰਤੀਬ ਵਿੱਚ ਓਹ ਘਟਨਾਵਾਂ ਵਾਪਰੀਆਂ ਸਨ ਉਸ ਤੇ ਵਿਚਾਰ ਕਰੀਏ। ਅਬਰਾਹਾਮ ਉਸ ਸਮੇਂ ਸ਼ਾਇਦ ਲਗਭਗ ਸੱਠ ਸਾਲ ਦਾ ਸੀ ਜਦੋਂ ਪਰਮੇਸ਼ੁਰ ਨੇ ਉਸ ਨੂੰ ਕਸਦੀਮ ਦੇ ਊਰ ਵਿੱਚੋਂ ਸੱਦਿਆ ਸੀ (ਉਤਪਤ 11:31; 15:7)। ਉਹ ਅਤੇ ਉਸ ਦਾ ਪਿਤਾ ਤਾਰਹ ਬਾਕੀ ਪਰਿਵਾਰ ਦੇ ਨਾਲ ਹਾਰਾਨ ਵਿੱਚ ਚਲਾ ਗਿਆ। ਤਾਰਹ ਦੀ ਮੌਤ ਤੋਂ ਬਾਅਦ (ਉਤਪਤ 11:32), ਜਦੋਂ ਅਬਰਾਹਾਮ ਪਚੱਤਰਾਂ ਸਾਲਾਂ ਦਾ ਸੀ (ਉਤਪਤ 12:4), ਪਰਮੇਸ਼ੁਰ ਉਸ ਤੇ ਪਰਗਟ ਹੋਇਆ ਅਤੇ ਕਿਹਾ,

> . . . ਆਪਣੇ ਦੇਸ ਤੋਂ, ਅਰ ਆਪਣੇ ਸਾਕਾਂ ਤੋਂ, ਅਤੇ ਆਪਣੇ ਪਿਤਾ ਦੇ ਘਰ ਤੋਂ, ਉਸ ਦੇਸ ਨੂੰ ਜੋ ਮੈਂ ਤੈਨੂੰ ਵਿਖਾਵਾਂਗਾ ਨਿੱਕਲ ਤੁਰ [ਕਨਾਨ]; ਅਤੇ ਮੈਂ ਤੈਨੂੰ ਇੱਕ ਵੱਡੀ ਕੌਮ ਬਣਾਵਾਂਗਾ, ਅਰ ਮੈਂ ਤੈਨੂੰ ਅਸੀਸ ਦਿਆਂਗਾ, ਅਰ ਮੈਂ ਤੇਰਾ ਨਾਉਂ ਵੱਡਾ ਕਰਾਂਗਾ; ਅਰ ਤੂੰ ਬਰਕਤ ਦਾ ਕਾਰਨ ਹੋ; ਜੋ ਤੈਨੂੰ ਅਸੀਸ ਦਿੰਦੇ ਹਨ ਮੈਂ ਉਨ੍ਹਾਂ ਨੂੰ ਅਸੀਸ ਦਿਆਂਗਾ, ਅਤੇ ਜੋ ਤੈਨੂੰ ਤੁੱਛ ਜਾਣਦਾ ਹੈ ਮੈਂ ਉਹ ਨੂੰ ਸਰਾਪ ਦਿਆਂਗਾ, ਅਤੇ ਤੇਰੇ ਕਾਰਨ ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ (ਉਤਪਤ 12:1-3)।

ਪਰਮੇਸ਼ੁਰ ਨੇ ਅਬਰਾਹਾਮ ਨਾਲ ਜਾਇਦਾਦ ਦਾ ਵਾਅਦਾ ਕੀਤਾ, ਇੱਕ ਕੌਮ ਹੋਣ ਦਾ ਵਾਅਦਾ ਕੀਤਾ ਅਤੇ ਸੁਰੱਖਿਆ ਦਾ ਵਾਅਦਾ ਕੀਤਾ; ਪਰ ਉਹ ਜਿਸ ਵਿੱਚ ਸਾਡੀ ਸਭ ਤੋਂ ਜ਼ਿਆਦਾ ਦਿਲਚਸਪੀ ਹੋਵੇਗੀ ਉਹ ਹੈ ਉਦੇਸ਼ ਵਾਲਾ ਵਾਅਦਾ: "ਅਤੇ ਤੇਰੇ ਕਾਰਨ ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ" (ਵੇਖੋ ਗਲਾਤੀਆਂ 3:8)।

ਅਬਰਾਹਾਮ ਕਨਾਨ ਦੇਸ਼ ਨੂੰ ਚਲਾ ਗਿਆ; ਪਰ ਇੱਕ ਦਹਾਕਾ ਜਾਂ ਉਸ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਵੀ ਉਸ ਦਾ ਅਤੇ ਸਾਰਾਹ ਦਾ ਕੋਈ ਵੀ ਬੱਚਾ ਨਹੀਂ ਸੀ। ਪਰਮੇਸ਼ੁਰ ਨੇ ਅਬਰਾਹਾਮ ਨੂੰ ਭਰੋਸਾ ਦਿਵਾਇਆ ਸੀ ਕਿ ਉਸ ਦੀ ਸੰਤਾਨ ਇੰਨੀ ਅਣਗਿਣਤ ਹੋਵੇਗੀ ਜਿਵੇਂ ਸਮੁੰਦਰ ਦੀ ਰੇਤ ਹੁੰਦੀ ਹੈ (ਉਤਪਤ 13:16) ਅਤੇ ਜਿਵੇਂ ਅਕਾਸ਼ ਦੇ ਤਾਰੇ ਹੁੰਦੇ ਹਨ (ਉਤਪਤ 15:5)। ਇਸ ਮੋੜ ਤੱਕ, ਇਹ ਕਿਹਾ ਜਾਂਦਾ ਸੀ ਕਿ ਅਬਰਾਹਾਮ ਨੇ "ਯਹੋਵਾਹ ਦੀ ਪਰਤੀਤ ਕੀਤੀ ਅਤੇ ਉਸ ਨੇ ਉਹ ਦੇ ਲਈ ਇਸ ਗੱਲ ਨੂੰ ਧਰਮ ਗਿਣਿਆ" (ਉਤਪਤ 15:6)।

ਹੋਰ ਚੌਦਾਂ ਸਾਲ ਜਾਂ ਇਸ ਤੋਂ ਵੀ ਵੱਧ ਸਮਾਂ ਬੀਤ ਗਿਆ। ਜਦੋਂ ਅਬਰਾਹਾਮ ਨੜ੍ਹਿੰਨਵੇਂ ਸਾਲਾਂ ਦਾ ਸੀ, ਪਰਮੇਸ਼ੁਰ ਉਸ ਤੇ ਫੇਰ ਪਰਗਟ ਹੋਇਆ ਅਤੇ ਕਿਹਾ,

> ਵੇਖ ਮੇਰਾ ਨੇਮ ਤੇਰੇ ਨਾਲ ਹੈ, ਅਤੇ ਤੂੰ ਬਹੁਤੀਆਂ ਕੌਮਾਂ ਦਾ ਪਿਤਾ ਹੋਵੇਂਗਾ। ਉਪਰੰਤ ਤੇਰਾ ਨਾਉਂ ਫੇਰ ਅਬਰਾਮ ਨਹੀਂ ਸੱਦਿਆ ਜਾਵੇਗਾ ["ਮੁਬਾਰਕ ਪਿਤਾ"], ਪਰ ਤੇਰਾ ਨਾਉਂ ਅਬਰਾਹਾਮ ਹੋਵੇਗਾ ["ਕੌਮਾਂ ਦਾ ਪਿਤਾ"]; ਕਿਉਂਕਿ ਮੈਂ ਤੈਨੂੰ ਬਹੁਤੀਆਂ ਕੌਮਾਂ ਦਾ ਪਿਤਾ ਠਹਿਰਾ ਦਿੱਤਾ ਹੈ। ਅਤੇ ਮੈਂ ਤੈਨੂੰ ਹੱਦੋਂ ਬਾਹਲਾ ਫਲਵੰਤ ਬਣਾਵਾਂਗਾ ਅਤੇ ਮੈਂ ਤੈਥੋਂ ਕੌਮਾਂ ਬਣਾਵਾਂਗਾ . . . (ਉਤਪਤ 17:4-6)।

ਉਸ ਸਮੇਂ ਪਰਮੇਸ਼ੁਰ ਨੇ ਸੁੰਨਤ ਦੀ ਰੀਤ ਦੀ ਸਥਾਪਨਾ ਕੀਤੀ (ਉਤਪਤ 17:9-14, 23-27)। ਪਰਮੇਸ਼ੁਰ ਨੇ ਕਿਹਾ ਕਿ ਇਹ "ਤੇਰੇ ਅਤੇ ਮੇਰੇ ਵਿਚਕਾਰ ਇਹ ਨੇਮ ਦਾ *ਨਿਸ਼ਾਨ* ਹੋਵੇਗਾ" (ਉਤਪਤ 17:11; ਜ਼ੋਰ ਦਿੱਤਾ ਗਿਆ ਹੈ)।

ਦੂਜੀ ਘਟਨਾ ਧਿਆਨ ਦੇਣ ਦੇ ਯੋਗ ਹੈ: ਨਿਹਚਾ ਦੀ ਸਭ ਤੋਂ ਮੁਸ਼ਕਲ ਪਰੀਖਿਆ (ਇਸਹਾਕ ਨੂੰ ਵੇਦੀ ਉੱਤੇ ਬਲੀਦਾਨ ਕਰਨ) ਦਾ ਸਾਹਮਣਾ ਕਰਨ ਦੇ ਪਿੱਛੋਂ, ਪਰਮੇਸ਼ੁਰ ਨੇ ਆਪਣੇ ਨੇਮ ਨੂੰ ਨਵਾਂ ਕੀਤਾ ਅਤੇ ਕਿਹਾ, "ਤੇਰੀ ਅੰਸ ਵਿੱਚ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ" (ਉਤਪਤ 22:18)। ਇਸ ਕਾਲਕ੍ਰਮ ਨੂੰ ਮਨ ਵਿੱਚ ਰੱਖ ਕੇ ਇਸ ਲਿਖਤ ਨੂੰ ਜਾਂਚੋ।[15]

ਦੋ ਤੱਥ ਜੋ ਯਹੂਦੀਆਂ ਦੇ ਦਿਲਾਂ ਨੂੰ ਪਿਆਰੇ ਸਨ: ਇਹ ਤੱਥ ਕਿ ਉਨ੍ਹਾਂ ਦੀ ਸੁੰਨਤ ਹੋਈ ਹੈ ਅਤੇ ਉਨ੍ਹਾਂ ਦੇ ਕੋਲ ਸ਼ਰਾ ਹੈ। ਏਹ ਤੱਥ ਉਨ੍ਹਾਂ ਨੂੰ *ਯਹੂਦੀ* ਬਣਾਉਂਦੇ ਅਤੇ ਪਰਮੇਸ਼ੁਰ ਦੀਆਂ ਨਜ਼ਰਾਂ ਦੇ ਵਿੱਚ *ਖਾਸ* ਬਣਾਉਂਦੇ ਸਨ। ਉਨ੍ਹਾਂ ਨੇ ਧਰਮੀ ਠਹਿਰਾਏ ਜਾਣ ਦੇ ਲਈ ਸੁੰਨਤ ਅਤੇ ਸ਼ਰਾ ਤੇ ਆਸਰਾ ਰੱਖਿਆ (ਵੇਖੋ ਰਸੂਲਾਂ ਦੇ ਕਰਤੱਬ 15:1)। ਅਧਿਆਇ 2 ਵਿੱਚ, ਪਹਿਲਾਂ ਪੌਲੁਸ ਨੇ ਸ਼ਰਾ ਦੇ ਬਾਰੇ (2:17-24) ਅਤੇ ਫਿਰ ਸੁੰਨਤ ਦੇ ਬਾਰੇ (2:25-29) ਵਿਚਾਰ-ਵਟਾਂਦਰਾ ਕੀਤਾ। ਅਧਿਆਇ 4 ਵਿੱਚ, ਜਦੋਂ ਉਸ ਨੇ ਲਗਾਤਾਰ ਪਰਮੇਸ਼ੁਰ ਦੇ ਅਨੋਖੇ ਲੇਖਾ ਪ੍ਰਬੰਧ ਦੇ ਬਾਰੇ ਗੱਲਬਾਤ ਨੂੰ ਜਾਰੀ ਰੱਖਿਆ ਤਾਂ ਉਸ ਨੇ ਫਿਰ ਇਨ੍ਹਾਂ ਦੋਹਾਂ ਪਹਿਲੂਆਂ ਤੇ ਚਰਚਾ ਕੀਤੀ—ਉਲਟੇ ਕ੍ਰਮ ਵਿੱਚ (4:9-12, 13-15)।

**ਆਇਤ 9.** ਪੌਲੁਸ ਪੁੱਛਦਾ ਹੈ, **ਉਪਰੰਤ ਇਹ ਧੰਨ ਹੋਣਾ, ਕੀ ਸੁੰਨਤੀਆਂ ਦੇ ਲਈ, ਅਥਵਾ ਅਸੁੰਨਤੀਆਂ ਦੇ ਲਈ ਵੀ ਹੈ?**[16] ਦੂਜੇ ਸ਼ਬਦਾਂ ਵਿੱਚ, ਕੀ ਸਿਰਫ ਯਹੂਦੀ ਹੀ ਪਾਪਾਂ

ਦੀ ਮਾਫ਼ੀ ਪ੍ਰਾਪਤ ਕਰਨਗੇ, ਜਾਂ ਪਰਾਈਆਂ ਕੌਮਾਂ ਵੀ ਮਾਫ਼ ਕੀਤੀਆਂ ਜਾਣਗੀਆਂ? ਜ਼ਿਆਦਾਤਰ ਯਹੂਦੀਆਂ ਦੀ ਇਹ ਪ੍ਰਤਿਕ੍ਰਿਆ ਹੋਵੇਗੀ, "ਅਜਿਹੀਆਂ ਬਰਕਤਾਂ ਸਿਰਫ ਯਹੂਦੀਆਂ ਦੇ ਲਈ ਹਨ!" ਫਿਰ ਵੀ, ਪੌਲੁਸ ਸਾਬਤ ਕਰਨ ਵਾਲਾ ਸੀ ਕਿ ਪਰਮੇਸ਼ੁਰ ਦੀ ਕਿਰਪਾ ਦੇ ਪ੍ਰਬੰਧ *ਸਭਨਾਂ* ਦੇ ਲਈ ਹਨ।

ਪੌਲੁਸ ਨੇ ਪਹਿਲਾਂ ਆਪਣੇ ਪਾਠਕਾਂ ਨੂੰ ਆਪਣਾ ਸਬੂਤ ਵਾਲੀ ਲਿਖਤ ਯਾਦ ਕਰਵਾਈ (ਉਤਪਤ 15:6): **ਕਿਉਂ ਜੋ ਅਸੀਂ ਆਖਦੇ ਹਾਂ ਭਈ "ਅਬਰਾਹਾਮ ਦੇ ਲਈ ਉਹ ਦੀ ਨਿਹਚਾ ਧਰਮ ਗਿਣੀ** [*ਲੋਗੀਜ਼ੋਮਾਈ*] **ਗਈ ਸੀ।"**

**ਆਇਤ 10.** ਉਹ ਫਿਰ ਪੁੱਛਦਾ ਹੈ, **ਫੇਰ ਕਿਹੜੇ ਹਾਲ ਵਿੱਚ ਗਿਣੀ** [*ਲੋਗੀਜ਼ੋਮਾਈ*] **ਗਈ ਸੀ? ਜਦੋਂ ਸੁੰਨਤੀ ਸੀ ਅਥਵਾ ਅਸੁੰਨਤੀ ਸੀ?** ਇਸ ਸਵਾਲ ਵਿੱਚ ਓਹ ਹਾਲਾਤ ਸ਼ਾਮਲ ਹਨ ਜਿਨ੍ਹਾਂ ਵਿੱਚ ਅਬਰਾਹਾਮ ਉਸ ਸਮੇਂ ਜੀਉਂਦਾ ਸੀ ਜਦੋਂ ਉਸ ਦਾ ਨਿਹਚਾ ਕਰਨਾ ਧਾਰਮਿਕਤਾ ਗਿਣਿਆ ਗਿਆ ਸੀ। ਇਹ ਇੱਕ ਸਵਾਲ ਹੈ ਜਿਸ ਦੇ ਵਿਸ਼ੇ ਵਿੱਚ ਯਹੂਦੀਆਂ ਨੇ ਸ਼ਾਇਦ ਕਦੀ ਵੀ ਵਿਚਾਰ ਨਹੀਂ ਕੀਤਾ ਹੋਵੇਗਾ।

ਪੌਲੁਸ ਨੇ ਆਪਣੇ ਹੀ ਸਵਾਲ ਦਾ ਉੱਤਰ ਦਿੱਤਾ: **ਸੁੰਨਤ ਦੇ ਹਾਲ ਵਿੱਚ ਤਾਂ ਨਹੀਂ**, **ਸਗੋਂ ਅਸੁੰਨਤ ਦੇ ਹਾਲ ਵਿੱਚ।** ਅਬਰਾਹਾਮ ਦੇ ਨਿਹਚਾ ਨਾਲ ਧਰਮੀ ਠਹਿਰਾਏ ਜਾਣ ਦਾ ਬਿਆਨ ਉਤਪਤ 15 ਅਧਿਆਇ ਵਿੱਚ ਹੈ, ਜਦ ਕਿ ਸੁੰਨਤ ਦੀ ਰੀਤ ਨੂੰ ਮੰਨਣਾ ਉਤਪਤ 17 ਅਧਿਆਇ ਵਿੱਚ ਹੈ—ਘੱਟੋ ਘੱਟ 14 ਸਾਲ ਬਾਅਦ।[17] ਇੱਕ ਭਾਵ ਵਿੱਚ ਯਹੂਦੀ ਪੁਰਸ਼ ਵਿਸ਼ਵਾਸ ਕਰਦੇ ਸਨ ਕਿ ਸੁੰਨਤ ਉਨ੍ਹਾਂ ਨੂੰ "ਯਹੂਦੀ" ਬਣਾਉਂਦੀ ਹੈ; ਓਹ ਯਹੂਦੀਆਂ ਦਾ ਜ਼ਿਕਰ "ਸੁੰਨਤੀਆਂ" ਵਜੋਂ ਅਤੇ ਪਰਾਈਆਂ ਕੌਮਾਂ ਦਾ ਜ਼ਿਕਰ "ਅਸੁੰਨਤੀਆਂ" ਵਜੋਂ ਕਰਦੇ ਸਨ। ਇਸ ਤਰ੍ਹਾਂ, ਉਨ੍ਹਾਂ ਦੇ ਤਰਕ ਦੇ ਦੁਆਰਾ "ਇੱਕ ਯਹੂਦੀ" ਹੋਣ ਤੋਂ ਪਹਿਲਾਂ ਅਬਰਾਹਾਮ ਨਿਹਚਾ ਦੇ ਨਾਲ ਧਰਮੀ ਠਹਿਰਾਇਆ ਗਿਆ ਸੀ—ਜਦੋਂ ਉਹ ਅਜੇ "ਇੱਕ ਗੈਰ-ਯਹੂਦੀ" ਹੀ ਸੀ!

**ਆਇਤ 11.** ਇਹ ਇੱਕ ਹੋਰ ਸਵਾਲ ਖੜ੍ਹਾ ਕਰ ਦਿੰਦਾ ਹੈ: ਤਾਂ ਫਿਰ ਕਿਉਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਅਤੇ ਉਸ ਦੇ ਪਰਿਵਾਰ ਦੇ ਹੋਰਨਾਂ ਪੁਰਸ਼ਾਂ ਨੂੰ ਸੁੰਨਤ ਕਰਵਾਉਣ ਦਾ ਹੁਕਮ ਦਿੱਤਾ ਸੀ? ਜੇਕਰ ਇਸ ਰਸਮ ਦਾ ਮਕਸਦ ਬਚਾਉਣਾ ਨਹੀਂ ਸੀ ਤਾਂ ਇਸ ਦਾ ਮਕਸਦ ਕੀ ਸੀ? ਪੌਲੁਸ ਨੇ ਆਪਣੀ ਗੱਲ ਨੂੰ ਜਾਰੀ ਰੱਖਿਆ, **ਅਤੇ** [ਅਬਰਾਹਾਮ] **ਨੇ ਸੁੰਨਤ ਦੀ ਨਿਸ਼ਾਨੀ** [σημεῖον, *ਸੀਮੀਓਨ*] **ਪਾਈ ਭਈ ਇਹ ਉਸ ਧਰਮ ਦੀ ਮੋਹਰ** [σφραγίς, *ਸਫਰਗਿਸ*] **ਹੋਵੇ ਜਿਹੜਾ ਅਸੁੰਨਤ ਦੇ ਹਾਲ ਵਿੱਚ ਉਹ ਦੀ ਨਿਹਚਾ ਤੋਂ ਹੋਇਆ ਸੀ।** ਰਸਮ ਦੇ ਸ਼ੁਰੂ ਵਿੱਚ, ਪਰਮੇਸ਼ੁਰ ਨੇ ਅਬਰਾਹਾਮ ਨੂੰ ਕਿਹਾ, "ਅਤੇ ਤੁਸੀਂ . . . ਸੁੰਨਤ ਕਰਾਓ ਅਤੇ ਇਹ ਮੇਰੇ ਅਰ ਤੁਹਾਡੇ ਵਿੱਚ ਉਸ ਨੇਮ ਦਾ *ਨਿਸ਼ਾਨ* [*ਸੀਮੀਓਨ*; LXX] ਹੋਵੇਗਾ" (ਉਤਪਤ 17:11; ਜ਼ੋਰ ਦਿੱਤਾ ਗਿਆ ਹੈ)। ਯਹੂਦੀਆਂ ਨੂੰ ਸੁੰਨਤ ਉਨ੍ਹਾਂ ਦੇ ਬਚਾਉਣ ਦੇ ਲਈ ਨਹੀਂ ਦਿੱਤੀ ਗਈ ਸੀ, ਪਰ ਇੱਕ "ਨਿਸ਼ਾਨ" ਅਤੇ ਇੱਕ "ਮੋਹਰ" ਦੇ ਰੂਪ ਵਿੱਚ ਦਿੱਤੀ ਗਈ ਸੀ: "ਉਨ੍ਹਾਂ ਦੀ ਪਛਾਣ ਦਾ ਇੱਕ *ਚਿੰਨ੍ਹ*" ਅਤੇ "ਇੱਕ *ਮੋਹਰ* ਉਨ੍ਹਾਂ ਨੂੰ ਪ੍ਰਮਾਣਿਤ ਕਰਨ ਦੇ ਲਈ।"[18]

ਇੱਥੇ ਪਹੁੰਚ ਕੇ, ਬਹੁਤ ਸਾਰੇ ਲੋਕ ਪੱਖਪਾਤੀ ਟਿੱਪਣੀਆਂ ਜੋੜਦੇ ਹਨ, "ਇਸੇ ਤਰ੍ਹਾਂ ਹੀ ਬਪਤਿਸਮੇ ਬਾਰੇ ਹੈ। ਇਸ ਦਾ ਸਾਡੀ ਮੁਕਤੀ ਨਾਲ ਕੋਈ ਸੰਬੰਧ ਨਹੀਂ ਹੈ, ਪਰ ਇਹ ਸਿਰਫ ਇੱਕ ਨਿਸ਼ਾਨ ਅਤੇ ਸਾਡੀ ਧਾਰਮਿਕਤਾ ਦੀ ਮੋਹਰ ਹੈ।" ਓਹ ਇਸ ਤੱਥ ਦੇ ਬਾਵਜੂਦ ਉਪਰੋਕਤ ਠੋਸ ਦਾਅਵਾ ਕਰਦੇ ਹਨ ਕਿ ਸਾਡੇ ਕੋਲ ਕੋਈ ਅਜਿਹਾ ਸੰਕੇਤ ਨਹੀਂ ਹੈ ਕਿ ਪੌਲੁਸ ਦਾ ਇਰਾਦਾ

ਕੋਈ ਇਹੋ ਜਿਹੀ ਪ੍ਰਾਸੰਗਿਕਤਾ ਦੇਣ ਦਾ ਸੀ। ਇੱਕ ਪੱਖਪਾਤੀ ਟੀਕਾਕਾਰ ਨੂੰ ਇਹ ਸਵੀਕਾਰ ਕਰਨਾ ਪਿਆ, "ਇਹ ਸੰਭਾਵਨਾ ਬਹੁਤ ਹੀ ਘੱਟ ਹੈ ਕਿ ਰੋਮੀਆਂ 4 ਅਧਿਆਇ ਵਿੱਚ ਬਪਤਿਸਮੇ ਦੇ ਨਾਲ ਸੰਬੰਧਤ ਕੁਝ ਹੈ।"[19] ਪੌਲੁਸ ਨੇ ਪਵਿੱਤਰ ਆਤਮਾ ਦੇ ਵਰਦਾਨ ਦਾ ਵਰਣਨ ਕੀਤਾ (ਜੋ ਅਸੀਂ ਬਪਤਿਸਮੇ ਦੇ ਸਮੇਂ ਪ੍ਰਾਪਤ ਕਰਦੇ ਹਾਂ; ਰਸੂਲਾਂ ਦੇ ਕਰਤੱਬ 2:38) ਇੱਕ "ਮੋਹਰ" ਦੇ ਰੂਪ ਵਿੱਚ (ਅਫ. 1:13, 14)। (ਬਪਤਿਸਮੇ ਦੇ ਮਕਸਦ ਲਈ, 6:3, 4 ਤੇ ਟਿੱਪਣੀਆਂ ਵੇਖੋ)।

ਪੌਲੁਸ ਨੇ ਸਿੱਟਾ ਕੱਢਿਆ ਕਿ ਅਬਰਾਹਾਮ ਸੁੰਨਤ ਕੀਤੇ ਜਾਣ ਤੋਂ ਪਹਿਲਾਂ ਨਿਹਚਾ ਨਾਲ ਧਰਮੀ ਠਹਿਰਾਇਆ ਗਿਆ ਸੀ, **ਤਾਂ ਜੋ ਉਨ੍ਹਾਂ ਸਭਨਾਂ ਦਾ ਪਿਤਾ ਹੋਵੇ ਜਿਹੜੇ ਨਿਹਚਾ ਕਰਦੇ ਹਨ ਭਾਵੇਂ ਅਸੁੰਨਤੀ ਹੋਣ।** ਪੌਲੁਸ ਨੇ ਟਿੱਪਣੀ ਕੀਤੀ ਸੀ ਕਿ ਅਬਰਾਹਾਮ ਯਹੂਦੀਆਂ ਦਾ ਸਰੀਰਕ "ਪਿਤਾ" (*ਪਰੋਪੇਟਰ*) ਸੀ (4:1); ਹੁਣ ਉਹ ਨੇ ਐਲਾਨ ਕੀਤਾ ਕਿ ਉਹ ਪਰਾਈਆਂ ਕੌਮਾਂ ਦਾ ਆਤਮਿਕ "ਪਿਤਾ" (*ਪੇਟਰ*) ਸੀ ਜਿਨ੍ਹਾਂ ਦੀ ਨਿਹਚਾ ਯਿਸੂ ਉੱਤੇ ਸੀ। ਜੇਕਰ ਪਰਾਈਆਂ ਕੌਮਾਂ ਨਿਹਚਾ ਕਰਦੀਆਂ ਸਨ ਤਾਂ **ਧਾਰਮਿਕਤਾ** (ਪਰਮੇਸ਼ੁਰ ਦੇ ਨਾਲ ਸਹੀ ਹੋਣਾ) ਉਨ੍ਹਾਂ ਦੇ ਲੇਖੇ **ਗਿਣੀ** [*ਲੋਗੀਜ਼ੋਮਾਈ*] **ਜਾਵੇਗੀ**, ਜਿਵੇਂ ਕਿ ਇਹ ਅਬਰਾਹਾਮ ਲਈ ਗਿਣੀ ਗਈ। AB ਅਨੁਵਾਦ ਕਹਿੰਦਾ ਹੈ ਕਿ ਇਹ ਉਨ੍ਹਾਂ ਦੇ "ਲੇਖੇ ਗਿਣੀ ਜਾਵੇਗੀ।" ਪਰਮੇਸ਼ੁਰ ਦਾ ਅਦਭੁਤ ਲੇਖਾ ਪ੍ਰਬੰਧ ਸਭਨਾਂ ਦੇ ਲਈ ਉਪਲਬਧ ਹੈ!

**ਆਇਤ 12.** ਕੀ ਇਸ ਨੇ ਯਹੂਦੀਆਂ ਨੂੰ ਬਾਹਰ ਛੱਡ ਦਿੱਤਾ ਹੈ? ਨਹੀਂ, ਅਬਰਾਹਾਮ ਹੁਣ ਵੀ ਸੁੰਨਤ ਵਾਲਿਆਂ ਦਾ **ਪਿਤਾ** (*ਪੇਟਰ*) ਹੈ। ਜਦ ਕਿ, ਯਹੂਦੀਆਂ ਨੂੰ ਇਹ ਵੀ ਜਾਣਨ ਦੀ ਲੋੜ ਸੀ ਕਿ ਅਬਰਾਹਾਮ **ਨਾ [ਉਨ੍ਹਾਂ] ਦਾ ਜੋ *ਨਿਰੇ* ਸੁੰਨਤੀ ਹਨ ਸਗੋਂ ਓਹਨਾਂ ਦਾ *[ਵੀ]* ਜੋ ਸਾਡੇ ਪਿਤਾ ਅਬਰਾਹਾਮ ਦੀ . . . ਨਿਹਚਾ ਦੀ ਚਾਲ ਚੱਲਦੇ ਹਨ** ਪਿਤਾ ਹੈ (ਜ਼ੋਰ ਦਿੱਤਾ ਗਿਆ ਹੈ)। ਯਿਸੂ ਨੇ ਆਪਣੇ ਆਲੋਚਕਾਂ ਨੂੰ ਕਿਹਾ, "ਜੇ ਤੁਸੀਂ [ਸੱਚਮੁੱਚ] ਅਬਰਾਹਾਮ ਦੀ ਉਲਾਦ ਹੁੰਦੇ ਤਾਂ ਅਬਰਾਹਾਮ ਜਿਹੇ ਕੰਮ ਕਰਦੇ" (ਯੂਹੰਨਾ 8:39; NIV)। ਖਾਸ ਤੌਰ ਤੇ, ਉਨ੍ਹਾਂ ਦੇ ਵਿੱਚ ਉਹੋ ਜਿਹੀ *ਨਿਹਚਾ* ਹੋਣ ਦੀ ਲੋੜ ਸੀ ਜੋ ਅਬਰਾਹਾਮ ਦੇ ਅੰਦਰ ਸੀ ਜਦੋਂ [ਉਹ ਅਜੇ] ਅਸੁੰਨਤੀ ਸੀ।

ਪੌਲੁਸ ਦਾ ਪਹਿਲਾ ਸਬੂਤ ਕਿ ਅਬਰਾਹਾਮ "ਉਨ੍ਹਾਂ ਸਭਨਾਂ ਦਾ ਪਿਤਾ ਹੈ ਜੋ ਨਿਹਚਾ ਕਰਦੇ ਹਨ" (4:11) ਇਹ ਸੀ ਕਿ, ਇੱਕ ਭਾਵ ਵਿੱਚ, ਉਹ "ਯਹੂਦੀ ਬਣਨ" ਤੋਂ ਕਈ ਸਾਲ ਪਹਿਲਾਂ ਹੀ ਨਿਹਚਾ ਨਾਲ ਧਰਮੀ ਠਹਿਰਾਇਆ ਗਿਆ ਸੀ। ਇਸ ਲਈ ਧਾਰਮਿਕਤਾ ਨਿਹਚਾ ਦੇ ਦੁਆਰਾ ਹੈ ਨਾ ਕਿ ਸਰੀਰ ਦੇ ਦੁਆਰਾ।[20] ਇਹ ਬਹੁਤ ਸਾਰੇ ਯਹੂਦੀਆਂ ਦੇ ਲਈ ਬਹੁਤ ਹੈਰਾਨ ਕਰ ਦੇਣ ਵਾਲਾ ਲੱਗਦਾ ਹੋਵੇਗਾ ਕਿ ਪਰਮੇਸ਼ੁਰ *ਇੱਕ ਅਸੁੰਨਤੀ ਵਿਸ਼ਵਾਸੀ* ਨੂੰ ਕਬੂਲ ਕਰ ਲਵੇਗਾ ਪਰ *ਇੱਕ ਸੁੰਨਤੀ ਵਿਸ਼ਵਾਸੀ* ਨੂੰ ਰੱਦ ਕਰ ਦੇਵੇਗਾ! ਇਹ ਸਿਧਾਂਤ ਅੱਜ ਵੀ ਕਾਇਮ ਹੈ। ਪਰਮੇਸ਼ੁਰ ਅੱਜ ਵੀ ਉਨ੍ਹਾਂ ਨੂੰ ਕਬੂਲ ਕਰਦਾ ਹੈ ਜੋ "ਸਾਡੇ ਪਿਤਾ ਅਬਰਾਹਾਮ ਦੀ ਨਿਹਚਾ ਦੀ ਚਾਲ ਚੱਲਦੇ ਹਨ।"

## ਵਾਅਦਾ ਨਿਹਚਾ ਦੇ ਦੁਆਰਾ ਕੀਤਾ ਗਿਆ ਸੀ, ਨਾ ਕਿ ਸ਼ਰਾ ਦੇ ਦੁਆਰਾ (4:13-15)

**13ਕਿਉਂ ਜੋ ਉਹ ਬਚਨ ਭਈ ਤੂੰ ਜਗਤ ਦਾ ਅਧਕਾਰੀ ਹੋਵੇਂਗਾ ਅਬਰਾਹਾਮ ਅਥਵਾ**

**ਉਹ ਦੀ ਅੰਸ ਨਾਲ ਸ਼ਰਾ ਦੇ ਰਾਹੀਂ ਨਹੀਂ ਸੀ ਹੋਇਆ ਸਗੋਂ ਉਸ ਧਰਮ ਦੇ ਰਾਹੀਂ ਜਿਹੜਾ ਨਿਹਚਾ ਤੋਂ ਹੁੰਦਾ ਹੈ। [14]ਪਰ ਜੇ ਸ਼ਰਾ ਵਾਲੇ ਅਧਕਾਰੀ ਹਨ ਤਾਂ ਨਿਹਚਾ ਨਿਸਫਲ ਅਤੇ ਉਹ ਕਰਾਰ ਅਕਾਰਥ ਹੋਇਆ। [15]ਕਿਉਂ ਜੋ ਸ਼ਰਾ ਕ੍ਰੋਧ ਦਾ ਕਾਰਨ ਹੁੰਦੀ ਹੈ ਪਰ ਜਿੱਥੇ ਸ਼ਰਾ ਨਹੀਂ ਉੱਥੇ ਉਲੰਘਣ ਵੀ ਨਹੀਂ।**

ਪੌਲੁਸ ਆਪਣਾ ਧਿਆਨ ਦੂਜੀ ਗੱਲ ਵੱਲ ਮੋੜਦਾ ਹੈ ਜੋ ਯਹੂਦੀਆਂ ਨੂੰ ਦੂਜਿਆਂ ਤੋਂ ਵੱਖਰਾ ਕਰਦੀ ਹੈ: ਐਫ. ਐਫ. ਬਰੂਸ ਦੇ ਅਨੁਸਾਰ, ਪੌਲੁਸ ਇਹ ਕਹਿ ਰਿਹਾ ਸੀ ਕਿ "ਜੇਕਰ ਪਰਮੇਸ਼ੁਰ ਦੁਆਰਾ ਅਬਰਾਹਾਮ ਦੇ ਧਰਮੀ ਠਹਿਰਾਏ ਜਾਣ ਦੇ ਨਾਲ ਸੁੰਨਤ ਦਾ ਕੋਈ ਸੰਬੰਧ ਨਹੀਂ ਹੈ, . . . ਤਾਂ ਸ਼ਰਾ ਦਾ ਵੀ ਉਸ ਦੇ ਨਾਲ ਕੋਈ ਸੰਬੰਧ ਹੈ।"[21]

**ਆਇਤ 13.** ਪੌਲੁਸ ਨੇ ਪਹਿਲਾਂ ਇਹ ਹਵਾਲਾ ਦਿੱਤਾ ਕਿ **ਉਹ ਬਚਨ ਭਈ ਤੂੰ ਜਗਤ ਦਾ ਅਧਕਾਰੀ ਹੋਵੇਂਗਾ ਅਬਰਾਹਾਮ ਅਥਵਾ ਉਹ ਦੀ ਅੰਸ**[22] **ਨਾਲ।** ਅਨੁਵਾਦ ਕੀਤਾ ਗਿਆ ਯੂਨਾਨੀ ਸ਼ਬਦ "ਬਚਨ" (ἐπαγγελία, *ਅਪੈਨਗਲੀਆ*) 4:13-21 ਵਿੱਚ ਇੱਕ ਮੁੱਖ ਸ਼ਬਦ ਹੈ। ਇਹ ਨਾਂਵ ਚਾਰ ਵਾਰ ਮਿਲਦਾ ਹੈ (4:13, 14, 16, 20), ਜਦ ਕਿ ਸੰਬੰਧਤ ਕਿਰਿਆ ἐπαγγέλλω (*ਅਪੈਨਗਲੋ*) ਇੱਕ ਵਾਰ ਮਿਲਦੀ ਹੈ (4:21)। ਏਹ ਸਾਰੀਆਂ ਘਟਨਾਵਾਂ "ਇਸ ਬਚਨ" ਬਾਰੇ ਦੱਸਦੀਆਂ ਹਨ ਕਿ ਅਬਰਾਹਾਮ ਅਤੇ ਉਸ ਦੀ ਅੰਸ "ਧਰਤੀ ਦੇ ਅਧਕਾਰੀ ਹੋਣਗੇ।" ਅਧਿਆਇ ਦੇ ਅੰਤ ਵਿੱਚ, ਅਸੀਂ ਇਸ ਦਾ "ਇੱਕ ਕਰਾਰ" ਦੇ ਰੂਪ ਵਿੱਚ ਜ਼ਿਕਰ ਕਰਾਂਗੇ।

ਉਤਪਤ ਵਿੱਚ ਅਬਰਾਹਾਮ ਨੂੰ ਕੋਈ ਖਾਸ ਵਾਅਦਾ ਨਹੀਂ ਸੀ ਦਿੱਤਾ ਗਿਆ ਕਿ "ਉਹ ਜਗਤ ਦਾ ਅਧਕਾਰੀ ਹੋਵੇਗਾ,"[23] ਇਸ ਲਈ ਹੋ ਸਕਦਾ ਹੈ ਕਿ ਇਹ ਉਨ੍ਹਾਂ ਬਹੁਤ ਸਾਰੇ ਵਾਅਦਿਆਂ ਦਾ ਖੁਲਾਸਾ ਕਰਨ ਦਾ ਪੌਲੁਸ ਦਾ ਆਪਣਾ ਕੋਈ ਤਰੀਕਾ ਹੋਵੇ। ਸ਼ਾਇਦ ਇਨ੍ਹਾਂ ਵਿੱਚੋਂ ਇੱਕ ਰਸੂਲ ਦੇ ਮਨ ਵਿੱਚ ਸਭ ਤੋਂ ਉੱਪਰ ਹੋਵੇ: "ਅਤੇ ਤੇਰੀ ਅੰਸ ਵਿੱਚ ਧਰਤੀ ਦੀਆਂ *ਸਾਰੀਆਂ ਕੌਮਾਂ* ਬਰਕਤ ਪਾਉਣਗੀਆਂ" (ਉਤਪਤ 22:18; ਜ਼ੋਰ ਦਿੱਤਾ ਗਿਆ ਹੈ; ਵੇਖੋ 12:3)। ਕਿਤੇ ਹੋਰ, ਪੌਲੁਸ ਨੇ ਇਹ ਸੰਕੇਤ ਦਿੱਤਾ ਹੈ ਕਿ ਇਹ ਮਸੀਹ ਨਾਲ ਸੰਬੰਧਤ ਵਾਅਦਾ ਹੈ: "ਹੁਣ ਵਾਅਦੇ ਅਬਰਾਹਾਮ ਅਤੇ ਉਸ ਦੀ ਅੰਸ ਦੇ ਨਾਲ ਕੀਤੇ ਗਏ। ਉਹ ਇਹ ਨਹੀਂ ਕਹਿੰਦਾ, 'ਅੰਸਾਂ ਨੂੰ,' ਜਿਵੇਂ ਬਾਹਲਿਆਂ ਦੇ ਵਿਸ਼ੇ ਵਿੱਚ ਦੱਸ ਰਿਹਾ ਹੋਵੇ, ਬਲਕਿ ਇੱਕ ਦੇ ਲਈ ਕਹਿੰਦਾ ਹੈ, 'ਤੇਰੀ ਅੰਸ ਨੂੰ,' ਸੋ ਉਹ ਮਸੀਹ ਹੈ" (ਗਲਾਤੀਆਂ 3:16)।

ਮਸੀਹ ਦੇ ਦੁਆਰਾ, ਅਬਰਾਹਾਮ ਦੇ ਆਤਮਿਕ ਬੱਚੇ "ਜਗਤ ਦੇ ਅਧਕਾਰੀ" ਹੋਣਗੇ (ਵੇਖੋ ਮੱਤੀ 5:5)। ਜਦੋਂ ਪੌਲੁਸ ਨੇ ਕੁਰਿੰਥੁਸ ਦੀ ਕਲੀਸਿਆ ਨੂੰ ਲਿਖਿਆ ਤਾਂ ਉਸ ਨੇ ਕਿਹਾ ਸੀ, "ਕਿਉਂ ਜੋ ਸਾਰੀਆਂ ਵਸਤਾਂ ਤੁਹਾਡੀਆਂ ਹਨ, ਕੀ . . . ਦੁਨੀਆ, ਕੀ ਜੀਵਨ, ਕੀ ਮੌਤ, ਕੀ ਵਰਤਮਾਨ ਵਸਤਾਂ, ਕੀ ਹੋਣ ਵਾਲੀਆਂ ਵਸਤਾਂ, ਸੱਭੇ ਤੁਹਾਡੀਆਂ ਹਨ" (1 ਕੁਰਿੰਥੀਆਂ 3:21, 22)। ਹਰ ਚੀਜ਼ ਪਰਮੇਸ਼ੁਰ ਦੀ ਹੈ ਅਤੇ ਅਸੀਂ ਉਸ ਦੇ ਬੱਚੇ ਹਾਂ, ਇਸ ਅਰਥ ਵਿੱਚ ਹਰ ਚੀਜ਼ "ਸਾਡੀ" ਹੈ। ਪਰਮੇਸ਼ੁਰ ਆਪਣੇ ਬੱਚਿਆਂ ਦਾ ਧਿਆਨ ਰੱਖਦਾ ਹੈ ਅਤੇ ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਸਾਡੇ ਕੋਲ ਉਹ ਸਭ ਕੁਝ ਹੋਵੇ ਜਿਸ ਦੀ ਸਾਨੂੰ ਲੋੜ ਹੈ (ਮੱਤੀ 6:25-33)।

ਪਰਮੇਸ਼ੁਰ ਨੇ ਅਬਰਾਹਾਮ ਅਤੇ ਉਸ ਦੀ ਅੰਸ ਦੇ ਨਾਲ ਵਾਅਦਾ ਕੀਤਾ, ਪਰ ਇਹ ਇਸ ਲਈ ਨਹੀਂ ਸੀ ਕਿਉਂਕਿ ਉਸ ਨੂੰ ਮੂਸਾ ਦੀ ਸ਼ਰਾ ਦਿੱਤੀ ਗਈ ਸੀ।[24] ਪੌਲੁਸ ਕਹਿੰਦਾ ਹੈ ਕਿ **ਇਹ ਸ਼ਰਾ ਦੇ ਰਾਹੀਂ ਨਹੀਂ ਸੀ**: ਇਹ ਸ਼ਰਾ ਦੇ ਦੁਆਰਾ ਨਹੀਂ ਹੋ ਸਕਦਾ ਸੀ ਕਿਉਂਕਿ ਸ਼ਰਾ

ਮੂਸਾ ਦੇ ਰਾਹੀਂ ਘੱਟੋ-ਘੱਟ "ਚਾਰ ਸੌ ਤੀਹ ਸਾਲ ਬਾਅਦ" ਦਿੱਤੀ ਗਈ ਸੀ (ਗਲਾਤੀਆਂ 3:17)। ਬਲਕਿ, ਪੌਲੁਸ ਕਹਿੰਦਾ ਹੈ ਉਹ ਬਚਨ **ਧਰਮ ਦੇ ਰਾਹੀਂ ਨਿਹਚਾ ਤੋਂ ਹੈ**।

ਇਹ ਤੱਥ ਕਿ ਮੂਸਾ ਦੀ ਸ਼ਰਾ ਸਦੀਆਂ ਪਿੱਛੋਂ ਦਿੱਤੀ ਗਈ ਸੀ ਇਸ ਗੱਲ ਦਾ ਉਚਿਤ ਸਬੂਤ ਹੈ ਕਿ ਵਾਅਦੇ ਦੇ ਨਾਲ ਸ਼ਰਾ ਦਾ ਕੋਈ ਵੀ ਸੰਬੰਧ ਨਹੀਂ ਸੀ। ਭਾਵੇਂ ਕਿ ਪੌਲੁਸ ਨੇ ਉਸ ਨੂੰ ਇਸੇ ਤੇ ਹੀ ਛੱਡ ਨਹੀਂ ਦਿੱਤਾ ਸੀ। ਉਸ ਨੇ ਇਸ ਮੌਕੇ ਦੀ ਵਰਤੋਂ ਸ਼ਰਾ/ਕੰਮਾਂ ਅਤੇ ਕਿਰਪਾ/ਨਿਹਚਾ ਪ੍ਰਣਾਲੀਆਂ ਦਰਮਿਆਨ ਤੁਲਨਾ ਕਰਨ ਵਿੱਚ ਕੀਤੀ। ਅਸਲੀ ਲਿਖਤ ਵਿੱਚ, ਆਇਤ 13 ਅਤੇ 14 ਵਿਚ "ਸ਼ਰਾ" (νόμος, *ਨੋਮੋਸ*) ਸ਼ਬਦ ਤੋਂ ਪਹਿਲਾਂ ਕੋਈ ਨਿਸ਼ਚੇਵਾਚਕ ਉਪਪਦ (ਅੰਗ੍ਰੇਜ਼ੀ ਵਿੱਚ "the") ਨਹੀਂ ਹੈ। ਇਹ ਸੰਦਰਭ ਸਾਨੂੰ ਇਹ ਜਾਣਕਾਰੀ ਦਿੰਦਾ ਹੈ ਕਿ ਪੌਲੁਸ ਦੇ ਮਨ ਵਿੱਚ ਮੁੱਖ ਰੂਪ ਵਿੱਚ ਮੂਸਾ ਦੀ ਸ਼ਰਾ ਸੀ, ਪਰ ਨਿਸ਼ਚਤ ਵਿਸ਼ੇ ਦਾ ਨਾ ਹੋਣਾ ਇਹ ਸੰਕੇਤ ਹੈ ਕਿ ਆਮ ਪ੍ਰਾਸੰਗਿਕਤਾ ਦੀ ਵਰਤੋਂ ਕੀਤੀ ਜਾ ਸਕਦਾ ਹੈ। ਜੇਕਰ ਵਾਅਦੇ ਦਾ ਪੂਰਾ ਹੋਣਾ ਸ਼ਰਾ ਦੀ ਪਾਲਨਾ ਕਰਨ ਤੇ ਆਧਾਰਿਤ ਹੁੰਦਾ ਤਾਂ ਵਾਅਦਾ ਸਦਾ ਦੇ ਲਈ ਕਦੀ ਵੀ ਪੂਰਾ ਨਹੀਂ ਸੀ ਹੋਣਾ ਕਿਉਂ ਕਿ ਕੋਈ ਵੀ—ਇੱਥੋਂ ਤੱਕ ਕਿ ਅਬਰਾਹਾਮ ਵੀ—ਪੂਰੇ ਤੌਰ ਤੇ ਸ਼ਰਾ (ਕਿਸੇ ਵੀ ਨਿਯਮ) ਨੂੰ ਪੂਰਾ ਨਹੀਂ ਕਰ ਸਕਿਆ। ਪੌਲੁਸ ਦਾ ਸਿੱਟਾ ਇਹ ਸੀ ਕਿ ਵਾਅਦੇ ਦਾ ਪੂਰਾ ਕੀਤਾ ਜਾਣਾ ਕਿਰਪਾ/ਨਿਹਚਾ ਦੀ ਪ੍ਰਣਾਲੀ ਤੇ ਨਿਰਭਰ ਸੀ: ਇਹ "ਨਿਹਚਾ ਨਾਲ ਧਾਰਮਿਕਤਾ ਦੇ ਦੁਆਰਾ ਸੀ।"

**ਆਇਤ 14.** ਜਦੋਂ ਪੌਲੁਸ ਨੇ ਇਹ ਵਾਕ ਵਰਤਿਆ ਉਹ ਜੋ ਸ਼ਰਾ ਵਾਲੇ ਹਨ, **ਉਸ ਦੇ ਮਨ ਵਿੱਚ ਮੁੱਖ ਰੂਪ ਵਿੱਚ ਯਹੂਦੀ ਸਨ** (ਵੇਖੋ 4:16)। ਫਿਰ ਵੀ, ਆਇਤ 14 ਵਿੱਚ "ਸ਼ਰਾ" ਲਿਖਤ ਦਾ ਇੱਕ ਆਮ ਸ਼ਬਦ ਹੈ, ਹਵਾਲੇ ਵਿੱਚ ਉਹ ਹਰ ਵਿਅਕਤੀ ਸ਼ਾਮਲ ਹੈ ਜੋ ਸ਼ਰਾ/ਕੰਮਾਂ ਦੀ ਪ੍ਰਣਾਲੀ ਤੇ ਭਰੋਸਾ ਕਰਦਾ ਹੈ। ਜੇਕਰ ਵਾਅਦੇ ਨੂੰ ਪ੍ਰਾਪਤ ਕਰਨਾ ਸ਼ਰਾ/ਕੰਮਾਂ ਦੀ ਪ੍ਰਣਾਲੀ ਤੇ ਨਿਰਭਰ ਸੀ, ਤਾਂ ਦੋ ਨਤੀਜੇ ਹੋਣਗੇ।

ਪਹਿਲਾ, **ਨਿਹਚਾ ਨਿਸਫਲ** (κενόω, *ਕੀਨੂ*) ਹੋ ਜਾਵੇਗੀ। ਯੂਨਾਨੀ ਸ਼ਬਦ ਦਾ ਮੂਲ ਰੂਪ ਵਿਚ ਅਰਥ ਹੈ "ਖਾਲੀ ਕਰਨਾ।"[25] AB ਅਨੁਵਾਦ ਵਿੱਚ ਲਿਖਿਆ ਹੈ "ਸਾਰਿਆਂ ਅਰਥਾਂ ਤੋਂ . . . ਖਾਲੀ ਕੀਤਾ।" ਇੱਕ ਸ਼ਰਾ/ਕੰਮ ਪ੍ਰਣਾਲੀ ਅਤੇ ਕਿਰਪਾ/ਨਿਹਚਾ ਵਾਲੀ ਪ੍ਰਣਾਲੀ ਅਸੰਗਤ ਹਨ। ਜੇਕਰ ਸ਼ਰਾ/ਕੰਮਾਂ ਵਾਲੀ ਪ੍ਰਣਾਲੀ ਨੂੰ ਸਥਾਪਿਤ ਕੀਤਾ ਗਿਆ ਹੈ, ਤਾਂ ਕਿਰਪਾ/ਨਿਹਚਾ ਵਾਲੀ ਪ੍ਰਣਾਲੀ ਨੂੰ ਖ਼ਤਮ ਕੀਤਾ ਗਿਆ ਹੈ (ਜਿਸ ਦਾ ਅਰਥ ਹੈ ਕਿ ਅਸੀਂ ਬਰਬਾਦ ਹੋ ਗਏ ਹਾਂ ਕਿਉਂਕਿ ਕੋਈ ਵੀ ਸੰਪੂਰਣ ਤੌਰ ਤੇ ਸ਼ਰਾ ਦਾ ਪਾਲਣ ਨਹੀਂ ਕਰ ਸਕਦਾ)।

ਦੂਜਾ ਨਤੀਜਾ ਇਹ ਹੋਵੇਗਾ ਕਿ **ਕਰਾਰ** ਆਪਣੇ ਆਪ **ਅਕਾਰਥ ਹੋ** ਜਾਵੇਗਾ। "ਅਕਾਰਥ ਹੋਇਆ" ਸ਼ਬਦ ਦਾ ਅਨੁਵਾਦ καταργέω (*ਕਟਾਰਗੀਓ*) ਤੋਂ ਕੀਤਾ ਗਿਆ ਹੈ ਜੋ ਕਿ ਇੱਕ ਸੰਯੁਕਤ ਸ਼ਬਦ ਹੈ ਜੋ κατά (*ਕਾਟਾ*, "ਥੱਲੇ") ਸ਼ਬਦ ਨੂੰ ἀργός (*ਆਰਗੋਸ*, "ਅਕਾਰਥ") ਨਾਲ ਜੋੜਦਾ ਹੈ। ਇਸ ਦਾ ਅਸਲੀ ਅਰਥ "ਅਕਾਰਥ ਕਰ ਦੇਣਾ" ਹੈ।[26] ਬਾਉਰ ਦੇ ਲੈਕਸੀਕਨ ਨੇ ਕਿਰਿਆ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ "ਅਯੋਗ" ਜਾਂ "ਸ਼ਕਤੀਹੀਣ ਕਰਨਾ।"[27] ਅਬਰਾਹਾਮ ਨਾਲ ਇਹ ਕਰਾਰ ਇਸ ਲਈ ਨਹੀਂ ਸੀ ਕੀਤਾ ਗਿਆ ਕਿਉਂਕਿ ਉਸ ਨੇ ਸ਼ਰਾ ਨੂੰ ਪੂਰਾ ਕੀਤਾ ਸੀ, ਪਰ ਇਸ ਲਈ ਕੀਤਾ ਗਿਆ ਸੀ ਕਿਉਂਕਿ ਉਸ ਨੂੰ *ਨਿਹਚਾ* ਸੀ (ਵੇਖੋ ਗਲਾਤੀਆਂ 3:18)। ਪੌਲੁਸ ਕਹਿ ਰਿਹਾ ਸੀ ਕਿ ਜੇਕਰ ਕਰਾਰ ਸ਼ਰਾ ਨੂੰ ਮੰਨਣ ਤੇ ਅਧਾਰਿਤ ਸੀ, ਤਾਂ ਅਸੀਂ (ਜਿਵੇਂ ਕਿ ਇੱਕ ਕਹਾਵਤ ਹੈ) ਕਹਿ ਸਕਦੇ ਹਾਂ "ਇਸ ਬਾਰੇ ਤਾਂ ਭੁੱਲ ਹੀ ਜਾਓ"—ਇਸ ਨੂੰ ਕਦੇ ਵੀ ਪੂਰਿਆਂ ਨਹੀਂ ਕੀਤਾ ਜਾ ਸਕੇਗਾ।

**ਆਇਤ 15.** ਇਸ ਤਰ੍ਹਾਂ ਕਿਉਂ ਹੈ? ਕਿਉਂਕਿ ਪੌਲੁਸ ਨੇ ਕਿਹਾ ਕਿ ਸ਼ਰਾ ਦੀ ਪਾਲਨਾ ਪਰਮੇਸ਼ੁਰ ਦੀਆਂ ਬਰਕਤਾਂ ਲਿਆਉਣ ਦੀ ਬਜਾਇ, **ਸ਼ਰਾ ਕ੍ਰੋਧ** [ὀργή, *ਓਰਗੇ*] **ਦਾ ਕਾਰਨ ਹੁੰਦੀ ਹੈ।** ਇਸ ਆਇਤ ਵਿੱਚ "ਸ਼ਰਾ" ਦੇ ਸਾਹਮਣੇ ਇੱਕ ਨਿਸ਼ਚੇਵਾਚਕ ਉਪਪਦ ਨਹੀਂ ਪਾਇਆ ਜਾਂਦਾ ਹੈ, ਇਸ ਲਈ ਪੌਲੁਸ ਨੇ ਸਿੱਧਾ ਯਹੂਦੀਆਂ ਦਾ ਸਾਹਮਣਾ ਕੀਤਾ ਸੀ ਜੋ ਮੂਸਾ ਦੀ ਸ਼ਰਾ ਨੂੰ, ਸ਼ਰਾ/ਕੰਮਾਂ ਦੀਆਂ ਪ੍ਰਣਾਲੀਆਂ ਦੇ ਨਿਯਮ ਤੋਂ ਇੱਕ ਛੋਟ ਸਮਝ ਸਕਦੇ ਸਨ।

ਜਦੋਂ ਪੌਲੁਸ ਨੇ ਕਿਹਾ ਕਿ "ਸ਼ਰਾ ਕ੍ਰੋਧ ਦਾ ਕਾਰਨ ਹੁੰਦੀ ਹੈ," ਤਾਂ ਉਹ ਇਹ ਨਹੀਂ ਕਹਿ ਰਿਹਾ ਸੀ ਕਿ ਮੂਸਾ ਦੀ ਸ਼ਰਾ ਦਾ ਕੋਈ ਮਹੱਤਵ ਨਹੀਂ ਹੈ (ਵੇਖੋ 7:12); ਆਖ਼ਰਕਾਰ, ਇਹ ਪਰਮੇਸ਼ੁਰ ਦੇ ਦੁਆਰਾ ਦਿੱਤੀ ਗਈ ਸੀ। ਇਸ ਦੀ ਬਜਾਇ ਉਹ ਕਹਿ ਰਿਹਾ ਸੀ ਕਿ ਕਿਉਂਕਿ ਕੋਈ ਵੀ ਸ਼ਰਾ ਦੀ ਪੂਰੀ ਤਰ੍ਹਾਂ ਪਾਲਨਾ ਨਹੀਂ ਕਰ ਸਕਦਾ ਹੈ, ਇਸ ਲਈ ਆਖ਼ਰਕਾਰ ਸ਼ਰਾ ਕ੍ਰੋਧ ਨੂੰ ਜਨਮ ਦੇਵੇਗੀ। ਇਸ ਧਾਰਣਾ ਦੀ ਅਧਿਆਇ 7 ਵਿੱਚ ਪੂਰੀ ਤਰ੍ਹਾਂ ਦੇ ਨਾਲ ਚਰਚਾ ਕੀਤੀ ਜਾਵੇਗੀ। ਕੁਝ ਸਮੇਂ ਦੇ ਲਈ, ਆਓ ਅਸੀਂ ਧਿਆਨ ਦੇਈਏ ਕਿ "ਸ਼ਰਾ ਕ੍ਰੋਧ ਨੂੰ ਲਿਆਉਂਦੀ ਹੈ" ਇਨ੍ਹਾਂ ਤਰੀਕਿਆਂ ਦੇ ਨਾਲ:

ਪਾਪ ਦੀ ਪਰਿਭਾਸ਼ਾ ਦੇਣ ਦੇ ਦੁਆਰਾ, ਇਹ ਪਾਪ ਦੀ ਪਛਾਣ ਕਰਵਾਉਂਦੀ ਹੈ (3:20)।
ਇੱਕ ਭਾਵ ਵਿੱਚ, ਇਹ ਪਾਪ ਨੂੰ ਹੱਲਾਸ਼ੇਰੀ ਦਿੰਦੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿ ਜਦੋਂ ਬੱਚਿਆਂ ਨੂੰ ਕੁਝ ਕਰਨ ਤੋਂ ਮਨ੍ਹਾ ਕੀਤਾ ਜਾਂਦਾ ਹੈ ਤਾਂ ਉਹ ਉਸ ਦੇ ਉਲਟ ਕਰਦੇ ਹਨ (5:20; 7:5)।
ਇਹ ਪਾਪ ਦੀ ਨਿਖੇਧੀ ਕਰਦੀ ਹੈ (ਵੇਖੋ ਬਿਵਸਥਾ ਸਾਰ 28:58, 59)।

ਸ਼ਰਾ ਦੀ ਮੁਸ਼ਕਲ ਇਹ ਹੈ ਕਿ ਇਹ "ਮੁਸ਼ਕਲ ਨੂੰ ਪਛਾਣ ਸਕਦੀ ਹੈ ਪਰ ਉਸ ਦਾ ਕੋਈ ਉਪਾਅ ਨਹੀਂ ਦੇ ਸਕਦੀ।"[28]

ਇਹ ਕਹਿ ਕੇ ਕਿ "ਸ਼ਰਾ ਕ੍ਰੋਧ ਨੂੰ ਲਿਆਉਂਦੀ ਹੈ," ਪੌਲੁਸ ਨੇ ਇੱਕ ਬਿਆਨ ਨੂੰ ਜੋੜਿਆ ਜਿਸ ਨੇ ਪਾਠਕਾਂ ਨੂੰ ਚੱਕਰ ਵਿੱਚ ਪਾ ਦਿੱਤਾ: **ਪਰ ਜਿੱਥੇ ਸ਼ਰਾ ਨਹੀਂ ਉੱਥੇ ਉਲੰਘਣ ਵੀ ਨਹੀਂ।** ਅਨੁਵਾਦ ਕੀਤਾ ਗਿਆ ਸ਼ਬਦ "ਉਲੰਘਣਾ" παράβασις (*ਪੈਰਾਬੇਸਿਸ*) ਹੈ ਜਿਸ ਦਾ ਅਨੁਵਾਦ ਅਕਸਰ "ਅਪਰਾਧ" ਵਜੋਂ ਕੀਤਾ ਜਾਂਦਾ ਹੈ (ਵੇਖੋ ਗਲਾਤੀਆਂ 3:19; 1 ਤਿਮੋਥਿਉਸ 2:14; ਇਬਰਾਨੀਆਂ 2:2; 9:15; NASB)। ਇਹ ਸ਼ਬਦ ਸ਼ਰਾ ਦੀ *ਸਿੱਧੀ ਉਲੰਘਣਾ* ਦਾ ਭਾਵ ਦਿੰਦਾ *ਹੈ।*

ਸ਼ਾਇਦ ਅਸੀਂ ਪੌਲੁਸ ਦੇ ਇਸ ਸ਼ਬਦ-ਇੰਦਰਾਜ ਨੂੰ ਚੰਗੀ ਤਰ੍ਹਾਂ ਦੇ ਨਾਲ ਸਮਝ ਸਕਦੇ ਹਾਂ ਜੇਕਰ ਉਸ ਦੀ ਸੋਚ ਦਾ ਵਿਸਤਾਰ ਕਰਕੇ ਵੇਖੀਏ। ਕਿਉਂਕਿ ਯੂਨਾਨੀ ਲਿਖਤ ਵਿੱਚ ਸ਼ਬਦ "ਸ਼ਰਾ" ਤੋਂ ਪਹਿਲਾਂ ਕੋਈ ਨਿਸ਼ਚੇਵਾਚਕ ਉਪਪਦ ਨਹੀਂ ਹੈ, ਪੌਲੁਸ ਦਾ ਹਵਾਲਾ ਆਮ ਤੌਰ ਤੇ "ਸ਼ਰਾ" ਦੇ ਸੰਬੰਧ ਵਿੱਚ ਇੱਕ ਸਿਧਾਂਤ ਹੈ।

"ਪਰ ਜਿੱਥੇ ਸ਼ਰਾ ਨਹੀਂ . . . ਉੱਥੇ ਉਲੰਘਣ ਵੀ ਨਹੀਂ।" ਇਸ ਤੋਂ ਅਸੀਂ ਸਿੱਟਾ ਕੱਢਦੇ ਹਾਂ ਕਿ ਜਿੱਥੇ ਸ਼ਰਾ ਹੈ, ਉੱਥੇ ਉਲੰਘਣਾ ਹੈ।
ਸਾਰਿਆਂ ਲੋਕਾਂ ਦੇ ਕੋਲ ਲਿਖਤੀ ਜਾਂ ਅਲਿਖਤੀ ਸ਼ਰਾ ਹੁੰਦੀ ਸੀ—ਪਰ ਕਦੀ ਕਿਸੇ ਨੇ ਸ਼ਰਾ ਲਿਖਤੀ ਜਾਂ ਅਲਿਖਤੀ—ਦੀ ਪੂਰੀ ਤਰ੍ਹਾਂ ਪਾਲਨਾ ਨਹੀਂ ਸੀ ਕੀਤੀ। ਆਖ਼ਰਕਾਰ, ਸਾਰੇ ਸ਼ਰਾ ਦੀ ਉਲੰਘਣਾ ਕਰਨ ਵਾਲੇ ਹਨ।

ਇਸੇ ਕਰਕੇ ਸ਼ਰਾ ਸਾਰਿਆਂ ਦੇ ਲਈ "ਕ੍ਰੋਧ" ਲਿਆਉਂਦੀ ਹੈ।

## ਅਬਰਾਹਾਮ, ਸਾਰੇ ਸੱਚੇ ਵਿਸ਼ਵਾਸੀਆਂ ਦਾ ਪਿਤਾ (4:16-25)

**16 ਇਸ ਕਾਰਨ ਉਹ ਨਿਹਚਾ ਤੋਂ ਹੋਇਆ ਭਈ ਕਿਰਪਾ ਦੇ ਅਨੁਸਾਰ ਠਹਿਰੇ ਇਸ
ਲਈ ਜੋ ਕਰਾਰ ਸਾਰੀ ਅੰਸ ਦੇ ਲਈ ਪੱਕਾ ਰਹੇ, ਨਿਰਾ ਉਸ ਅੰਸ ਦੇ ਲਈ ਨਹੀਂ ਜਿਹੜੀ
ਸ਼ਰਾ ਵਾਲੀ ਹੈ ਪਰੰਤੂ ਉਹ ਦੇ ਲਈ ਭੀ ਜਿਹੜੀ ਅਬਰਾਹਾਮ ਜਹੀ ਨਿਹਚਾ ਰੱਖਦੀ ਹੈ
(ਉਹ ਅਸਾਂ ਸਭਨਾਂ ਦਾ ਪਿਤਾ ਹੈ 17 ਜਿਵੇਂ ਲਿਖਿਆ ਹੋਇਆ ਹੈ ਕਿ ਮੈਂ ਤੈਨੂੰ ਬਹੁਤੀਆਂ
ਕੌਮਾਂ ਦਾ ਪਿਤਾ ਠਹਿਰਾਇਆ ਹੈ) ਅਰਥਾਤ ਉਸ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਜਿਹ ਦੀ
ਉਸ ਨੇ ਪਰਤੀਤ ਕੀਤੀ ਜਿਹੜਾ ਮੁਰਦਿਆਂ ਨੂੰ ਜਿਵਾਲਦਾ ਅਤੇ ਓਹਨਾਂ ਅਣਹੋਣੀਆਂ
ਵਸਤਾਂ ਨੂੰ ਇਉਂ ਸੱਦਦਾ ਹੈ ਭਈ ਜਾਣੋ ਓਹ ਸਨਮੁਖ ਹਨ। 18 ਨਿਰਾਸਾ ਵਿੱਚ ਆਸ ਨਾਲ
ਉਸ ਨੇ ਪਰਤੀਤ ਕੀਤੀ ਭਈ ਓਸ ਵਾਕ ਦੇ ਅਨੁਸਾਰ ਕਿ ਤੇਰੀ ਅੰਸ ਇਉਂ ਹੋਵੇਗੀ, ਉਹ
ਬਾਹਲੀਆਂ ਕੌਮਾਂ ਦਾ ਪਿਤਾ ਹੋਵੇ। 19 ਅਤੇ ਨਿਹਚਾ ਵਿੱਚ ਉਹ ਢਿੱਲਾ ਨਾ ਹੋਇਆ ਭਾਵੇਂ
ਉਹ ਸੌ ਕੁ ਵਰਿਹਾਂ ਦਾ ਹੋ ਗਿਆ ਸੀ ਜਦੋਂ ਉਸ ਨੇ ਧਿਆਨ ਕੀਤਾ ਭਈ ਮੇਰੀ ਦੇਹ ਹੁਣ
ਮੁਰਦੇ ਵਰਗੀ ਹੋ ਗਈ ਹੈ ਨਾਲੇ ਸਾਰਾਹ ਦੀ ਕੁੱਖ ਨੂੰ ਸੋਕਾ ਲੱਗ ਗਿਆ ਹੈ। 20 ਪਰੰਤੂ
ਪਰਮੇਸ਼ੁਰ ਦੇ ਬਚਨ ਦੀ ਵੱਲੋਂ ਉਹ ਨੇ ਬੇਪਰਤੀਤ ਨਾਲ ਸੰਕਾ ਨਾ ਕੀਤੀ ਸਗੋਂ ਨਿਹਚਾ
ਵਿੱਚ ਤਕੜਿਆਂ ਹੋ ਕੇ ਉਹ ਨੇ ਪਰਮੇਸ਼ੁਰ ਦੀ ਵਡਿਆਈ ਕੀਤੀ। 21 ਅਤੇ ਉਹ ਨੂੰ ਪੱਕੀ
ਨਿਹਚਾ ਸੀ ਭਈ ਜਿਹ ਦਾ ਉਸ ਨੇ ਬਚਨ ਦਿੱਤਾ ਉਸ ਦੇ ਪੂਰਿਆਂ ਕਰਨ ਨੂੰ ਵੀ ਸਮਰਥ
ਹੈ। 22 ਇਸ ਕਰਕੇ ਇਹ ਉਹ ਦੇ ਲਈ ਧਰਮ ਵੀ ਗਿਣੀ ਗਈ। 23 ਇਹ ਗੱਲ ਭਈ ਉਹ ਦੇ
ਲਈ ਗਿਣੀ ਗਈ ਨਿਰੀ ਓਸੇ ਦੇ ਨਮਿੱਤ ਨਹੀਂ ਲਿਖੀ ਗਈ। 24 ਸਗੋਂ ਸਾਡੇ ਨਮਿੱਤ ਵੀ
ਜਿਨ੍ਹਾਂ ਲਈ ਗਿਣੀ ਜਾਵੇਗੀ ਅਰਥਾਤ ਸਾਡੇ ਲਈ ਜਿਹੜੇ ਓਸ ਉੱਤੇ ਨਿਹਚਾ ਕਰਦੇ ਹਾਂ
ਜਿਹ ਨੇ ਯਿਸੂ ਸਾਡੇ ਪ੍ਰਭੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ। 25 ਜਿਹੜਾ ਸਾਡੇ ਅਪਰਾਧਾਂ
ਦੇ ਕਾਰਨ ਫੜਵਾਇਆ ਗਿਆ ਅਤੇ ਸਾਨੂੰ ਧਰਮੀ ਠਹਿਰਾਉਣ ਲਈ ਜਿਵਾਲਿਆ ਗਿਆ।**

**ਆਇਤ 16.** ਇਹ ਕਹਿੰਦੇ ਹੋਏ ਪੌਲੁਸ ਆਪਣੇ ਪਹਿਲੇ ਸਿੱਟੇ ਤੇ ਕਾਇਮ ਰਿਹਾ, **ਇਸ ਕਾਰਨ ਉਹ ਨਿਹਚਾ ਤੋਂ ਹੋਇਆ।** "ਇਸ ਕਾਰਨ" ਦੁਬਾਰਾ ਦੱਸਦਾ ਹੈ ਕਿ ਸ਼ਰਾ ਕ੍ਰੋਧ ਨੂੰ ਲਿਆਉਂਦੀ ਹੈ, ਨਾ ਕਿ ਬਰਕਤ ਨੂੰ (4:15)। ਪੜਨਾਂਵ "ਇਹ" ਫੇਰ ਕਰਾਰ ਨੂੰ ਪ੍ਰਾਪਤ ਕਰਨ ਦੇ ਬਾਰੇ ਦੱਸਦਾ ਹੈ। ਜੇਕਰ ਸ਼ਰਾ/ਕੰਮ ਪ੍ਰਣਾਲੀ ਸਿਰਫ ਕ੍ਰੋਧ ਨੂੰ ਹੀ ਪੈਦਾ ਕਰ ਸਕਦੇ ਹਨ ਤਾਂ ਕਰਾਰ ਨੂੰ ਸਿਰਫ ਕਿਰਪਾ/ਨਿਹਚਾ ਪ੍ਰਣਾਲੀ ਦੇ ਦੁਆਰਾ ਹੀ ਪੂਰਾ ਕੀਤਾ ਜਾ ਸਕਦਾ ਹੈ। ਗੁਡਸਪੀਡਸ ਬਾਈਬਲ ਦਾ ਅਨੁਵਾਦ ਹੈ "ਇਹੀ ਕਾਰਨ ਹੈ ਕਿ ਇਹ ਸਭ ਨਿਹਚਾ ਦੇ ਨਾਲ ਬਦਲ ਜਾਂਦਾ ਹੈ।"

ਕਰਾਰ ਨਿਹਚਾ ਤੇ ਅਧਾਰਿਤ ਸੀ **ਭਈ ਕਿਰਪਾ ਦੇ ਅਨੁਸਾਰ ਠਹਿਰੇ**। ਫਿਲਿਪਸ ਨੇ ਇਸ ਦਾ ਅਨੁਵਾਦ ਇਸ ਤਰ੍ਹਾਂ ਕੀਤਾ "ਮਨੁੱਖ ਵੱਲੋਂ ਨਿਹਚਾ ਦਾ ਮਾਮਲਾ ਅਤੇ ਪਰਮੇਸ਼ੁਰ ਵੱਲੋਂ ਉਦਾਰਤਾ ਦਾ ਮਾਮਲਾ।" ਕਰਾਰ ਅਬਰਾਹਾਮ ਨੂੰ *ਇੱਕ ਤੋਹਫ਼ੇ* ਦੇ ਤੌਰ ਤੇ ਦਿੱਤਾ ਗਿਆ—ਉਨ੍ਹਾਂ ਕੰਮਾਂ ਦੇ ਆਧਾਰ ਤੇ ਨਹੀਂ ਜੋ ਉਸ ਨੇ ਕੀਤੇ ਸਨ ਪਰ ਨਿਹਚਾ ਦੇ ਆਧਾਰ ਤੇ। ਯਹੂਦੀਆਂ ਨੂੰ ਇਹ ਸਮਝਣ ਦੀ ਲੋੜ ਸੀ ਕਿ ਉਹ "ਕਿਰਪਾ ਦੇ ਦੁਆਰਾ ਬਚਾਏ ਗਏ ਹਨ, ਨਾ ਕਿ ਜਾਤੀ ਕਰਕੇ"[29] (ਵੇਖੋ ਲੂਕਾ 3:7-9)। ਸਾਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ *ਸਾਡੀ* ਮੁਕਤੀ

"ਨਿਹਚਾ ਤੋਂ ਹੋਈ ਭਈ ਇਹ ਕਿਰਪਾ ਦੇ ਅਨੁਸਾਰ ਠਹਿਰੇ"!

ਕਰਾਰ ਦਾ ਪੂਰਾ ਹੋਣਾ ਨਿਹਚਾ ਅਤੇ ਕਿਰਪਾ ਦੇ ਦੁਆਰਾ ਆਇਆ ਹੈ **ਇਸ ਲਈ ਜੋ ਕਰਾਰ ਸਾਰੀ ਅੰਸ ਦੇ ਲਈ ਪੱਕਾ ਰਹੇ।** ਸ਼ਰਾ/ਕੰਮਾਂ ਦੀ ਪ੍ਰਣਾਲੀ ਕਰਾਰ ਨੂੰ *ਅਕਾਰਥ* ਕਰ ਸਕਦੀ ਹੈ (4:14), ਪਰ ਕਿਰਪਾ/ਨਿਹਚਾ ਦੀ ਪ੍ਰਣਾਲੀ ਇਸ ਨੂੰ *ਪੱਕਾ* ਕਰਦੀ ਹੈ। "ਅੰਸ" ਸ਼ਬਦ ਦਾ ਅਨੁਵਾਦ σπέρμα (*ਸਪੱਰਮਾ*) ਤੋਂ ਕੀਤਾ ਗਿਆ ਹੈ ਜੋ ਕਿ "ਬੀਜ" ਲਈ ਸ਼ਬਦ ਹੈ (ਵੇਖੋ KJV)। ਇਹ ਅਕਸਰ ਇੱਕ ਜਾਂ ਇੱਕ ਤੋਂ ਵੱਧ ਸਰੀਰਕ ਅੰਸ ਦੇ ਬਾਰੇ ਦੱਸਦਾ ਹੈ, ਪਰ ਇੱਥੇ ਇਹ ਸ਼ਬਦ *ਆਤਮਿਕ* ਅੰਸ ਦਾ ਹਵਾਲਾ ਦਿੰਦਾ ਹੈ।

ਇਸ ਲਈ ਜੋ ਕਰਾਰ ਸਾਰੀ ਅੰਸ ਦੇ ਲਈ ਪੱਕਾ ਰਹੇ, **ਨਿਰਾ ਉਸ ਅੰਸ ਦੇ ਲਈ ਨਹੀਂ ਜਿਹੜੀ ਸ਼ਰਾ ਵਾਲੀ ਹੈ ਪਰੰਤੂ ਉਹ ਦੇ ਲਈ ਭੀ ਜਿਹੜੀ ਅਬਰਾਹਾਮ ਜਹੀ ਨਿਹਚਾ ਰੱਖਦੀ ਹੈ**, **(ਉਹ ਅਸਾਂ ਸਭਨਾਂ ਦਾ ਪਿਤਾ ਹੈ)**। ਇਸ ਆਇਤ ਵਿੱਚ "ਸ਼ਰਾ," ਤੋਂ ਪਹਿਲਾਂ ਇੱਕ ਨਿਸ਼ਚੇਵਾਚਕ ਉਪਪਦ ਹੈ, ਇਸ ਲਈ ਪੌਲੁਸ ਖਾਸ ਤੌਰ ਤੇ ਯਹੂਦੀਆਂ ਦੇ ਬਾਰੇ ਗੱਲ ਕਰ ਰਿਹਾ ਹੈ। ਕੁਝ ਲੋਕ ਆਇਤ 16 ਤੋਂ ਇਹ ਸਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਮੁਕਤੀ ਪਾਉਣ ਦੇ *ਦੋ* ਰਸਤੇ ਹਨ: ਇੱਕ ਯਹੂਦੀਆਂ ਦੇ ਲਈ ਅਤੇ ਇੱਕ ਪਰਾਈਆਂ ਕੌਮਾਂ ਦੇ ਲਈ। ਕੋਈ ਵੀ ਕਿਵੇਂ ਇਸ ਪੂਰੇ ਅਧਿਆਇ ਨੂੰ ਪੜ੍ਹ ਸਕਦਾ ਹੈ ਅਤੇ ਇਸ ਸਿੱਟੇ ਤੇ ਪਹੁੰਚ ਸਕਦਾ ਹੈ, ਇਹ ਵਰਣਨ ਤੋਂ ਬਾਹਰ ਹੈ। ਜਦੋਂ ਪੌਲੁਸ ਨੇ ਇਹ ਜ਼ਿਕਰ ਕੀਤਾ ਕਿ "ਉਹ ਜੋ ਸ਼ਰਾ ਵਾਲੇ ਹਨ," ਤਾਂ ਉਸ ਦੇ ਦਿਮਾਗ ਵਿੱਚ ਓਹ ਯਹੂਦੀ ਸਨ ਜਿਨ੍ਹਾਂ ਨੇ ਯਿਸੂ ਉੱਤੇ ਭਰੋਸਾ ਕੀਤਾ ਸੀ।

ਇਹ ਕਰਾਰ ਸਿਰਫ ਉਨ੍ਹਾਂ ਯਹੂਦੀਆਂ ਦੇ ਲਈ ਹੀ ਪੱਕਾ ਨਹੀਂ ਹੈ ਜੋ ਯਿਸੂ ਉੱਤੇ ਨਿਹਚਾ ਕਰਦੇ ਹਨ ਪਰ ਉਨ੍ਹਾਂ ਪਰਾਈਆਂ ਕੌਮਾਂ ਦੇ ਲਈ ਵੀ ਹੈ ਜੋ "ਜੋ ਪਿਤਾ ਅਬਰਾਹਾਮ . . . ਦੀ ਉਸ ਨਿਹਚਾ ਦੀ ਚਾਲ ਚੱਲਦੇ ਹਨ" (4:12)। ਇਸ ਤਰ੍ਹਾਂ ਅਬਰਾਹਾਮ "ਸਾਡਾ ਸਭਨਾਂ ਦਾ [ਆਤਮਿਕ] ਪਿਤਾ ਹੈ"; ਅਰਥਾਤ ਉਨ੍ਹਾਂ ਸਭਨਾਂ ਦਾ ਜੋ ਨਿਹਚਾ ਕਰਦੇ ਹਨ, ਭਾਵੇਂ ਓਹ ਯਹੂਦੀ ਹੋਣ ਜਾਂ ਪਰਾਈ ਕੌਮ ਦੇ।

**ਆਇਤ 17.** ਪੌਲੁਸ ਨੇ ਕਿਹਾ ਕਿ ਇਹ ਨਬੂਵਤ ਅਬਰਾਹਾਮ ਨੂੰ ਦਿੱਤੇ ਗਏ ਵਾਅਦਿਆਂ ਵਿੱਚੋਂ ਇੱਕ ਵਿੱਚ ਕੀਤੀ ਗਈ ਸੀ: **(ਜਿਵੇਂ ਲਿਖਿਆ ਹੋਇਆ ਹੈ ਕਿ ਮੈਂ ਤੈਨੂੰ ਬਹੁਤੀਆਂ ਕੌਮਾਂ ਦਾ ਪਿਤਾ ਠਹਿਰਾਇਆ ਹੈ।)** ਬਰੈਕਟ ਵਿੱਚ ਦਿੱਤਾ ਹੋਇਆ ਇਹ ਹਵਾਲਾ ਉਸ ਸਮੇਂ ਦਾ ਹੈ ਜਦੋਂ ਪਰਮੇਸ਼ੁਰ ਅਬਰਾਹਾਮ ਉੱਤੇ ਉਸ ਸਮੇਂ ਪਰਗਟ ਹੋਇਆ ਸੀ ਜਦੋਂ ਉਸ ਦੀ ਉਮਰ ਨੜਿੰਨਵੇ ਸਾਲ ਦੀ ਸੀ ਅਤੇ ਉਸ ਦੇ ਨਾਲ ਆਪਣੇ ਵਾਅਦੇ ਨੂੰ ਮੁੜ ਤੋਂ ਨਵਾਂ ਕੀਤਾ ਸੀ। ਉਸ ਸਮੇਂ, ਪਰਮੇਸ਼ੁਰ ਨੇ ਅਬਰਾਹਾਮ ਨੂੰ ਕਿਹਾ, "ਮੈਂ ਤੈਨੂੰ ਬਹੁਤੀਆਂ ਕੌਮਾਂ ਦਾ ਪਿਤਾ ਠਹਿਰਾ ਦਿੱਤਾ ਹੈ" (ਉਤਪਤ 17:5)। "ਮੈਂ ਤੈਨੂੰ ਠਹਿਰਾ ਦਿੱਤਾ ਹੈ" ਇਹ ਇਬਰਾਨੀ ਲਿਖਤ ਵਿੱਚ ਇੱਕ ਨਬੂਵਤੀ ਪੂਰਨ ਕਿਰਿਆ ਦਾ ਅਨੁਵਾਦ ਹੈ। ਪਰਮੇਸ਼ੁਰ ਦੇ ਵਾਅਦੇ ਦਾ ਪੂਰਾ ਹੋਣਾ ਇੰਨਾ ਨਿਸ਼ਚਤ ਸੀ ਕਿ ਉਹ ਇਸ ਤਰ੍ਹਾਂ ਬੋਲਦਾ ਹੈ ਜਿਵੇਂ ਕਿ ਇਹ ਪਹਿਲਾਂ ਤੋਂ ਹੀ ਪੂਰਾ ਹੋ ਚੁੱਕਿਆ ਸੀ।

ਅਬਰਾਹਾਮ "ਬਹੁਤ ਸਾਰੀਆਂ ਕੌਮਾਂ" ਦਾ *ਸਰੀਰਿਕ* ਪਿਤਾ ਬਣ ਗਿਆ ਸੀ। ਉਹ ਆਪਣੇ ਪੁੱਤਰ ਇਸਹਾਕ ਅਤੇ ਆਪਣੇ ਪੋਤਰੇ ਯਾਕੂਬ ਦੇ ਦੁਆਰਾ ਇਸਰਾਏਲ ਕੌਮ ਦਾ "ਪਿਤਾ" ਸੀ। ਦੂਸਰਾ ਪੁੱਤਰ, ਇਸਮਾਏਲ, "ਅਰਬੀਆਂ ਦਾ ਮੂਲ ਪਿਤਾ [ਪੂਰਵਜ] ਮੰਨਿਆ ਜਾਂਦਾ ਹੈ।"[30] ਅਬਰਾਹਾਮ ਦੀ ਦੂਜੀ ਪਤਨੀ ਦੇ ਦੁਆਰਾ, ਜਿਸ ਦਾ ਨਾਮ ਕਟੂਰਾਹ ਸੀ, ਉਸ ਦੇ ਹੋਰ ਵੀ ਪੁੱਤਰ ਸਨ (ਉਤਪਤ 25:1-4); ਇਨ੍ਹਾਂ ਵਿੱਚੋਂ ਇੱਕ ਮਿਦਯਾਨੀਆਂ ਦਾ ਪੂਰਵਜ ਸੀ।

ਅਬਰਾਹਾਮ ਦੇ ਪੋਤਰੇ ਏਸਾਓ ਦੇ ਵੰਸ਼ਜ ਅਦੋਮੀ ਬਣ ਗਏ (ਉਤਪਤ 36)।

ਫਿਰ ਵੀ, ਪਵਿੱਤਰ ਆਤਮਾ ਦੀ ਅਗਵਾਈ ਪਾ ਕੇ, ਪੌਲੁਸ ਨੇ ਕਿਹਾ ਕਿ ਉਤਪਤ 17:5 ਵਿੱਚ ਇੱਕ ਆਤਮਿਕ ਨਬੂਵਤ ਜੋੜੀ ਗਈ ਹੈ: ਅਬਰਾਹਾਮ ਨੇ ਹੋਰ ਵੀ "ਬਹੁਤੀਆਂ ਕੌਮਾਂ ਦਾ *ਆਤਮਿਕ* ਪਿਤਾ" ਹੋਣਾ ਸੀ। ਪੌਲੁਸ ਸ਼ਾਇਦ ਸ਼ਬਦਾਂ ਨਾਲ ਜੋੜ-ਤੋੜ ਕਰ ਰਿਹਾ ਸੀ। "ਕੌਮਾਂ" ਇੱਕ ਯੂਨਾਨੀ ἔθνος (*ਐਥਨੋਸ,* ਉਹ ਸ਼ਬਦ ਜਿਸ ਵਿੱਚੋਂ ਐਥਨਿਕ ਸ਼ਬਦ ਨਿੱਕਲਦਾ ਹੈ) ਦਾ ਰੂਪ ਹੈ—ਇੱਕ ਅਜਿਹਾ ਰੂਪ ਜਿਸ ਦਾ ਅਕਸਰ "ਪਰਾਈ ਕੌਮ" ਵਜੋਂ ਅਨੁਵਾਦ ਕੀਤਾ ਜਾਂਦਾ ਹੈ। ਰੋਮੀਆਂ 4:17 ਦੇ ਹਵਾਲੇ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ "ਮੈਂ ਤੈਨੂੰ ਬਹੁਤੀਆਂ *ਪਰਾਈਆਂ ਕੌਮਾਂ* ਦਾ ਪਿਤਾ ਠਹਿਰਾਇਆ ਹੈ"!

ਪੌਲੁਸ ਨੇ ਕਿਹਾ ਕਿ **ਅਰਥਾਤ ਉਸ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਜਿਹ ਦੀ ਉਸ ਨੇ ਪਰਤੀਤ ਕੀਤੀ** ਅਬਰਾਹਾਮ "ਅਸਾਂ ਸਭਨਾਂ ਦਾ ਪਿਤਾ ਹੈ" (4:16)। ਇਹ ਬੰਦ ਅਬਰਾਹਾਮ ਦੇ ਪਰਮੇਸ਼ੁਰ ਤੇ ਪਰਤੀਤ ਕਰਨ ਦੇ ਸੰਬੰਧ ਵਿੱਚ ਦੋ ਸਚਾਈਆਂ ਦਾ ਵਰਣਨ ਕਰਦਾ ਹੈ।

ਪਹਿਲੀ ਸਚਾਈ, ਅਬਰਾਹਾਮ ਨੇ ਪਰਤੀਤ ਕੀਤੀ ਕਿ ਪਰਮੇਸ਼ੁਰ ਹੀ ਹੈ **ਜੋ ਮੁਰਦਿਆਂ ਨੂੰ ਜਿਵਾਲਦਾ** ਹੈ। ਸੰਦਰਭ ਵਿੱਚ, ਇਹ ਵਾਕ ਅਬਰਾਹਾਮ ਅਤੇ ਸਾਰਾਹ ਦੀਆਂ "ਮੁਰਦਾ" ਦੇਹੀਆਂ ਦਾ ਹਵਾਲਾ ਦਿੰਦਾ ਹੈ (4:19)। ਪਰਮੇਸ਼ੁਰ ਉਨ੍ਹਾਂ ਦੀਆਂ ਦੇਹੀਆਂ ਨੂੰ "ਸਜੀਵ" ਕਰੇਗਾ ਅਤੇ ਉਨ੍ਹਾਂ ਨੂੰ ਪੁੱਤਰ ਪੈਦਾ ਕਰਨ ਦੇ ਯੋਗ ਬਣਾਵੇਗਾ। ਇਹ ਅਬਰਾਹਾਮ ਦੀ ਜ਼ਿੰਦਗੀ ਵਿੱਚ ਬਾਅਦ ਦੀ ਇੱਕ ਘਟਨਾ ਦਾ ਸੰਕੇਤ ਵੀ ਹੋ ਸਕਦਾ ਹੈ ਜਦੋਂ ਉਸ ਨੂੰ ਆਪਣੇ ਪੁੱਤਰ ਇਸਹਾਕ ਨੂੰ ਬਲੀਦਾਨ ਦੇ ਰੂਪ ਵਿੱਚ ਚੜ੍ਹਾਉਣ ਦੇ ਲਈ ਬੁਲਾਇਆ ਗਿਆ ਸੀ (ਉਤਪਤ 22:1-19)। ਇਬਰਾਨੀਆਂ ਦਾ ਲੇਖਕ ਕਹਿੰਦਾ ਹੈ ਕਿ ਅਬਰਾਹਾਮ ਉਸ ਪਰਤਾਵੇ ਨੂੰ ਪਾਸ ਕਰਨ ਦੇ ਯੋਗ ਇਸ ਲਈ ਹੋਇਆ ਸੀ ਕਿਉਂਕਿ "ਉਸ ਨੇ ਵਿਚਾਰ ਕੀਤਾ ਜੋ ਪਰਮੇਸ਼ੁਰ ਮੁਰਦਿਆਂ ਵਿੱਚੋਂ ਭੀ ਉਠਾਲਣ ਨੂੰ ਸਮਰੱਥ ਹੈ" (ਇਬਰਾਨੀਆਂ 11:19)। "ਮੁਰਦਿਆਂ ਨੂੰ ਜਿਵਾਲਦਾ ਹੈ" ਸ਼ਬਦ ਅੱਗੇ ਹੋਰ ਰੋਮੀਆਂ 4 ਅਧਿਆਇ ਦੀ ਆਖ਼ਰੀ ਆਇਤ ਦੇ ਬਾਰੇ ਵੀ ਪਹਿਲਾਂ ਤੋਂ ਹੀ ਬੋਲਣਾ ਹੋ ਸਕਦਾ ਹੈ, ਜੋ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਬਾਰੇ ਦੱਸਦੀ ਹੈ (4:25)।

ਕਮਾਲ ਦੀ ਗੱਲ ਇਹ ਹੈ ਕਿ ਅਬਰਾਹਾਮ ਨੇ ਪਰਮੇਸ਼ੁਰ ਦੀ ਪਰਤੀਤ ਕੀਤੀ ਕਿ ਪਰਮੇਸ਼ੁਰ ਮੁਰਦਿਆਂ ਨੂੰ ਜਿਵਾਲ *ਸਕਦਾ ਸੀ*। ਪਰਮੇਸ਼ੁਰ ਅਬਰਾਹਾਮ ਤੇ ਪਰਗਟ ਹੋਇਆ; ਉਸ ਤੋਂ ਇਲਾਵਾ, ਅਸੀਂ ਜਾਣਦੇ ਹਾਂ ਕਿ ਅਬਰਾਹਾਮ ਨੇ ਕੋਈ ਚਮਤਕਾਰ ਨਹੀਂ ਵੇਖਿਆ ਸੀ। ਯਕੀਨਣ, ਉਸ ਨੇ ਕਦੀ ਵੀ ਕਿਸੇ ਮੁਰਦੇ ਨੂੰ ਮੁਰਦਿਆਂ ਵਿੱਚ ਜੀ ਉੱਠਦੇ ਹੋਏ ਨਹੀਂ ਵੇਖਿਆ ਸੀ। ਫਿਰ ਵੀ, ਅਬਰਾਹਾਮ ਨੇ ਪਰਤੀਤ ਕੀਤੀ ਕਿ ਪਰਮੇਸ਼ੁਰ ਪਰਮੇਸ਼ੁਰ ਸੀ—ਅਤੇ ਇਹ ਕਿ ਜੇਕਰ ਪਰਮੇਸ਼ੁਰ ਚਾਹੇ ਤਾਂ, ਉਹ ਮੁਰਦਿਆਂ ਨੂੰ ਵੀ ਜਿਵਾਲ ਸਕਦਾ ਹੈ!

ਦੂਜੀ ਸਚਾਈ, ਅਬਰਾਹਾਮ ਨੇ ਉਸ ਪਰਮੇਸ਼ੁਰ ਦੀ ਪਰਤੀਤ **ਜੋ ਅਣਹੋਈਆਂ ਵਸਤਾਂ ਨੂੰ ਇਉਂ ਸੱਦਦਾ ਹੈ ਭਈ ਜਾਣੋ ਓਹ ਸਨਮੁਖ ਹਨ**। ਇਹ ਉਤਪਤ ਅਧਿਆਇ 1 ਦਾ ਹਵਾਲਾ ਹੋ ਸਕਦਾ ਹੈ ਜਿੱਥੇ ਪਰਮੇਸ਼ੁਰ ਨੇ ਵਚਨ ਬੋਲ ਕੇ ਅਜਿਹੇ ਸੰਸਾਰ ਨੂੰ ਹੋਂਦ ਵਿੱਚ ਲਿਆਂਦਾ ਜੋ ਪਹਿਲਾਂ ਹੋਂਦ ਵਿੱਚ ਨਹੀਂ ਸੀ (ਵੇਖੋ ਇਬਰਾਨੀਆਂ 11:3)। ਸੰਦਰਭ ਵਿੱਚ, ਸ਼ਾਇਦ ਇਹ ਅਬਰਾਹਾਮ ਨੂੰ ਦਿੱਤੇ ਗਏ ਵਾਅਦੇ (ਵਾਅਦਿਆਂ) ਦੀ ਗੱਲ ਕਰ ਰਿਹਾ ਹੈ। ਅਬਰਾਹਾਮ ਦਾ ਪੁੱਤਰ ਇਸਹਾਕ ਹੋਂਦ ਵਿੱਚ ਨਹੀਂ ਸੀ, ਪਰਮੇਸ਼ੁਰ ਨੇ ਉਸ ਨੂੰ ਹੋਂਦ ਵਿੱਚ ਲਿਆਂਦਾ (ਉਤਪਤ 17:15, 16; 18:10)। ਪਰਮੇਸ਼ੁਰ ਨੇ "ਇੱਕ ਵੱਡੀ ਕੌਮ" (ਇਸਰਾਏਲ) ਨੂੰ ਵੀ ਜੋ ਹੋਂਦ ਵਿੱਚ ਨਹੀਂ ਸੀ, ਹੋਂਦ ਵਿੱਚ ਲਿਆਂਦਾ (ਉਤਪਤ 12:2; 46:3)। ਇੱਥੋਂ ਤੱਕ ਕਿ ਪਰਮੇਸ਼ੁਰ ਨੇ

ਅਬਰਾਹਾਮ ਦੀ ਆਤਮਿਕ ਅੰਸ (ਮਸੀਹੀ ਲੋਕਾਂ) ਦਾ ਵੀ ਹਵਾਲਾ ਦਿੱਤਾ ਅਤੇ ਅੰਤ ਵਿੱਚ ਮਸੀਹ ਦੇ ਰਾਹੀਂ, ਉਨ੍ਹਾਂ ਨੂੰ ਹੋਂਦ ਵਿੱਚ ਲਿਆਂਦਾ (ਗਲਾਤੀਆਂ 3:29)।

ਮੁੱਖ ਗੱਲ ਇਹ ਹੈ ਕਿ ਜਿੱਥੋਂ ਤੱਕ ਅਬਰਾਹਾਮ ਦਾ ਸੰਬੰਧ ਹੈ, ਜੇਕਰ ਪਰਮੇਸ਼ੁਰ ਨੇ ਕੁਝ ਕਹਿ ਦਿੱਤਾ ਤਾਂ ਇਹ ਕਰ ਦਿੱਤੇ ਜਾਣ ਦੇ ਸਮਾਨ ਹੀ ਸੀ। ਜੇਕਰ ਪਰਮੇਸ਼ੁਰ ਨੇ ਕਿਹਾ ਕਿ ਕੁਝ ਹੋਣ ਵਾਲਾ ਸੀ, ਤਾਂ ਇਹ ਬੇਸ਼ੱਕ ਹੋਵੇਗਾ।

**ਆਇਤ 18.** ਕਿਉਂਕਿ ਅਬਰਾਹਾਮ ਦੀ ਨਿਹਚਾ ਪਰਮੇਸ਼ੁਰ ਤੇ ਅਟੱਲ ਸੀ, **ਨਿਰਾਸਾ ਵਿੱਚ ਆਸ ਨਾਲ ਉਸ ਨੇ ਪਰਤੀਤ ਕੀਤੀ**। ਇਹ ਪਹਿਲੀ ਵਾਰ ਹੈ ਜਦੋਂ ਸ਼ਬਦ "ਆਸ" ਰੋਮੀਆਂ ਦੀ ਪੱਤ੍ਰੀ ਵਿੱਚ ਆਉਂਦਾ ਹੈ, ਪਰ ਇਹ ਆਖ਼ਰੀ ਵਾਰ ਨਹੀਂ ਹੋਵੇਗਾ (ਵੇਖੋ 5:2, 4, 5; 8:20, 24, 25; 12:12; 15:4, 12, 13, 24)। "ਆਸ" ਸ਼ਬਦ ਦਾ ਅਨੁਵਾਦ ἐλπίς (*ਐਲਪਿਸ*) ਤੋਂ ਕੀਤਾ ਗਿਆ ਹੈ, "ਇੱਕ ਪੱਕਾ ਪੌਲੁਸ ਦੁਆਰਾ ਵਰਤਿਆ ਜਾਣ ਵਾਲਾ ਸ਼ਬਦ, . . . ਇੱਕ ਅਜਿਹਾ ਸ਼ਬਦ ਜੋ ਨਵੇਂ ਨੇਮ ਦੀ ਕਿਸੇ ਵੀ ਪੁਸਤਕ ਤੋਂ ਵੱਧ ਕੇ ਅਕਸਰ ਰੋਮੀਆਂ ਦੀ ਪੱਤ੍ਰੀ ਵਿੱਚ ਜ਼ਿਆਦਾ ਮਿਲਦਾ ਹੈ।"[31] ਆਸ ਦਾ ਨਿਹਚਾ ਦੇ ਨਾਲ ਡੂੰਘਾ ਸੰਬੰਧ ਹੈ (ਵੇਖੋ ਇਬਰਾਨੀਆਂ 11:6), ਪਰ ਏਹ ਇੱਕੋ ਨਹੀਂ ਹਨ। ਉਹ ਆਸ ਜਿਸ ਦੇ ਬਾਰੇ ਪੌਲੁਸ ਨੇ ਲਿਖਿਆ ਹੈ ਉਹ *ਇੱਛਾ* ਅਤੇ *ਉਮੀਦ* ਨੂੰ ਜੋੜਦੀ ਹੈ; ਇਨ੍ਹਾਂ ਦੋਹਾਂ ਨੂੰ ਮਿਲਾ ਕੇ ਆਸ ਬਣਦੀ ਹੈ।[32] ਇੱਕ ਵਿਅਕਤੀ ਨੂੰ 1 ਕਰੋੜ ਡਾਲਰਾਂ ਦੀ ਇੱਛਾ ਹੋ ਸਕਦੀ ਹੈ; ਪਰ ਕਿਉਂਕਿ ਉਸ ਨੂੰ ਪ੍ਰਾਪਤ ਕਰਨ ਦੀ ਉਮੀਦ ਨਹੀਂ ਹੈ, ਤਾਂ ਉਹ ਆਸ ਨਹੀਂ ਹੈ। ਇੱਕ ਵਿਅਕਤੀ ਜੋ ਕਤਲ ਦਾ ਦੋਸ਼ੀ ਹੈ ਉਹ ਘਾਤਕ ਟੀਕੇ ਨਾਲ ਮਰਨ ਦੀ ਉਮੀਦ ਕਰ ਸਕਦਾ ਹੈ; ਪਰ ਉਹ ਇਹ ਚਾਹੁੰਦਾ ਨਹੀਂ ਹੈ, ਇਸ ਲਈ ਇਹ ਵੀ ਆਸ ਨਹੀਂ ਹੈ। ਮਸੀਹ ਵਿੱਚ, ਸਾਡੇ ਕੋਲ ਆਸ ਹੈ: ਇੱਛਾ *ਜਮ੍ਹਾਂ* ਉਮੀਦ।

ਪੌਲੁਸ ਨੇ "ਨਿਰਾਸਾ ਵਿੱਚ ਆਸ" ਰੱਖਣ ਦੀ ਗੱਲ ਕੀਤੀ ਸੀ: *ਦੁਨਿਆਵੀ* ਦ੍ਰਿਸ਼ਟੀਕੋਣ ਤੋਂ, ਅਬਰਾਹਾਮ ਨੂੰ ਪੁੱਤਰ ਹੋਣ ਦੀ ਕੋਈ ਆਸ ਨਹੀਂ ਸੀ। ਉਸ ਨੇ ਇੱਕ ਪੁੱਤਰ ਦੀ *ਇੱਛਾ* ਕੀਤੀ ਸੀ, ਪਰ "ਇੱਕ ਅਜਿਹੀ ਦੇਹੀ ਦੇ ਨਾਲ, ਜੋ ਮੁਰਦੇ ਦੇ ਵਰਗੀ ਸੀ" (4:19), ਉਸ ਦੇ ਕੋਲ ਕੋਈ ਦੁਨਿਆਵੀ ਕਾਰਣ ਨਹੀਂ ਸੀ ਕਿ ਉਹ ਇੱਕ ਪੁੱਤਰ ਦੀ ਉਮੀਦ ਕਰੇ। ਫਿਰ ਵੀ, ਇੱਕ *ਸਵਰਗੀ* ਦ੍ਰਿਸ਼ਟੀਕੋਣ ਤੋਂ, ਪਰਮੇਸ਼ੁਰ ਨੇ ਕਿਹਾ ਸੀ ਕਿ ਉਸ ਦੀ ਅੰਸ ਬਹੁਤ ਹੀ ਜ਼ਿਆਦਾ ਹੋਵੇਗੀ, ਇਸ ਲਈ ਅਬਰਾਹਾਮ ਨੇ ਨਾ ਸਿਰਫ ਇੱਕ ਪੁੱਤਰ ਦੀ ਇੱਛਾ ਹੀ ਕੀਤੀ ਪਰ ਉਸ ਨੇ ਇਸ ਦੀ *ਉਮੀਦ* ਵੀ ਰੱਖੀ। ਇਸੇ ਲਈ ਪੌਲੁਸ ਨੇ ਕਿਹਾ, "ਨਿਰਾਸਾ ਵਿੱਚ ਆਸ ਨਾਲ ਉਸ ਨੇ ਪਰਤੀਤ ਕੀਤੀ।" ਯੂਜੀਨ ਪੀਟਰਸਨ ਨੇ ਇਸ ਦਾ ਵਰਣਨ ਇਸ ਤਰ੍ਹਾਂ ਕੀਤਾ: "ਜਦੋਂ ਸਭ ਕੁਝ ਬੇਆਸਾ ਸੀ, ਤਾਂ ਵੀ ਅਬਰਾਹਾਮ ਨੇ ਪਰਤੀਤ ਕੀਤੀ" (MSG)।

ਅਬਰਾਹਾਮ ਨੂੰ ਨਿਹਚਾ ਸੀ ਕਿ ਉਹ **ਓਸ ਵਾਕ ਦੇ ਅਨੁਸਾਰ ਕਿ ਤੇਰੀ ਅੰਸ ਇਉਂ ਹੋਵੇਗੀ**, **ਬਾਹਲੀਆਂ ਕੌਮਾਂ ਦਾ** [ਸਰੀਰਕ ਅਤੇ ਆਤਮਿਕ] **ਪਿਤਾ ਹੋਵੇਗਾ**। ਇਸ ਆਇਤ ਵਿੱਚ "ਬਾਹਲੀਆਂ ਕੌਮਾਂ ਦਾ ਪਿਤਾ" ਦਾ ਹਵਾਲਾ ਉਤਪਤ 17:4, 5 ਵਿੱਚੋਂ ਹੈ, ਜਦ ਕਿ ਉਤਕਥਨ ਉਤਪਤ 15:5 ਵਿੱਚੋਂ ਹੈ। ਉੱਥੇ ਪਰਮੇਸ਼ੁਰ ਨੇ ਅਬਰਾਹਾਮ ਨੂੰ ਕਿਹਾ ਸੀ ਕਿ ਉਸ ਦੀ ਅੰਸ ਇੰਨੀ ਅਣਗਿਣਤ ਹੋਵੇਗੀ ਜਿਵੇਂ ਕਿ ਅਕਾਸ਼ ਦੇ ਤਾਰੇ ਅਣਗਿਣਤ ਹਨ। ਅਬਰਾਹਾਮ ਨੇ ਨਿਹਚਾ ਕੀਤਾ ਕਿ ਏਹ ਵਾਅਦੇ ਪੂਰੇ ਹੋਣਗੇ—ਭਾਵੇਂ ਕਿ ਉਨ੍ਹਾਂ ਦੇ ਪੂਰੇ ਹੋ ਸਕਣ ਦਾ ਕੋਈ ਰਸਤਾ ਨਜ਼ਰ ਨਹੀਂ ਸੀ ਆ ਰਿਹਾ।

**ਆਇਤ 19.** ਸੰਸਾਰ ਦੇ ਲੋਕਾਂ ਦੇ ਲਈ ਇਸ ਤਰ੍ਹਾਂ ਦੀ ਨਿਹਚਾ ਤਰਕਹੀਣ, ਅਗਿਆਨਤਾ ਪੂਰਣ ਲੱਗਦੀ ਹੈ। ਓਹ ਜ਼ੋਰ ਦਿੰਦੇ ਹਨ ਕਿ ਅਜਿਹੀ ਨਿਹਚਾ "ਅਸਲੀਅਤ ਤੋਂ

ਪਰੇ ਹੈ," ਇਹ "ਤੱਥਾਂ ਦਾ ਸਾਹਮਣਾ ਕਰਨ ਵਿੱਚ ਅਸਫਲ ਹੋ ਜਾਣ" ਦਾ ਇੱਕ ਸਬੂਤ ਹੈ। ਜਿਵੇਂ ਕਿ ਅਸੀਂ ਵੇਖਾਂਗੇ, ਇਹ ਗੱਲ ਅਬਰਾਹਾਮ ਬਾਰੇ ਸੱਚ ਨਹੀਂ ਸੀ।

ਮਨੁੱਖੀ ਹੱਦਾਂ ਦੇ ਸਾਹਮਣੇ, ਅਬਰਾਹਾਮ ਨੇ **ਨਿਹਚਾ ਵਿੱਚ ਢਿੱਲਾ ਹੋਣ ਤੋਂ ਬਿਨਾਂ** ਪਰਮੇਸ਼ੁਰ ਦੇ ਵਾਅਦਿਆਂ ਤੇ ਆਪਣੇ ਭਰੋਸੇ ਨੂੰ ਬਣਾਈ ਰੱਖਿਆ। "ਢਿੱਲਾ ਹੋਣਾ" ਸ਼ਬਦ ἀσθενέω (*ਅਸਥੀਨੀਓ*) ਤੋਂ ਨਿੱਕਲਿਆ ਹੈ, ਜੋ ਅਕਸਰ "ਸਰੀਰਕ ਕਮਜ਼ੋਰੀ" ਨੂੰ ਦੱਸਦਾ ਹੈ ਪਰ "ਕਿਸੇ ਵੀ ਤਰ੍ਹਾਂ ਦੀ ਕਮਜ਼ੋਰੀ" ਦੇ ਲਈ ਵਰਤਿਆ ਜਾ ਸਕਦਾ ਹੈ।"[33] ਇਸ ਆਇਤ ਵਿੱਚ ਇਹ ਆਤਮਿਕ ਕਮਜ਼ੋਰੀ ਬਾਰੇ ਦੱਸਦਾ ਹੈ।

ਇਸ ਬਿਆਨ ਵਿੱਚ ਇੱਕ ਸ਼ਾਬਦਿਕ ਮੁਸ਼ਕਲ ਵਿਖਾਈ ਦਿੰਦੀ ਹੈ ਜਦੋਂ **ਉਸ ਨੇ ਧਿਆਨ** [ਸੋਚ-ਵਿਚਾਰ] **ਕੀਤਾ ਭਈ ਮੇਰੀ ਦੇਹ ਹੁਣ ਮੁਰਦੇ ਵਰਗੀ ਹੋ ਗਈ ਹੈ**। ਭਾਵੇਂ ਇਹ ਕੁਝ ਪ੍ਰਾਚੀਨ ਯੂਨਾਨੀ ਹੱਥਲਿਖਤਾਂ ਦੇ ਵਿੱਚ ਅਸੀਂ ਇਸ ਤਰ੍ਹਾਂ ਪੜ੍ਹਦੇ ਹਾਂ ਕਿ "ਉਸ ਨੇ ਮੰਨਿਆ ਕਿ ਉਸ ਦੀ ਆਪਣੀ ਦੇਹ ਮੁਰਦੇ ਵਰਗੀ *ਨਹੀਂ* ਸੀ" (ਵੇਖੋ KJV)। ਹੈਰਾਨੀਜਨਕ ਗੱਲ ਇਹ ਹੈ ਕਿ ਏਹ ਦੋਵੇਂ ਪਾਠ ਜੋ ਇੱਕ ਦੂਜੇ ਨੂੰ ਨਕਾਰਦੇ ਹਨ, ਏਹ ਦੋਵੇਂ ਹੀ ਚੰਗੀ ਤਰ੍ਹਾਂ ਨਾਲ ਤਸਦੀਕ ਕੀਤੇ ਹੋਏ ਅਤੇ ਦੋਵੇਂ ਹੀ ਸੰਦਰਭ ਵਿੱਚ ਚੰਗਾ ਅਰਥ ਪੈਦਾ ਕਰਦੇ ਹਨ। ਪਹਿਲੇ ਮਾਮਲੇ ਵਿੱਚ, ਅਬਰਾਹਾਮ ਧਿਆਨ ਦਿੰਦਾ ਹੈ ਕਿ ਉਸ ਦੀ ਦੇਹ ਮੁਰਦੇ ਵਰਗੀ ਹੈ *ਤਾਂ ਵੀ* ਉਸ ਨੇ ਪਰਤੀਤ ਕੀਤੀ ਕਿ ਪਰਮੇਸ਼ੁਰ ਉਸ ਦੇ ਦੁਆਰਾ ਆਪਣੀ ਇੱਛਾ ਨੂੰ ਕਿਸੇ ਵੀ ਤਰ੍ਹਾਂ ਪੂਰੀ ਕਰੇਗਾ। ਦੂਜੇ ਮਾਮਲੇ ਵਿੱਚ, ਅਬਰਾਹਾਮ ਆਪਣੀ ਦੇਹ ਨੂੰ ਮੁਰਦਾ ਨਹੀਂ ਸਮਝਦਾ ਸੀ *ਕਿਉਂਕਿ* ਪਰਮੇਸ਼ੁਰ ਇਸ ਦੇ ਦੁਆਰਾ ਆਪਣੀ ਇੱਛਾ ਨੂੰ ਪੂਰਾ ਕਰੇਗਾ।[34]

ਕੋਈ ਭਾਵੇਂ ਕਿਸੇ ਵੀ ਤਰੀਕੇ ਦੇ ਨਾਲ ਇਸ ਆਇਤ ਨੂੰ ਲਵੇ, ਜਦੋਂ ਨੜਿੰਨਵੇਂ ਸਾਲ ਦੇ ਅਬਰਾਹਾਮ ਨੂੰ ਪਰਮੇਸ਼ੁਰ ਨੇ ਕਿਹਾ ਸੀ ਕਿ ਉਸ ਦੇ ਇੱਕ ਪੁੱਤਰ ਹੋਵੇਗਾ (ਉਤਪਤ 17:1, 16), ਤਾਂ ਉਸ ਨੇ ਆਪਣੀ ਦੇਹ ਦੇ ਤੱਥ ਨੂੰ ਨਜ਼ਰਅੰਦਾਜ ਨਹੀਂ ਕੀਤਾ ਸੀ ਕਿ ਜਿੱਥੋਂ ਤੱਕ ਬੱਚੇ ਦਾ ਪਿਤਾ ਬਣਨ ਦਾ ਸੰਬੰਧ ਹੈ ਉਸ ਦੀ ਦੇਹ "ਇੱਕ ਮੁਰਦੇ ਦੇ ਵਰਗੀ ਹੈ" (ਵੇਖੋ ਇਬਰਾਨੀਆਂ 11:12)। ਨਾ ਹੀ ਉਸ ਨੇ **ਸਾਰਾਹ ਦੀ ਕੁੱਖ ਦੇ ਸੋਕੇ** ਨੂੰ ਨਜ਼ਰਅੰਦਾਜ਼ ਕੀਤਾ ਸੀ। ਅਬਰਾਹਾਮ ਦੇ ਮਾਮਲੇ ਵਿੱਚ, "ਮੁਰਦਾ" ਸ਼ਬਦ ਕਿਰਿਆ νεκρόω (*ਨੀਕਰੂ*) ਤੋਂ ਨਿੱਕਲਿਆ ਹੈ, ਜਦ ਕਿ, ਸਾਰਾਹ ਦੇ ਮਾਮਲੇ ਵਿੱਚ, "ਸੋਕਾ" ਸੰਬੰਧਤ ਨਾਂਵ νέκρωσις (*ਨੀਕਰੋਸਿਸ*) ਤੋਂ ਆਉਂਦਾ ਹੈ। ਇਸ ਬਾਅਦ ਵਾਲੇ ਸ਼ਬਦ ਦਾ ਅਨੁਵਾਦ "ਬਾਂਝਪਣ" (NRSV) ਵੀ ਕੀਤਾ ਜਾ ਸਕਦਾ ਹੈ। ਸਾਰਾਹ ਦੀ ਕੁੱਖ ਹਮੇਸ਼ਾ "ਸੁੱਕੀ" ਜਾਂ "ਬਾਂਝ" ਰਹੀ ਸੀ, ਪਰ ਅਬਰਾਹਾਮ ਦੀ ਦੇਹ ਹੁਣ "ਇੱਕ ਮੁਰਦੇ ਦੇ ਵਰਗੀ ਸੀ।" ਬੀਤੇ ਦਿਨਾਂ ਵਿੱਚ, ਉਸ ਦੀ ਦੇਹ ਬੱਚੇ ਪੈਦਾ ਕਰਨ ਦੇ ਲਈ "ਮੁਰਦਾ" ਨਹੀਂ ਸੀ (ਉਤਪਤ 16:4), ਪਰ "ਹੁਣ" ਇਹ ਮੁਰਦੇ ਜਿਹੀ ਸੀ।

ਅਬਰਾਹਾਮ ਨੇ "ਤੱਥਾਂ" ਤੇ ਧਿਆਨ ਦਿੱਤਾ: ਉਹ ਅਤੇ ਸਾਰਾਹ ਸਰੀਰਕ ਤੌਰ ਤੇ ਬੱਚੇ ਪੈਦਾ ਕਰਨ ਲਾਇਕ ਨਹੀਂ ਸਨ। ਉਸ ਨੇ "ਸਚਾਈ" ਦਾ ਸਾਹਮਣਾ ਕੀਤਾ: ਕੋਈ ਵੀ ਦੁਨਿਆਵੀ ਤਰੀਕਾ ਨਹੀਂ ਸੀ ਜਿਸ ਨਾਲ ਉਨ੍ਹਾਂ ਦੀ ਸੰਤਾਨ ਹੋ ਸਕਦੀ। ਫਿਰ ਵੀ, ਉਸ ਨੇ ਪਰਤੀਤ ਕੀਤੀ ਕਿ ਉਸ ਦਾ ਅਤੇ ਸਾਰਾਹ ਦਾ ਇੱਕ ਪੁੱਤਰ ਹੋਵੇਗਾ ਅਤੇ ਉਸ ਦੀ ਅੰਸ ਤਾਰਿਆਂ ਦੇ ਵਾਂਗ ਅਣਗਿਣਤ ਹੋਵੇਗੀ। ਕਿਉਂ? ਕਿਉਂਕਿ ਉਸ ਨੇ ਇਸ ਗੱਲ ਨੂੰ ਸਮਝਿਆ ਕਿ ਸਿਰਫ ਸਰੀਰਕ ਤੱਥ ਹੀ ਸਭ ਕੁਝ ਨਹੀਂ ਹਨ; ਅਸਲ ਵਿੱਚ, ਉਹ ਮੌਜੂਦਾ ਤੱਥਾਂ ਵਿੱਚੋਂ ਸਭ ਤੋਂ ਘੱਟ ਮਹੱਤਵਪੂਰਣ ਹਨ। ਇਸ ਤੋਂ ਇਲਾਵਾ, ਉਸ ਨੇ ਇਹ ਸਮਝ ਲਿਆ ਕਿ ਇੱਕ ਸਚਾਈ ਹੈ ਜੋ ਇਸ ਧਰਤੀ ਦੀ ਸਚਾਈ ਦਾ ਥਾਂ ਲੈ ਲੈਂਦੀ ਹੈ: ਪਰਮੇਸ਼ੁਰ ਦੀ ਸਚਾਈ। ਅਬਰਾਹਾਮ ਨੇ

ਸਰੀਰਕ ਤੱਥਾਂ ਅਤੇ ਦੁਨਿਆਵੀ ਸਚਾਈ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਸੀ, ਪਰ ਉਸ ਨੇ ਉਨ੍ਹਾਂ ਦੇ ਦੁਆਰਾ ਡਰਨ ਜਾਂ ਸੀਮਿਤ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਸਰਬ-ਸ਼ਕਤੀਮਾਨ ਪਰਮੇਸ਼ੁਰ ਤੇ ਨਿਹਚਾ ਕੀਤੀ ਸੀ ਜੋ ਉਹ ਕਰਨ ਦੇ ਯੋਗ ਸੀ ਜੋ ਉਸ ਨੇ ਕਿਹਾ ਸੀ ਕਿ ਉਹ ਕਰੇਗਾ (ਵੇਖੋ 4:17; ਉਤਪਤ 17:1, 16; ਲੂਕਾ 1:37)।

ਆਇਤ 19 ਦੀ ਭਾਸ਼ਾ ਇੱਕ ਉਲਝਣ ਵਾਲੇ ਸਵਾਲ ਨੂੰ ਖੜ੍ਹਾ ਕਰਦੀ ਹੈ: ਜੇਕਰ ਇਸਹਾਕ ਦੇ ਜਨਮ ਤੋਂ ਪਹਿਲਾਂ, ਅਬਰਾਹਾਮ ਬੱਚੇ ਪੈਦਾ ਕਰਨ ਦੇ ਲਈ ਇੰਨਾ ਹੀ ਬੁੱਢਾ ਸੀ, ਤਾਂ ਉਤਪਤ 25:1-6 ਦਾ ਹਵਾਲਾ ਕਿਵੇਂ ਦੱਸਦਾ ਹੈ ਕਿ ਅਬਰਾਹਾਮ ਦੇ ਕਟੂਰਾਹ ਤੋਂ ਪੁੱਤਰ ਹੋਏ ਸਨ? ਇਸ ਸਵਾਲ ਦਾ ਇੱਕ ਸੰਭਵ ਜਵਾਬ ਇਹ ਹੈ ਕਿ ਜੋ ਬਿਰਤਾਂਤ ਹਨ ਉਹ ਤਰਤੀਬ ਵਿੱਚ ਨਹੀਂ ਹੈ ਅਤੇ ਅਬਰਾਹਾਮ ਦੀ ਜ਼ਿੰਦਗੀ ਵਿੱਚ ਇਸ ਤੋਂ ਪਹਿਲਾਂ ਕਟੂਰਾਹ ਦੇ ਦੁਆਰਾ ਬੱਚੇ ਸਨ। ਦੂਜੀ ਸੰਭਾਵਨਾ ਇਹ ਹੈ ਕਿ ਉਹੀ ਰੱਬੀ ਬਰਕਤ ਜਿਸ ਨੇ ਅਬਰਾਹਾਮ ਨੂੰ ਇਸਹਾਕ ਨੂੰ ਪੈਦਾ ਕਰਨ ਦੇ ਯੋਗ ਬਣਾਇਆ ਉਸੇ ਨੇ ਉਸ ਨੂੰ ਬਾਅਦ ਵਿੱਚ ਹੋਰ ਵੀ ਬੱਚੇ ਪੈਦਾ ਕਰਨ ਦੇ ਯੋਗ ਬਣਾਇਆ ਸੀ।

**ਆਇਤ 20.** ਅਬਰਾਹਾਮ ਨੇ ਨਾ ਸਿਰਫ ਪਰਮੇਸ਼ੁਰ ਦੀ ਸਮਰੱਥਾ ਤੇ ਪਰਤੀਤ ਕੀਤੀ ਸੀ; ਉਸ ਨੂੰ ਪਰਮੇਸ਼ੁਰ ਦੇ ਵਾਅਦਿਆਂ ਤੇ ਪੱਕਾ ਭਰੋਸਾ ਵੀ ਸੀ: **ਪਰੰਤੂ ਪਰਮੇਸ਼ੁਰ ਦੇ ਬਚਨ ਦੀ ਵੱਲੋਂ ਉਹ ਨੇ ਬੇਪਰਤੀਤ ਨਾਲ ਸੰਕਾ ਨਾ ਕੀਤੀ।** "ਪਰਮੇਸ਼ੁਰ ਦਾ ਵਾਅਦਾ" ਇਹ ਵਾਅਦਾ ਹੈ ਕਿ ਅਬਰਾਹਾਮ ਅਤੇ ਉਸ ਦੀ ਅੰਸ "ਜਗਤ ਦੇ ਅਧਕਾਰੀ ਹੋਣਗੇ" (4:13), ਇੱਕ "ਸਮੂਹਿਕ" ਵਾਅਦਾ ਜਿਸ ਵਿੱਚ ਅਬਰਾਹਾਮ ਦਾ ਇੱਕ ਪੁੱਤਰ ਅਤੇ ਕਈ ਸੰਤਾਨਾਂ ਹਨ। ਭਾਵੇਂ ਉਸ ਵਅਦੇ ਦਾ ਪੂਰਾ ਹੋਣਾ ਅਣਹੋਣਾ ਜਾਪਦਾ ਸੀ, ਤਾਂ ਵੀ ਇਸ ਪੂਰਵਜ ਨੇ "ਬੇਪਰਤੀਤ ਨਾਲ ਸੰਕਾ ਨਾ ਕੀਤੀ।" "ਸੰਕਾ" ਸ਼ਬਦ ਦਾ ਅਨੁਵਾਦ ਸ਼ਬਦ διακρίνω (*ਡਾਇਕਰੀਨੋ*) ਤੋਂ ਕੀਤਾ ਗਿਆ ਹੈ ਜੋ ਕਿ ਇੱਕ ਸੰਯੁਕਤ ਸ਼ਬਦ ਹੈ ਜਿਸ ਦਾ ਅਰਥ ਕਈ ਵਾਰ "ਸੰਕੋਚ" ਜਾਂ "ਸ਼ੱਕ" ਵੀ ਹੁੰਦਾ ਹੈ।[35]

ਅਬਰਾਹਾਮ ਦੀ ਨਿਹਚਾ ਸਿੱਧ ਨਹੀਂ ਸੀ। ਉਹ ਇੱਕ ਇਨਸਾਨ ਸੀ, ਜਿਸ ਦਾ ਅਰਥ ਹੈ ਕਿ ਉਹ ਵੀ ਸਿੱਧ ਨਹੀਂ ਸੀ ਅਤੇ ਉਸ ਦੀ ਨਿਹਚਾ ਵੀ ਸਿੱਧ ਨਹੀਂ ਸੀ। ਉਤਪਤ 15:2, 3 ਵਿੱਚ, ਕਿਉਂਕਿ ਹੁਣ ਤੱਕ ਉਸ ਦੇ ਬੱਚੇ ਨਹੀਂ ਸਨ, ਅਬਰਾਹਾਮ ਨੇ ਪਰਮੇਸ਼ੁਰ ਨੂੰ ਸਲਾਹ ਦਿੱਤੀ ਕਿ ਇੱਕ ਦਾਸ ਉਸ ਦਾ ਵਾਰਸ ਹੋਵੇਗਾ। ਉਤਪਤ 17:15-18, ਪਰਮੇਸ਼ੁਰ ਦੇ ਇਹ ਕਹਿਣ ਤੋਂ ਬਾਅਦ ਕਿ ਸਾਰਾਹ ਦੇ ਇੱਕ ਪੁੱਤਰ ਹੋਵੇਗਾ, ਅਬਰਾਹਾਮ ਆਪਣੇ ਆਪ ਤੇ ਹੱਸਿਆ ਅਤੇ ਸੋਚਿਆ, "ਕੀ ਸੌ ਸਾਲ ਦੀ ਉਮਰ ਦੇ ਆਦਮੀ ਦੇ ਦੁਆਰਾ ਇੱਕ ਬੱਚਾ ਪੈਦਾ ਹੋਵੇਗਾ? ਕੀ ਸਾਰਾਹ ਜੋ ਨੱਬੇ ਸਾਲਾਂ ਦੀ ਹੈ, ਇੱਕ ਬੱਚੇ ਨੂੰ ਜਨਮ ਦੇਵੇਗੀ?" ਫਿਰ ਉਸ ਨੇ ਪਰਮੇਸ਼ੁਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਇਸਮਾਏਲ ਨੂੰ ਆਪਣਾ ਵਾਰਸ ਮੰਨ ਲਵੇਗਾ। ਸਾਫ਼ ਸ਼ਬਦਾਂ ਵਿੱਚ, ਜਿਵੇਂ-ਜਿਵੇਂ ਮਹੀਨੇ ਸਾਲਾਂ ਵਿੱਚ ਅਤੇ ਸਾਲ ਦਹਾਕਿਆਂ ਵਿੱਚ ਬਦਲਦੇ ਗਏ, ਅਬਰਾਹਾਮ ਇਸ ਵਾਅਦੇ ਦੇ ਨਾਲ ਜੂਝਦਾ ਰਿਹਾ ਕਿ ਉਹ "ਕੌਮਾਂ ਦਾ ਪਿਤਾ ਹੋਵੇਗਾ।"

ਫਿਰ ਕਿਉਂ ਪੌਲੁਸ ਕਹਿੰਦਾ ਹੈ ਕਿ ਅਬਰਾਹਾਮ ਨੇ "ਬੇਪਰਤੀਤ ਨਾਲ ਸੰਕਾ ਨਾ ਕੀਤੀ" ਅਤੇ ਉਹ ਨੂੰ "ਪੱਕੀ ਨਿਹਚਾ ਸੀ ਭਈ ਜਿਹ ਦਾ ਉਸ ਨੇ ਬਚਨ ਦਿੱਤਾ ਉਸ ਦੇ ਪੂਰਿਆਂ ਕਰਨ ਨੂੰ ਵੀ ਸਮਰਥ ਹੈ" (4:20, 21)? ਇਸ ਸਵਾਲ ਦਾ ਜਵਾਬ ਦੇਣ ਲਈ ਇੱਕ ਰਾਹ ਇਸ ਗੱਲ ਤੇ ਜ਼ੋਰ ਦੇਣਾ ਹੈ ਕਿ ਅਬਰਾਹਾਮ ਦੀ ਜੱਦੋਜਹਿਦ ਵਾਅਦੇ ਨਾਲ ਨਹੀਂ ਸੀ ਕਿ ਇਹ ਵਾਅਦਾ *ਕਿਵੇਂ* ਪੂਰਾ ਹੋਵੇਗਾ।

ਹੋ ਸਕਦਾ ਹੈ ਕਿ ਅਬਰਾਹਾਮ ਦਾ ਆਪਣੀ ਨਿਹਚਾ ਦੇ ਨਾਲ ਸੰਘਰਸ਼ ਹੋਵੇ, ਉਸ ਦੀਆਂ ਕਮੀਆਂ ਹੋਣ, ਇੱਥੋਂ ਤੱਕ ਕਿ ਅਸਥਾਈ ਸ਼ੱਕ ਹੋਣ—ਪਰ ਉਸ ਨੇ ਕਦੀ ਵੀ ਆਪਣੀਆਂ ਅੱਖਾਂ ਪਰਮੇਸ਼ੁਰ ਤੋਂ ਨਹੀਂ ਹਟਾਈਆਂ। ਅਬਰਾਹਾਮ ਦੀ ਨਿਹਚਾ ਦੀ ਮਾਤਰਾ ਅਤੇ ਕਿਸਮ ਇੰਨੀ ਮਹੱਤਵਪੂਰਣ ਨਹੀਂ ਸੀ ਜਿਨ੍ਹਾਂ ਕਿ ਉਸ ਦੀ ਨਿਹਚਾ ਦਾ ਕੇਂਦਰ ਮਹੱਤਵਪੂਰਣ ਸੀ।

ਬੇਪਰਤੀਤ ਨਾਲ ਸੰਕਾ ਕਰਨ ਦੀ ਬਜਾਇ, ਅਬਰਾਹਾਮ **ਨਿਹਚਾ ਵਿੱਚ ਤਕੜਾ ਹੁੰਦਾ ਗਿਆ**। "ਤਕੜਾ ਹੋ ਕੇ" ਸ਼ਬਦ ἐνδυναμόω (*ਐਨਡਿਉਨੇਮੂ*) ਤੋਂ ਨਿੱਕਲਿਆ ਹੈ, ਜੋ δύναμις (*ਡਿਉਨੈਮਿਸ*) ਨਾਲ ਸੰਬੰਧਤ ਹੈ, ਜਿਹੜਾ "ਤਾਕਤ" ਦੇ ਲਈ ਵਰਤਿਆ ਜਾਣ ਵਾਲਾ ਇੱਕ ਸ਼ਬਦ ਹੈ। ਲਿਖਤ ਵਿੱਚ ਕਿਰਿਆ ਕਰਮਵਾਚਕ ਹੈ, ਇਸ ਲਈ ਇਸ ਦਾ ਅਨੁਵਾਦ "ਸਮਰੱਥ ਬਣਾਇਆ ਗਿਆ" ਜਾਂ "ਤਕੜਾ ਕੀਤਾ ਗਿਆ" ਕੀਤਾ ਜਾ ਸਕਦਾ ਹੈ (ਵੇਖੋ NIV; NKJV)।

"ਨਿਹਚਾ ਵਿੱਚ" ਵਾਕ ਦਾ ਅਨੁਵਾਦ τῇ πίστει (*ਟੇਪਿਸਟੀ,* "ਨਿਹਚਾ") ਤੋਂ ਕੀਤਾ ਗਿਆ ਹੈ, ਜੋ ਸੰਪਰਦਾਨ ਕਾਰਕ ਹੈ ਜਿਸ ਵਿੱਚ ਕੋਈ ਵੀ ਉਪਸਰਗ ਨਹੀਂ ਹੈ।[36] NASB ਅਤੇ ਹੋਰ ਦੂਜੇ ਮਿਆਰੀ ਅਨੁਵਾਦ ਉਪਸਰਗ "ਵਿੱਚ," ਲਗਾਉਂਦੇ ਹਨ ਪਰ ਕੁਝ ਸ਼ਬਦ "ਦੁਆਰਾ" ਜਾਂ "ਰਾਹੀਂ" ਵਰਤਦੇ ਹਨ। "ਯੂਨਾਨੀ ਸ਼ਾਇਦ ਇਸ ਤਰ੍ਹਾਂ ਦੇ ਨਾਲ ਸਮਝ ਸਕਦੇ ਹਨ 'ਉਹ ਆਪਣੀ ਨਿਹਚਾ ਵਿੱਚ ਮਜ਼ਬੂਤ ਕੀਤਾ ਗਿਆ ਸੀ' (ਉਸ ਦੀ ਨਿਹਚਾ ਤਕੜੀ ਹੋ ਗਈ ਸੀ), ਜਾਂ 'ਉਹ ਆਪਣੀ ਨਿਹਚਾ ਰਾਹੀਂ ਤਕੜਾ ਕੀਤਾ ਗਿਆ ਸੀ'।"[37] ਕਿਸੇ ਵੀ ਤਰੀਕੇ ਦੇ ਨਾਲ ਹੋਵੇ, ਅਬਰਾਹਾਮ ਯਹੋਵਾਹ ਅਤੇ ਉਸ ਦੇ ਵਾਅਦਿਆਂ ਵਿੱਚ ਆਪਣੇ ਆਤਮ ਵਿਸ਼ਵਾਸ ਵਿੱਚ ਮਜ਼ਬੂਤ ਹੋ ਗਿਆ ਸੀ। ਜਿਵੇਂ ਕਿ ਸਰੀਰਕ ਕਸਰਤ ਸਰੀਰ ਨੂੰ ਮਜ਼ਬੂਤ ਬਣਾਉਂਦੀ ਹੈ, ਇਸੇ ਤਰ੍ਹਾਂ ਕਿਸੇ ਦੇ ਦੁਆਰਾ ਆਪਣੀ ਨਿਹਚਾ ਦਾ ਅਭਿਆਸ ਕਰਨਾ (ਇਸ ਉੱਤੇ ਨਿਰਭਰ ਕਰਨਾ ਅਤੇ ਇਸ ਤੇ ਕੰਮ ਕਰਨਾ) ਉਸ ਨਿਹਚਾ ਨੂੰ ਮਜ਼ਬੂਤ ਕਰੇਗਾ।

ਜਦੋਂ ਅਬਰਾਹਾਮ ਦੀ ਨਿਹਚਾ ਮਜ਼ਬੂਤ ਹੋ ਗਈ, ਉਹ ਨੇ **ਪਰਮੇਸ਼ੁਰ ਦੀ ਵਡਿਆਈ ਕੀਤੀ**। ਪਰਮੇਸ਼ੁਰ ਨੂੰ "ਵਡਿਆਈ" (δόξα, *ਡੌਕਸ*) ਦੇਣਾ ਉਹ ਵਡਿਆਈ ਹੈ ਜੋ ਪਰਮੇਸ਼ੁਰ ਦੀ ਬਣਦੀ ਹੈ। ਅਧਿਆਇ 1 ਵਿੱਚ ਪੌਲੁਸ ਨੇ ਉਨ੍ਹਾਂ ਲੋਕਾਂ ਦੇ ਬਾਰੇ ਦੱਸਿਆ ਜਿਨ੍ਹਾਂ, "ਭਾਵੇਂ . . . ਪਰਮੇਸ਼ੁਰ ਨੂੰ ਜਾਣ ਲਿਆ ਪਰ ਤਾਂ ਵੀ ਪਰਮੇਸ਼ੁਰ ਦੇ ਜੋਗ ਵਡਿਆਈ ਨਾ ਕੀਤੀ" (ਰੋਮੀ. 1:21)। ਅਬਰਾਹਾਮ ਉਨ੍ਹਾਂ ਨਾਸ਼ੁਕਰਿਆਂ ਦੇ ਵਾਂਗ ਨਹੀਂ ਸੀ; ਉਸ ਨੇ ਯਹੋਵਾਹ ਦਾ ਆਦਰ ਕੀਤਾ ਸੀ। ਸਾਨੂੰ ਇਸ ਸੰਬੰਧ ਵਿੱਚ ਪਿਤਾ ਅਬਰਾਹਾਮ ਦੀ ਪੈੜ ਤੇ ਚੱਲਣ ਦੀ ਲੋੜ ਹੈ। "ਉਸ [ਪਰਮੇਸ਼ੁਰ] ਦੀ ਵਡਿਆਈ ਹੁਣ ਅਤੇ ਜੁੱਗੋ ਜੁੱਗ ਹੁੰਦੀ ਰਹੇ" (2 ਪਤਰਸ 3:18)।

**ਆਇਤ 21.** ਇਹ ਆਇਤ ਅਬਰਾਹਾਮ ਦੀ ਨਿਹਚਾ ਦਾ ਇੱਕ ਸਾਰ ਹੈ, ਸੰਪੂਰਣ ਭਰੋਸੇ ਦਾ ਸੰਖੇਪ ਬਿਆਨ: **ਅਤੇ ਉਹ ਨੂੰ ਪੱਕੀ ਨਿਹਚਾ ਸੀ ਭਈ ਜਿਹ ਦਾ ਉਸ ਨੇ ਬਚਨ ਦਿੱਤਾ ਉਸ ਦੇ ਪੂਰਿਆਂ ਕਰਨ ਨੂੰ ਵੀ ਸਮਰਥ** ਹੈ। "ਪੱਕੀ ਨਿਹਚਾ ਸੀ" ਸ਼ਬਦ πληροφορέω (*ਪਲੀਰੀਫੋਰੀਓ*) ਤੋਂ ਆਉਂਦਾ ਹੈ ਜੋ ਕਿ πλήρης (*ਪਲੇਰੀਸ,* "ਸੰਪੂਰਣ" ਜਾਂ "ਪੂਰਾ") ਅਤੇ φέρω (*ਫੇਰੋ,* "ਉਠਾਉਣਾ" ਜਾਂ "ਚੁੱਕਣਾ") ਦਾ ਸੁਮੇਲ ਹੈ। ਇਸ ਦਾ ਅਰਥ ਸੀ "ਪੂਰੀ ਤਾਕਤ ਲਗਾ ਦੇਣਾ।" ਇਸ ਸੰਦਰਭ ਵਿੱਚ, *ਪਲੀਰੀਫੋਰੀਓ* "ਨਿਸ਼ਚਿਤਤਾ ਪ੍ਰਾਪਤ ਕਰਨ ਨੂੰ ਦੱਸਦਾ ਹੈ।"[38]

ਅਬਰਾਹਾਮ ਨੇ ਨਿਹਚਾ ਕੀਤੀ ਸੀ ਕਿ ਪਰਮੇਸ਼ੁਰ "ਸਮਰੱਥ ਸੀ" ਉਹ ਕਰਨ ਦੇ ਲਈ ਜਿਸ ਦਾ ਉਸ ਨੇ ਵਾਅਦਾ ਕੀਤਾ ਸੀ। ਨਵੇਂ ਅਤੇ ਪੁਰਾਣੇ ਦੋਵਾਂ ਨੇਮਾਂ ਵਿੱਚ ਇੱਕ ਵਿਸ਼ਾ ਕਿ

ਸਾਡਾ ਪਰਮੇਸ਼ੁਰ "ਸਮਰਥ ਹੈ" (ਵੇਖੋ ਦਾਨੀਏਲ 3:17; ਰੋਮੀ. 11:23; 14:4; 2 ਕੁਰਿੰਥੀਆਂ 9:8; ਇਬਰਾਨੀਆਂ 7:25). "ਸਮਰਥ" ਸ਼ਬਦ ਦਾ ਅਨੁਵਾਦ δυνατός (*ਡਿਉਨੇਟੋਸ*) ਤੋਂ ਕੀਤਾ ਗਿਆ ਹੈ ਜੋ *ਡੂਨੈਮਿਸ* ਵਾਂਗ ਇੱਕੋ ਸ਼ਬਦ ਸ਼੍ਰੇਣੀ ਤੋਂ ਆਇਆ ਹੈ, ਜੋ "ਸ਼ਕਤੀ" ਦੇ ਲਈ ਵਰਤਿਆ ਜਾਂਦਾ ਹੈ। ਸਾਡਾ ਪਰਮੇਸ਼ੁਰ ਸਰਬ-ਸ਼ਕਤੀਮਾਨ, ਸਾਰੀ ਸਮਰੱਥ ਦਾ ਮਾਲਕ ਹੈ! TEV ਅਨੁਵਾਦ ਕਹਿੰਦਾ ਹੈ ਕਿ ਅਬਰਾਹਾਮ ਨੂੰ "ਪੂਰਾ ਯਕੀਨ ਸੀ ਕਿ ਪਰਮੇਸ਼ੁਰ ਉਹ ਕਰਨ ਦੇ ਯੋਗ ਹੈ ਜਿਸ ਦਾ ਉਸ ਨੇ ਵਾਅਦਾ ਕੀਤਾ ਸੀ।" ਕਦੀ-ਕਦੀ, ਅਸੀਂ ਵਾਅਦੇ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਪੂਰਾ ਕਰਨ ਵਿੱਚ ਅਯੋਗ ਹੁੰਦੇ ਹਾਂ। ਭਾਵੇਂ ਸਾਡੇ ਮਨ ਵਿੱਚ ਉਨ੍ਹਾਂ ਵਾਅਦਿਆਂ ਨੂੰ ਕਰਨ ਦੀ ਪੂਰੀ-ਪੂਰੀ ਇੱਛਾ ਹੁੰਦੀ ਹੈ ਅਤੇ ਅਸੀਂ ਉਨ੍ਹਾਂ ਨੂੰ ਪੂਰਾ ਕਰਨ ਦੀ ਪੂਰੀ-ਪੂਰੀ ਕੋਸ਼ਿਸ਼ ਵੀ ਕਰਦੇ ਹਾਂ, ਤਾਂ ਵੀ ਕਈ ਵਾਰ ਅਸੀਂ ਅਸਫ਼ਲ ਹੋ ਜਾਂਦੇ ਹਾਂ। ਸਾਡਾ ਪਰਮੇਸ਼ੁਰ ਅਜਿਹਾ ਨਹੀਂ ਹੈ। ਜਦੋਂ ਉਹ ਕੋਈ ਵਾਅਦਾ ਕਰਦਾ ਹੈ, ਤਾਂ ਉਹ ਉਸ ਨੂੰ ਪੂਰਾ ਕਰਨ ਦੇ ਯੋਗ ਹੁੰਦਾ ਹੈ।

ਅਬਰਾਹਾਮ ਸਿਰਫ ਇਹੋ ਨਿਹਚਾ ਹੀ ਨਹੀਂ ਕਰਦਾ ਸੀ ਕਿ ਪਰਮੇਸ਼ੁਰ ਉਸ ਨੂੰ ਕਰ ਸਕਦਾ ਹੈ ਜੋ ਉਸ ਨੇ ਕਰਨ ਦਾ ਵਾਅਦਾ ਕੀਤਾ ਹੈ; ਸਗੋਂ ਉਸ ਨੇ ਇਹ ਵੀ ਨਿਹਚਾ ਕੀਤੀ ਕਿ ਪਰਮੇਸ਼ੁਰ ਇਸ ਨੂੰ ਜ਼ਰੂਰ ਕਰੇਗਾ। ਉਸ ਨੇ ਨਿਹਚਾ ਕੀਤੀ ਕਿ ਪਰਮੇਸ਼ੁਰ ਵਫ਼ਾਦਾਰ ਹੈ (ਵੇਖੋ ਬਿਵਸਥਾ ਸਾਰ 7:9; 1 ਕੁਰਿੰਥੀਆਂ 1:9)। ਇੱਕ ਗੱਲ ਜੋ ਪਰਮੇਸ਼ੁਰ ਨਹੀਂ ਕਰ ਸਕਦਾ ਹੈ ਉਹ ਹੈ ਝੂਠ ਬੋਲਣਾ (ਤੀਤੁਸ 1:2; ਇਬਰਾਨੀਆਂ 6:18)। ਲੋਕ ਹਮੇਸ਼ਾ ਆਪਣੇ ਬੋਲ ਨੂੰ ਪੂਰਾ ਨਹੀਂ ਕਰ ਸਕਦੇ, ਪਰ ਪਰਮੇਸ਼ੁਰ ਕਰਦਾ ਹੈ। ਜੋ ਉਸ ਨੇ ਵਾਅਦਾ ਕੀਤਾ ਹੈ, ਉਹ ਉਸ ਨੂੰ ਪੂਰਾ ਕਰੇਗਾ!

ਕੀ ਅਬਰਾਹਾਮ ਦੇ ਲਈ ਇਹ ਨਿਹਚਾ ਕਰਨਾ ਸੌਖਾ ਸੀ ਕਿ ਪਰਮੇਸ਼ੁਰ ਆਪਣੇ ਵਾਅਦੇ ਨੂੰ ਪੂਰਾ ਕਰੇਗਾ? ਡੌਨਾਲਡ ਬਾਰਨਹਾਊਸ ਨੇ ਕਲਪਨਾ ਕੀਤੀ ਹੈ ਕਿ ਸਾਲ ਦਰ ਸਾਲ ਬਿਨਾਂ ਕਿਸੇ ਪੁੱਤਰ ਦੇ ਰਹਿਣਾ ਅਬਰਾਮ (ਜਿਸ ਨਾਮ ਨਾਲ ਉਸ ਨੂੰ ਉਸ ਸਮੇਂ ਜਾਣਿਆ ਜਾਂਦਾ ਸੀ) ਦੇ ਲਈ ਕਿੰਨਾ ਨਿਰਾਸ਼ਾਜਨਕ ਰਿਹਾ ਹੋਵੇਗਾ। ਉਸ ਨੇ ਕਲਪਨਾ ਕੀਤੀ ਕਿ ਕਿਵੇਂ ਅਮੀਰ ਵਪਾਰੀਆਂ ਦੇ ਕਾਫਲੇ ਕਨਾਨ ਵਿੱਚੋਂ ਲੰਘਦੇ ਸਮੇਂ ਅਬਰਾਮ ਦੇ ਖੂਹਾਂ ਤੇ ਰੁਕਦੇ ਹੋਣਗੇ ਅਤੇ ਉਸ ਦੇ ਨੌਕਰਾਂ ਤੋਂ ਭੋਜਨ ਖਰੀਦਦੇ ਹੋਣਗੇ। ਜਦੋਂ ਉਹ ਅਬਰਾਮ ਨੂੰ ਆਦਰ ਦਿੰਦੇ ਹੋਣਗੇ ਤਾਂ ਕੁਦਰਤੀ ਤੌਰ ਤੇ ਉਹ ਇਹ ਪੁੱਛ-ਗਿੱਛ ਕਰਦੇ ਹੋਣਗੇ ਕਿ ਉਹ ਕੌਣ ਸੀ, ਉਹ ਕਿੱਥੋਂ ਆਇਆ ਸੀ ਅਤੇ ਉਹ ਉੱਥੇ ਕਿੰਨੀ ਦੇਰ ਤੋਂ ਰਹਿੰਦਾ ਸੀ। ਬਾਰ-ਬਾਰ, ਜਦੋਂ ਉਹ ਆਪਣੇ ਆਪ ਨੂੰ ਅਬਰਾਮ ("ਮੁਬਾਰਕ ਪਿਤਾ") ਦੇ ਰੂਪ ਵਿੱਚ ਜਾਣੂ ਕਰਵਾਉਂਦਾ ਸੀ, ਤਾਂ ਉਹ ਜ਼ਰੂਰ ਪੁੱਛਦੇ ਹੋਣਗੇ, "ਤੁਹਾਡੇ ਕਿੰਨੇ ਪੁੱਤਰ ਹਨ?" ਸ਼ਰਮਿੰਦਗੀ ਅਤੇ ਅਪਮਾਨ ਦੇ ਨਾਲ ਉਸ ਨੂੰ ਉੱਤਰ ਦੇਣਾ ਪੈਂਦਾ ਹੋਵੇਗਾ "ਕੋਈ ਨਹੀਂ।" ਪੂਰਵਜ ਦੇ ਕੋਲ ਵੱਡੀ-ਤਾਕਤ, ਬਹੁਤ ਸਾਰੇ ਪਸ਼ੂ ਅਤੇ ਅਣਗਿਣਤ ਨੌਕਰ-ਚਾਕਰ ਸਨ—ਪਰ ਉਸ ਦੇ ਬੱਚੇ ਨਹੀਂ ਸਨ।[39]

ਕਈ ਸਾਲ ਉਡੀਕ ਕਰਨ ਦੇ ਬਾਵਜੂਦ ਵੀ, ਅਬਰਾਹਾਮ ਨੂੰ ਇਸ ਗੱਲ ਦੀ "ਪੱਕੀ ਨਿਹਚਾ ਸੀ ਭਈ ਜਿਹ ਦਾ ਪਰਮੇਸ਼ੁਰ ਨੇ ਬਚਨ ਦਿੱਤਾ ਉਸ ਦੇ ਪੂਰਿਆਂ ਕਰਨ ਨੂੰ ਵੀ ਸਮਰਥ ਹੈ।" ਅਬਰਾਹਾਮ ਦੀ ਨਿਹਚਾ ਕਿਸੇ ਅਜਿਹੀ ਚੀਜ਼ ਤੇ ਆਧਾਰਿਤ ਨਹੀਂ ਸੀ ਜਿਸ ਦੀ ਉਹ ਨੇ ਕਲਪਨਾ ਕੀਤੀ ਸੀ ਜਾਂ ਜਿਸ ਦਾ ਉਸ ਨੇ ਸੁਫ਼ਨਾ ਵੇਖਿਆ ਸੀ; ਇਹ ਦ੍ਰਿੜਤਾ ਦੇ ਨਾਲ ਉਸ ਗੱਲ ਤੇ ਟਿਕੀ ਹੋਈ ਸੀ ਜੋ ਪਰਮੇਸ਼ੁਰ ਨੇ *ਕਿਹਾ* ਸੀ।

**ਆਇਤ 22.** ਪੌਲੁਸ ਨੇ ਦੁਬਾਰਾ ਉਤਪਤ 15:6 ਦਾ ਹਵਾਲਾ ਦੇ ਕੇ ਅਬਰਾਹਾਮ ਦੀ

ਜ਼ਿੰਦਗੀ ਦੀ ਸਮੀਖਿਆ ਦਾ ਸਿੱਟਾ ਕੱਢਿਆ: **ਇਸ ਕਰਕੇ ਇਹ** [ਅਬਰਾਹਾਮ ਦੀ ਨਿਹਚਾ] **ਉਹ ਦੇ ਲਈ ਧਰਮ ਵੀ ਗਿਣੀ** [*ਲੋਗੀਜ਼ੋਮਾਈ*] **ਗਈ।** ਉਸ ਦੀ ਨਿਹਚਾ ਸਿੱਧ ਨਹੀਂ ਸੀ, ਪਰ ਫਿਰ ਵੀ ਇਹ ਨਿਹਚਾ ਸੀ। ਇਸੇ ਨਿਹਚਾ ਦੇ ਕਾਰਨ, ਪਰਮੇਸ਼ੁਰ ਨੇ ਅਬਰਾਹਾਮ ਨੂੰ ਧਰਮੀ ਗਿਣਿਆ ਸੀ।

**ਆਇਤ 23, 24.** ਫਿਰ ਪੌਲੁਸ ਨੇ ਆਪਣੇ ਪਾਠਕਾਂ ਨੂੰ ਜਿਸ ਵਿੱਚ ਅਸੀਂ ਵੀ ਸ਼ਾਮਲ ਹਾਂ ਇੱਕ ਪ੍ਰਾਸੰਗਿਕਤਾ ਦਿੱਤੀ: **ਇਹ ਗੱਲ ਭਈ ਉਹ ਦੇ ਲਈ ਗਿਣੀ ਗਈ** [*ਲੋਗੀਜ਼ੋਮਾਈ*] **ਨਿਰੀ ਓਸੇ** [ਅਬਰਾਹਾਮ] **ਦੇ ਨਮਿੱਤ ਨਹੀਂ ਲਿਖੀ ਗਈ ਸਗੋਂ ਸਾਡੇ ਨਮਿੱਤ ਵੀ।** ਉਤਪਤ 15:6 ਸਿਰਫ "[ਅਬਰਾਹਾਮ] ਦੀ ਯਾਦ ਵਿੱਚ ਐਵੇਂ ਹੀ ਨਹੀਂ ਲਿਖੀ ਗਈ ਸੀ ਕਿ ਉਹ ਲੋਕਾਂ ਦੀ ਯਾਦ ਵਿੱਚ ਰਹਿ ਸਕੇ।"[40] ਪਰਮੇਸ਼ੁਰ ਨੇ ਹੀ ਮੂਸਾ ਨੂੰ ਏਹ ਸ਼ਬਦ ਲਿਖਣ ਲਈ ਕਿਹਾ ਕਿਉਂਕਿ ਉਹ ਮੂਸਾ ਦੇ ਸਮੇਂ ਦੇ ਲੋਕਾਂ ਲਈ ਚਾਹੁੰਦਾ ਸੀ ਕਿ ਉਹ ਕੁਝ ਸਿੱਖਣ—ਅਤੇ ਪੌਲੁਸ ਨੇ ਕਿਹਾ ਕਿ ਪਰਮੇਸ਼ੁਰ ਹੁਣ ਵੀ ਚਾਹੁੰਦਾ ਹੈ ਕਿ ਲੋਕ ਉਨ੍ਹਾਂ ਤੋਂ ਸਿੱਖਣ। ਇਤਿਹਾਸ ਵਿੱਚ ਲਿਖੀਆ ਗੱਲਾਂ ਨੂੰ ਪੜ੍ਹ ਕੇ ਸੁਣਾਉਣ ਵਿੱਚ ਰਸੂਲ ਦੀ ਦਿਲਚਸਪੀ ਬਹੁਤ ਹੀ ਘੱਟ ਸੀ, ਪਰ ਉਸ ਦੀ ਸਭ ਤੋਂ ਵੱਡੀ ਇੱਛਾ ਇਹ ਸੀ ਕਿ ਲੋਕਾਂ ਦੇ ਦਿਲ ਅਤੇ ਜ਼ਿੰਦਗੀਆਂ ਬਦਲ ਜਾਣ।

ਉਤਪਤ 15:6 ਮਸੀਹੀ ਲੋਕਾਂ ਦੇ ਲਈ ਲਿਖੀ ਗਈ ਸੀ **ਜਿਨ੍ਹਾਂ ਲਈ** [ਨਿਹਚਾ] **ਗਿਣੀ** [*ਲੋਗੀਜ਼ੋਮਾਈ*] **ਜਾਵੇਗੀ।** ਸਾਡੀ ਨਿਹਚਾ ਸਾਡੇ ਲਈ ਉਸੇ ਤਰੀਕੇ ਦੇ ਨਾਲ ਧਾਰਮਿਕਤਾ ਗਿਣੀ ਜਾਵੇਗੀ ਜਿਵੇਂ ਅਬਰਾਹਾਮ ਦੇ ਲਈ ਗਿਣੀ ਗਈ ਸੀ ਕਿਉਂਕਿ ਅਸੀਂ ਦੋਵੇਂ ਕਿਰਪਾ/ਨਿਹਚਾ ਪ੍ਰਣਾਲੀਆਂ ਦੇ ਹੇਠ ਹਾਂ। 22 ਤੋਂ 24 ਆਇਤਾਂ ਵਿੱਚ *ਲੋਗੀਜ਼ੋਮਾਈ* ਸ਼ਬਦ ਦੀ ਤਿਹਰੀ ਵਰਤੋਂ ਪਰਮੇਸ਼ੁਰ ਦੇ ਅਦਭੁਤ ਲੇਖਾ ਪ੍ਰਬੰਧ ਦੇ ਵੱਲ ਇਸ਼ਾਰਾ ਕਰਦੀ ਹੈ (ਵੇਖੋ 4:3-8 ਤੇ ਟਿੱਪਣੀਆਂ)। CJB ਬਾਈਬਲ ਦੇ ਅਨੁਵਾਦ ਵਿਚ ਹੈ "ਸਗੋਂ ਸਾਡੇ ਨਮਿੱਤ ਵੀ . . . ਲਿਖੀ ਗਈ ਅਰਥਾਤ ਸਾਡੇ ਖਾਤੇ ਵਿੱਚ ਵੀ ਇਹ ਧਾਰਮਿਕਤਾ ਗਿਣੀ ਜਾਵੇਗੀ।" ਆਇਤ 25 ਵਿੱਚ, AB ਅਨੁਵਾਦ ਟਿੱਪਣੀ ਕਰਦਾ ਹੈ ਕਿ ਕੀ ਮਸੀਹ, "ਸਾਡੇ ਖਾਤੇ ਨੂੰ ਬਰਾਬਰ ਕਰਨ ਦੇ ਲਈ ਮਰਿਆ ਸੀ।" ਇਹ ਰੋਮੀਆਂ ਦੀ ਪੱਤ੍ਰੀ ਦੇ ਆਖ਼ਰੀ ਹਵਾਲਿਆਂ ਵਿੱਚੋਂ ਇੱਕ ਹੈ ਜਿਨ੍ਹਾਂ ਵਿੱਚ ਪਰਮੇਸ਼ੁਰ ਦੇ "ਵਹੀਖਾਤੇ" ਰੱਖਣ ਦੇ ਤਰੀਕੇ ਬਾਰੇ ਦੱਸਿਆ ਗਿਆ ਹੈ, ਪਰ ਇਹ ਬਾਕੀ ਦੀ ਬਚੀ ਪੱਤ੍ਰੀ ਦੇ ਲਈ ਹਵਾਲਿਆਂ ਦਾ ਇੱਕ ਬਿੰਦੂ ਪ੍ਰਦਾਨ ਕਰਦਾ ਹੈ।

ਮਸੀਹੀ ਲੋਕਾਂ ਦਾ ਉਨ੍ਹਾਂ ਵਜੋਂ ਵਰਣਨ ਕੀਤਾ ਗਿਆ ਹੈ **ਜਿਹੜੇ ਓਸ** [ਪਰਮੇਸ਼ੁਰ] **ਉੱਤੇ ਨਿਹਚਾ ਕਰਦੇ ਹਾਂ ਜਿਹ ਨੇ ਯਿਸੂ ਸਾਡੇ ਪ੍ਰਭੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ।** ਇੱਥੇ ਜੋ ਨਿਹਚਾ ਅਸੀਂ ਕਰਦੇ ਹਾਂ ਅਤੇ ਜੋ ਨਿਹਚਾ ਅਬਰਾਹਾਮ ਕਰਦਾ ਸੀ ਉਸ ਦੀ ਇੱਕ ਅਰਥਪੂਰਣ ਤੁਲਨਾ ਹੈ। ਪੂਰਵਜ ਉਸ ਪਰਮੇਸ਼ੁਰ ਉੱਤੇ ਨਿਹਚਾ ਕਰਦਾ ਸੀ ਜੋ "ਮੁਰਦਿਆਂ ਨੂੰ ਜਿਵਾਲਦਾ ਹੈ" (4:17) ਅਤੇ ਸਾਡੇ ਅੰਦਰ ਵੀ ਉਸੇ ਪ੍ਰਕਾਰ ਦੀ ਨਿਹਚਾ ਹੋਣ ਦੀ ਲੋੜ ਹੈ। ਅਸਲ ਵਿੱਚ, ਯਿਸੂ ਦਾ ਜੀ ਉੱਠਣਾ ਸਾਡੀ ਨਿਹਚਾ ਦਾ ਕੇਂਦਰ ਹੈ। 1:4 ਵਿੱਚ, ਪੌਲੁਸ ਨੇ ਕਿਹਾ ਹੈ ਕਿ ਯਿਸੂ "ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਸਮੱਰਥਾ ਨਾਲ ਪਰਮੇਸ਼ੁਰ ਦਾ ਪੁੱਤਰ ਸਾਡਾ ਪ੍ਰਭੂ ਯਿਸੂ ਮਸੀਹ ਮਿਥਿਆ ਗਿਆ।" 10:9 ਵਿੱਚ, ਉਸ ਨੇ ਕਿਹਾ ਕਿ ਬਚਾਏ ਜਾਣ ਦੇ ਲਈ ਤੁਹਾਨੂੰ ਆਪਣੇ ਹਿਰਦੇ ਵਿੱਚ ਮੰਨ ਲੈਣਾ ਚਾਹੀਦਾ ਹੈ ਕਿ "ਪਰਮੇਸ਼ੁਰ ਨੇ ਉਹ [ਯਿਸੂ] ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਹੈ।" ਮਸੀਹ ਦੇ ਜੀ ਉੱਠਣ ਤੋਂ ਬਿਨਾਂ, ਸਾਡੇ ਕੋਲ "ਜਿਉਂਦੀ ਆਸ" ਨਹੀਂ ਹੈ (1 ਪਤਰਸ 1:3) ਅਤੇ ਸਾਡੀ ਨਿਹਚਾ "ਥੋਥੀ" ਹੈ (1 ਕੁਰਿੰਥੀਆਂ 15:17)।

**ਆਇਤ 25.** ਯਿਸੂ ਬਾਰੇ ਪੌਲੁਸ ਨੇ ਕਿਹਾ ਹੈ ਕਿ **ਉਹ . . . ਸਾਡੇ ਅਪਰਾਧਾਂ ਦੇ ਕਾਰਨ**

**ਫੜਵਾਇਆ ਗਿਆ ਅਤੇ ਸਾਨੂੰ ਧਰਮੀ ਠਹਿਰਾਉਣ ਲਈ ਜਿਵਾਲਿਆ ਗਿਆ।** ਬਹੁਤ ਸਾਰੇ ਲੇਖਕ ਸੁਝਾਅ ਦਿੰਦੇ ਹਨ ਕਿ ਪੌਲੁਸ ਇੱਕ "ਨਿਹਚਾ ਦੇ ਬਿਆਨ" ਦਾ ਹਵਾਲਾ ਦੇ ਰਿਹਾ ਸੀ ਜੋ ਆਰੰਭਕ ਮਸੀਹੀ ਲੋਕਾਂ ਦੇ ਦੁਆਰਾ ਵਰਤਿਆ ਜਾਂਦਾ ਸੀ। ਇਹ ਇਸ ਤਰ੍ਹਾਂ ਹੈ ਕਿ ਨਹੀਂ ਅਸੀਂ ਇਹ ਨਹੀਂ ਜਾਣਦੇ ਹਾਂ। ਸਾਨੂੰ ਜੋ ਜਾਣਨ ਦੀ ਲੋੜ ਹੈ ਉਹ ਇਹ ਹੈ ਕਿ ਇੱਕ ਪ੍ਰੇਰਿਤ ਆਦਮੀ ਨੇ ਇਹ ਲਿਖਿਆ ਅਤੇ ਇਸ ਲਈ ਇਹ ਪ੍ਰਭੂ ਵੱਲੋਂ ਹੈ।

ਜਦੋਂ ਪੌਲੁਸ ਨੇ ਕਿਹਾ ਕਿ ਯਿਸੂ "ਫੜਵਾਇਆ ਗਿਆ," ਤਾਂ ਇਹ ਆਪਣੇ ਆਪ ਹੀ ਸਮਝ ਆ ਜਾਂਦਾ ਹੈ ਕਿ ਉਹ ਆਪਣੇ ਵੈਰੀਆਂ ਦੇ ਹੱਥੀਂ ਸਲੀਬ ਉੱਤੇ ਚੜ੍ਹਾਏ ਜਾਣ ਲਈ "ਫੜਵਾਇਆ ਗਿਆ" ਸੀ। NIV ਵਿੱਚ ਇਸ ਦਾ ਅਨੁਵਾਦ ਇਸ ਤਰ੍ਹਾਂ ਹੈ "ਉਹ ਮੌਤ ਦੇ ਲਈ ਫੜਵਾਇਆ ਗਿਆ ਸੀ।" "ਫੜਵਾਇਆ ਗਿਆ" ਸ਼ਬਦ ਦਾ ਅਨੁਵਾਦ παραδιδωμι (*ਪੈਰਾਡਿਡੋਮੀ*) ਤੋਂ ਕੀਤਾ ਗਿਆ ਹੈ। ਇਹ παρά (*ਪੈਰਾ*, "ਨਾਲ-ਨਾਲ") ਅਤੇ δίδωμι (*ਡਿਡੋਮੀ*, "ਦੇਣਾ") ਨੂੰ ਆਪਸ ਵਿਚ ਜੋੜਦਾ ਹੈ। ਇਹ ਸ਼ਬਦ ਯਿਸੂ ਦੇ ਦੁਸ਼ਮਣਾਂ ਦੇ ਉਸ ਨੂੰ ਫੜ ਲੈਣ ਦੇ ਸੰਬੰਧ ਵਿੱਚ ਵਰਤਿਆ ਗਿਆ ਸੀ, ਪਰ ਆਇਤ 25 ਯਿਸੂ ਦੇ ਦੁਸ਼ਮਣਾਂ ਦਾ ਹਵਾਲਾ ਨਹੀਂ ਦਿੰਦੀ ਹੈ। ਮਸੀਹ ਦੇ ਵਿਰੋਧੀਆਂ ਦੀ "ਸਾਡੇ ਅਪਰਾਧਾਂ"[41] ਵਿੱਚ ਕੋਈ ਦਿਲਚਸਪੀ ਨਹੀਂ ਸੀ; ਉਨ੍ਹਾਂ ਦਾ ਮਤਲਬ ਬਸ ਉਸ ਤੋਂ ਛੁਟਕਾਰਾ ਪਾਉਣਾ ਸੀ ਜਿਸ ਦੇ ਨਾਲ ਓਹ ਨਫਰਤ ਕਰਦੇ ਸਨ। ਆਇਤ 25 *ਪਰਮੇਸ਼ੁਰ* ਦੇ ਬਾਰੇ ਬੋਲਦੀ ਹੈ ਕਿ ਪਰਮੇਸ਼ੁਰ ਨੇ ਯਿਸੂ ਨੂੰ ਸਾਡੇ ਅਪਰਾਧਾਂ ਦੇ ਲਈ "ਪ੍ਰਾਸਚਿੱਤ" ਠਹਿਰਾਇਆ (3:25)। ਆਇਤ 8:32 ਵਿੱਚ, ਪੌਲੁਸ ਨੇ ਕਿਹਾ ਹੈ ਕਿ ਪਰਮੇਸ਼ੁਰ ਨੇ "ਆਪਣੇ ਪੁੱਤ੍ਰ ਦਾ ਵੀ ਸਰਫ਼ਾ ਨਾ ਕੀਤਾ ਸਗੋਂ ਉਹ ਨੂੰ ਅਸਾਂ ਸਭਨਾਂ ਦੇ ਲਈ ਦੇ ਦਿੱਤਾ।"

ਆਇਤ 25 ਦੀਆਂ ਕਈ ਵਿਸ਼ੇਸ਼ਤਾਵਾਂ ਨੇ ਟਿੱਪਣੀਕਾਰਾਂ ਨੂੰ ਉਲਝਣ ਵਿੱਚ ਪਾ ਦਿੱਤਾ ਹੈ। ਇੱਕ ਉਲਝਣ ਉਪਸਰਗ διά (*ਡੀਆ*) ਦਾ ਦੁਹਰਾਇਆ ਜਾਣਾ ਹੈ, ਜਿਸ ਦਾ NASB ਵਿੱਚ "ਦੇ ਕਾਰਨ" ਵਜੋਂ ਅਨੁਵਾਦ ਕੀਤਾ ਗਿਆ ਹੈ: "ਉਹ ਸਾਡੇ ਅਪਰਾਧਾਂ *ਦੇ ਕਾਰਨ* ਫੜਵਾਇਆ ਗਿਆ ਅਤੇ ਸਾਨੂੰ ਧਰਮੀ ਠਹਿਰਾਉਣ *ਦੇ ਕਾਰਨ* ਜਿਵਾਲਿਆ ਗਿਆ।" ਪੌਲੁਸ ਨੇ ਨਿਸ਼ਚਿਤ ਤੌਰ ਤੇ ਚਾਹਿਆ ਕਿ ਇਨ੍ਹਾਂ ਦੋਵਾਂ ਕਥਨਾਂ ਦੇ ਅਰਥ ਇਕੋ ਜਿਹੇ ਹੋਣ। ਮੁਸ਼ਕਲ ਇਹ ਹੈ ਕਿ "ਅਪਰਾਧ" ਅਤੇ "ਧਰਮੀ ਠਹਿਰਾਉਣਾ" ਦੋਵੇਂ ਇੱਕੋ ਸ਼੍ਰੇਣੀ ਦੇ ਨਹੀਂ ਹਨ; ਓਹ ਉਲਟ ਹਨ। ਪੌਲੁਸ ਸਪੱਸ਼ਟ ਤੌਰ ਤੇ ਚਾਹੁੰਦਾ ਹੈ ਕਿ ਉਸ ਦੇ ਪਾਠਕ ਬਿਆਨ ਦੇ ਹਰ ਵਿਚਾਰ ਨੂੰ ਪੂਰਾ ਕਰਨ: ਮਸੀਹ ਮਰਨ ਦੇ ਲਈ ਫੜਵਾਇਆ ਗਿਆ "ਕਿਉਂਕਿ" ਅਜਿਹਾ ਕਰਨਾ ਸਾਡੇ ਅਪਰਾਧਾਂ ਦੇ ਦੋਸ਼ ਨੂੰ ਦੂਰ ਕਰਨ ਦੇ ਲਈ ਜ਼ਰੂਰੀ ਸੀ ਅਤੇ ਉਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ "ਕਿਉਂਕਿ" ਇਹ ਸਾਡੀ ਧਾਰਮਿਕਤਾ ਨੂੰ ਪ੍ਰਾਪਤ ਕਰਨ ਦੇ ਲਈ ਜ਼ਰੂਰੀ ਸੀ।

ਹੋਰ ਸਪਸ਼ਟੀਕਰਣ ਦੇ ਲਈ ਆਇਤ 25 ਦੇ ਆਖ਼ਰੀ ਹਿੱਸੇ ਦੀ ਸ਼ਬਦਾਵਲੀ ਨੂੰ ਵੇਖਣਾ ਚਾਹੀਦਾ ਹੈ: ਉਹ "ਸਾਨੂੰ ਧਰਮੀ ਠਹਿਰਾਉਣ ਦੇ ਲਈ ਜਿਵਾਲਿਆ ਗਿਆ।" ਨਿਯਮ ਦੇ ਅਨੁਸਾਰ, ਪੌਲੁਸ ਨੇ ਦੱਸਿਆ ਕਿ ਮਸੀਹ ਸਾਨੂੰ ਧਰਮੀ ਠਹਿਰਾਉਣ ਦੇ ਲਈ *ਮਰਿਆ*। 5:9 ਵਿੱਚ, ਉਹ ਕਹਿੰਦਾ ਹੈ ਕਿ ਅਸੀਂ "ਉਸ ਦੇ ਲਹੂ ਦੇ ਦੁਆਰਾ ਧਰਮੀ ਠਹਿਰਾਏ ਗਏ ਹਾਂ" (ਵੇਖੋ 3:24, 25)। ਜਦ ਕਿ ਇੱਥੇ ਉਹ ਕਹਿੰਦਾ ਹੈ ਕਿ ਮਸੀਹ ਸਾਨੂੰ ਧਰਮੀ ਠਹਿਰਾਉਣ ਦੇ ਲਈ *ਜਿਵਾਲਿਆ ਗਿਆ।* ਇੱਕ ਤਰੀਕੇ ਨਾਲ ਯਿਸੂ ਦਾ ਜੀ ਉੱਠਣਾ ਸਾਨੂੰ ਧਰਮੀ ਠਹਿਰਾਉਣ ਲਈ ਇਸ ਕਰਕੇ ਹੈ ਕਿਉਂਕਿ ਜੀ ਉੱਠਣ ਦੇ ਕਾਰਨ, ਅਸੀਂ ਇਸ ਗੱਲ ਦੇ ਲਈ ਨਿਸ਼ਚਿਤ ਹੋ ਸਕਦੇ ਹਾਂ ਕਿ ਯਿਸੂ ਮਸੀਹ ਦੀ ਮੌਤ ਨੇ ਪਰਮੇਸ਼ੁਰ ਦੇ ਕ੍ਰੋਧ ਨੂੰ ਸੰਤੁਸ਼ਟ ਕਰ ਦਿੱਤਾ।

ਇੱਥੇ ਵਾਕ ਵਿੱਚ ਮਹੱਤਵ ਨੂੰ ਵੀ ਜੋੜਿਆ ਜਾ ਸਕਦਾ ਹੈ। ਕੁਝ ਲੇਖਕ ਇਬਰਾਨੀਆਂ ਦੀ ਪੁਸਤਕ ਵੱਲ ਧਿਆਨ ਖਿੱਚਦੇ ਹਨ, ਜੋ ਯਿਸੂ ਨੂੰ ਸਾਡਾ ਪਰਧਾਨ ਜਾਜਕ ਕਹਿੰਦੀ ਹੈ (ਇਬਰਾਨੀਆਂ 2:17; 3:1; 4:14, 15)।[42] ਇਬਰਾਨੀਆਂ 9 ਅਧਿਆਇ ਪੁਰਾਣੇ ਨੇਮ ਵਿਚਲੇ ਪਰਧਾਨ ਜਾਜਕ ਅਤੇ ਯਿਸੂ ਵਿਚਕਾਰ ਤੁਲਨਾ ਕਰਦਾ ਹੈ। ਪੁਰਾਣੇ ਨੇਮ ਵਿੱਚ, ਪਰਧਾਨ ਜਾਜਕ ਹੈਕਲ (ਜਾਂ ਮੰਦਰ) ਦੇ ਅੱਤ ਪਵਿੱਤਰ ਅਸਥਾਨ ਵਿੱਚ ਸਾਲ ਵਿੱਚ ਇੱਕ ਵਾਰੀ ਜਾਨਵਰਾਂ ਦੇ ਲਹੂ ਦੇ ਨਾਲ ਦਾਖ਼ਲ ਹੁੰਦਾ ਸੀ। ਉਹ ਇਸ ਲਹੂ ਨੂੰ ਸਰਪੋਸ਼ (ਸੰਦੂਕ ਦੇ ਢੱਕਣ) ਤੇ ਛਿੜਕਦਾ ਹੁੰਦਾ ਸੀ ਜੋ ਪਰਮੇਸ਼ੁਰ ਦੇ ਸਿੰਘਾਸਣ ਨੂੰ ਦਰਸਾਉਂਦਾ ਸੀ। ਉਹ ਆਪਣੇ ਲੋਕਾਂ ਦੇ ਪਾਪਾਂ ਦਾ ਪ੍ਰਾਸਚਿੱਤ ਕਰਨ ਦੇ ਲਈ ਅਜਿਹਾ ਕਰਦਾ ਸੀ। ਸਾਡੇ ਪਰਧਾਨ ਜਾਜਕ ਦੇ ਰੂਪ ਵਿੱਚ, ਯਿਸੂ ਅੱਤ ਪਵਿੱਤਰ ਅਸਥਾਨ ਵਿੱਚ ਦਾਖ਼ਲ ਹੋਇਆ ਜੋ ਸਵਰਗ ਹੈ (ਇਬਰਾਨੀਆਂ 9:24)। ਜਾਨਵਰਾਂ ਦਾ ਲਹੂ ਲੈ ਜਾਣ ਦੀ ਬਜਾਇ, ਉਸ ਨੇ ਅਸਲ ਵਿੱਚ ਪਰਮੇਸ਼ੁਰ ਦੇ ਸਿੰਘਾਸਣ ਤੇ ਆਪਣਾ ਲਹੂ ਪੇਸ਼ ਕੀਤਾ। ਇਹ ਉਸ ਨੇ ਸਾਡੇ ਪਾਪਾਂ ਦੇ ਪ੍ਰਾਸਚਿੱਤ ਦੇ ਲਈ ਕੀਤਾ, ਸਾਲ ਵਿੱਚ ਇੱਕ ਵਾਰ ਨਹੀਂ, ਪਰ ਹਮੇਸ਼ਾ ਦੇ ਲਈ ਇੱਕੋ ਵਾਰ ਚੜ੍ਹਾ ਦਿੱਤਾ। ਇਸ ਪਰਧਾਨ ਜਾਜਕਾਈ ਸੇਵਕਾਈ ਨੂੰ ਪੂਰਾ ਕਰਨ ਦੇ ਲਈ ਯਿਸੂ ਨੂੰ *ਜੀ ਉੱਠ ਕੇ* ਪਿਤਾ ਦੇ ਕੋਲ ਉੱਪਰ ਜਾਣਾ ਪਿਆ। ਇਸ ਲਈ ਚਾਰਲਸ ਹੌਜ ਨੇ ਇਸ ਪ੍ਰਕਾਰ ਲਿਖਿਆ ਹੈ ਕਿ "ਸਾਡੇ ਨਮਿੱਤ ਉਸ ਦੀ ਸੰਤੁਸ਼ਟੀ ਨੂੰ ਸਵੀਕਾਰ ਕਰਨ ਦੇ ਪ੍ਰਮਾਣ ਅਤੇ ਉਸ ਦੇ ਬਲੀਦਾਨ ਦੀਆਂ ਯੋਗਤਾਵਾਂ ਦੀ ਉਪਯੋਗਤਾ ਨੂੰ ਯਕੀਨੀ ਬਣਾਉਣ ਲਈ, ਬਲਕਿ ਸਾਡੇ ਧਰਮੀ ਠਹਿਰਾਏ ਜਾਣ ਲਈ ਵੀ ਮਸੀਹ ਦਾ ਜੀ ਉੱਠਣਾ ਅੱਤ ਜ਼ਰੂਰੀ ਸੀ।"[43]

ਜਦੋਂ ਪੌਲੁਸ ਕਹਿੰਦਾ ਹੈ ਕਿ ਮਸੀਹ "ਸਾਡੇ ਅਪਰਾਧਾਂ" ਦੇ ਲਈ ਮਰਿਆ ਅਤੇ "ਸਾਨੂੰ ਧਰਮੀ ਠਹਿਰਾਉਣ" ਦੇ ਲਈ ਜੀ ਉੱਠਿਆ, ਤਾਂ ਉਸ ਦਾ ਇਰਾਦਾ ਇਹ ਕਹਿਣ ਦਾ ਨਹੀਂ ਸੀ ਕਿ ਯਿਸੂ ਦੀ ਮੌਤ ਦਾ ਸਾਡੇ ਧਰਮੀ ਠਹਿਰਾਏ ਜਾਣ ਨਾਲ ਕੋਈ ਸੰਬੰਧ ਨਹੀਂ ਹੈ ਜਾਂ ਉਸ ਦੇ ਜੀ ਉੱਠਣ ਦਾ ਸਾਡੇ ਆਪਰਾਧਾਂ ਦੇ ਮਾਫ਼ ਕੀਤੇ ਜਾਣ ਦੇ ਨਾਲ ਕੋਈ ਸੰਬੰਧ ਨਹੀਂ ਹੈ। ਬਲਕਿ, ਉਹ ਕਹਿ ਰਿਹਾ ਸੀ ਕਿ *ਦੋਵੇਂ ਹੀ* ਸਾਡੀ ਮੁਕਤੀ ਵਿੱਚ ਇੱਕ ਮਹੱਤਵਪੂਰਣ ਕਿਰਦਾਰ ਅਦਾ ਕਰਦੇ ਹਨ। ਆਰ. ਸੀ. ਬੈੱਲ ਲਿਖਦਾ ਹੈ ਕਿ ਪੌਲੁਸ ਸਲੀਬ ਦਿੱਤੇ ਜਾਣ ਅਤੇ ਜੀ ਉੱਠਣ ਨੂੰ ਇਸ ਤਰ੍ਹਾਂ ਇਕੱਠੇ ਜੋੜਦਾ ਹੈ, "ਉਹ ਦੋ ਕਬਜੇ ਜਿਨ੍ਹਾਂ ਦੇ ਸਹਾਰੇ ਮੁਕਤੀ ਦਾ ਦਰਵਾਜ਼ਾ ਕੰਮ ਕਰਦਾ ਹੈ।"[44]

# ਪ੍ਰਾਸੰਗਿਕਤਾ

### **ਅਬਰਾਹਾਮ ਦੀ ਜ਼ਿੰਦਗੀ ਤੇ ਇੱਕ ਝਾਤ (ਅਧਿਆਇ 4)**

ਪੌਲੁਸ ਦੇ ਯਹੂਦੀ ਪਾਠਕ ਅਬਰਾਹਾਮ ਅਤੇ ਉਸ ਦੀ ਜ਼ਿੰਦਗੀ ਦੀ ਤਰਤੀਬ ਤੋਂ ਚੰਗੀ ਤਰ੍ਹਾਂ ਜਾਣੂ ਹੋਣਗੇ। ਸਾਡੇ ਵਿੱਚੋਂ ਕਈ ਇਸ ਪੂਰਵਜ ਦੇ ਬਾਰੇ ਇੰਨਾ ਜ਼ਿਆਦਾ ਜਾਣੂ ਨਹੀਂ ਹਨ, ਇਸ ਲਈ ਉਸ ਦੀ ਜ਼ਿੰਦਗੀ ਵਿੱਚ ਵਾਪਰੀਆਂ ਮੁੱਖ ਘਟਨਾਵਾਂ ਦਾ ਇਹ ਛੋਟਾ ਜਿਹਾ ਵਰਣਨ ਸਾਡੇ ਲਈ ਮਦਦਗਾਰ ਹੋ ਸਕਦਾ ਹੈ।

1. ਪਰਮੇਸ਼ੁਰ ਨੇ ਅਬਰਾਮ ਨੂੰ ਕਸਦੀਮ ਦੇ ਊਰ ਤੋਂ ਬੁਲਾਇਆ, ਇਉਂ ਅਬਰਾਮ, ਆਪਣੀ ਪਤਨੀ ਅਤੇ ਪਿਤਾ ਨਾਲ, ਊਰ ਨੂੰ ਛੱਡ ਕੇ ਹਾਰਾਨ ਵਿੱਚ ਵੱਸ ਗਿਆ (ਉਤਪਤ 11:31; 15:7; ਨਹਮ. 9:7; ਰਸੂਲਾਂ ਦੇ ਕਰਤੱਬ 7:2, 3)।

2. ਜਦੋਂ ਅਬਰਾਮ ਪਛੱਤਰਾਂ ਵਰਿਹਾਂ ਦਾ ਸੀ, ਪਰਮੇਸ਼ੁਰ ਨੇ ਉਸ ਨਾਲ ਇੱਕ ਨੇਮ ਬੰਨ੍ਹਿਆ ਅਤੇ ਉਸ ਨੂੰ ਆਖਿਆ ਕਿ ਉਸ ਦੇਸ ਵਿੱਚ ਜਾਹ ਜੋ ਮੈਂ ਤੈਨੂੰ ਵਿਖਾਵਾਂਗਾ (ਉਤਪਤ 12:1-4)।

3. ਅਬਰਾਮ ਕਨਾਨ ਦੇਸ ਵਿੱਚ ਗਿਆ ਅਤੇ ਪਰਮੇਸ਼ੁਰ ਨੇ ਅਬਰਾਮ ਨੂੰ ਆਖਿਆ ਕਿ ਮੈਂ ਏਹ ਸਾਰੀ ਧਰਤੀ ਤੈਨੂੰ ਅਰ ਤੇਰੀ ਅੰਸ ਨੂੰ ਦਿਆਂਗਾ (ਉਤਪਤ 12:5, 7; ਵੇਖੋ 13:14-17; 15:18-21; 17:8)।

4. ਦੋ ਮੌਕਿਆਂ ਤੇ, ਡਰ ਦੇ ਕਾਰਨ ਅਬਰਾਮ ਨੇ ਆਪਣੀ ਪਤਨੀ ਸਾਰਈ ਬਾਰੇ ਝੂਠ ਮਾਰਨ ਦੀ ਭੁੱਲ ਕੀਤੀ (ਉਤਪਤ 12:10-20; 20:1-18)।

5. ਕਨਾਨ ਦੇਸ ਵਿੱਚ, ਪਰਮੇਸ਼ੁਰ ਨੇ ਅਬਰਾਮ ਨੂੰ ਆਖਿਆ ਕਿ ਉਸ ਦੀ ਅੰਸ "ਧਰਤੀ ਦੀ ਧੂੜ" ਜਿੰਨੀ ਹੋਵੇਗੀ (ਉਤਪਤ 13:16)।

6. ਸ਼ਾਲੇਮ ਦੇ ਰਾਜਾ, ਮਲਕਿ-ਸਿਦਕ ਨੇ ਅਬਰਾਮ ਨੂੰ ਅਸੀਸ ਦਿੱਤੀ ਅਤੇ ਅਬਰਾਮ ਨੇ "ਉਹ ਨੂੰ ਸਭ ਕਾਸੇ ਦਾ ਦਸਵੰਧ ਦਿੱਤਾ" (ਉਤਪਤ 14:17-20)।

7. ਪਚਾਸੀ ਸਾਲ ਦੀ ਉਮਰ ਦੇ ਲਗਭਗ (ਵੇਖੋ ਉਤਪਤ 16:16), ਬੇਔਲਾਦ ਅਬਰਾਮ ਨੇ ਪਰਮੇਸ਼ੁਰ ਨੂੰ ਪੁੱਛਿਆ ਕਿ ਕੀ ਇੱਕ ਨੌਕਰ ਵਾਰਸ ਬਣ ਸਕਦਾ ਸੀ। ਪਰਮੇਸ਼ੁਰ ਨੇ ਉਸ ਨੂੰ ਮੁੜ ਭਰੋਸਾ ਦਿੱਤਾ ਕਿ ਤੇਰੇ ਘਰ ਇੱਕ ਪੁੱਤਰ ਹੋਵੇਗਾ ਅਤੇ ਉਸ ਦੀ ਅੰਸ ਅਕਾਸ਼ ਦੇ ਤਾਰਿਆਂ ਜਿੰਨੀ ਹੋਵੇਗੀ। "ਉਸ ਨੇ ਯਹੋਵਾਹ ਦੀ ਪਰਤੀਤ ਕੀਤੀ ਅਤੇ ਉਸ ਨੇ ਉਹ ਦੀ ਏਸ ਗੱਲ ਨੂੰ ਧਰਮ ਗਿਣਿਆ" (ਉਤਪਤ 15:2-6)।

8. ਛਿਆਸੀ ਸਾਲ ਦੀ ਉਮਰ ਵਿੱਚ, ਅਬਰਾਮ ਦੇ ਘਰ ਸਾਰਈ ਦੀ ਗੋੱਲੀ ਹਾਜਰਾ ਦੇ ਰਾਹੀਂ ਇੱਕ ਪੁੱਤਰ ਹੋਇਆ ਜਿਸ ਦਾ ਨਾਮ ਇਸਮਾਏਲ ਸੀ (ਉਤਪਤ 16:1-16)।

9. ਜਦੋਂ ਅਬਰਾਮ ਨੜਿੰਨਵੇਂ ਵਰਿਹਾਂ ਦਾ ਸੀ, ਯਹੋਵਾਹ ਨੇ ਉਸ ਦਾ ਨਾਮ ਬਦਲ ਕੇ ਅਬਰਾਹਾਮ ਰੱਖ ਦਿੱਤਾ ਅਤੇ ਸੁੰਨਤ ਦੀ ਰੀਤ ਨੂੰ ਸ਼ੁਰੂ ਕੀਤਾ (ਉਤਪਤ 17:1-6, 10-14, 23-27)।

10. ਪਰਮੇਸ਼ੁਰ ਨੇ ਅਬਰਾਹਾਮ ਨਾਲ ਵਾਅਦਾ ਕੀਤਾ ਕਿ ਸਾਰਈ/ਸਾਰਾਹ ਇੱਕ ਪੁੱਤਰ ਨੂੰ ਜਨਮ ਦੇਵੇਗੀ। ਅਬਰਾਹਾਮ ਇਸ ਵਾਅਦੇ ਨਾਲ ਜੂਝਦਾ ਰਿਹਾ ਅਤੇ ਉਸ ਨੇ ਪਰਮੇਸ਼ੁਰ ਨੂੰ ਕਿਹਾ ਕਿ ਕੀ ਇਸਮਾਏਲ ਉਸ ਦਾ ਵਾਰਿਸ ਹੋ ਸਕਦਾ ਹੈ। ਪਰਮੇਸ਼ੁਰ ਨੇ ਜਵਾਬ ਦਿੱਤਾ, "ਨਹੀਂ, ਪਰ ਸਾਰਾਹ . . . ਜ਼ਰੂਰ ਤੇਰੇ ਲਈ ਇੱਕ ਪੁੱਤ੍ਰ ਜਣੇਗੀ ਅਤੇ ਤੂੰ ਉਹ ਦਾ ਨਾਉਂ ਇਸਹਾਕ ਰੱਖੀਂ" (ਉਤਪਤ 17:15-19)।

11. ਜਦੋਂ ਅਬਰਾਹਾਮ ਸੌ ਸਾਲ ਦਾ ਹੋ ਗਿਆ, ਉਸ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਵੇਂ ਕਿ ਪਰਮੇਸ਼ੁਰ ਨੇ ਵਾਅਦਾ ਕੀਤਾ ਸੀ (ਉਤਪਤ 21:1-7)।

12. ਜਦੋਂ ਇਸਹਾਕ ਛੋਟਾ ਹੀ ਸੀ ਤਾਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਉਸ ਨੂੰ ਹੋਮ ਦੀ ਬਲੀ ਕਰਕੇ ਚੜ੍ਹਾਉਣ ਲਈ ਆਖਿਆ। ਅਬਰਾਹਾਮ ਇਸਹਾਕ ਦੀ ਬਲੀ ਚੜ੍ਹਾਉਣ ਦੀ ਕੋਸ਼ਿਸ਼ ਕਰਨ ਦੇ ਦੁਆਰਾ ਇਸ ਪਰਤਾਵੇ ਵਿੱਚ ਸਫ਼ਲ ਹੋਇਆ ਅਤੇ ਪਰਮੇਸ਼ੁਰ ਨੇ ਉਸ ਨਾਲ ਆਪਣੇ ਨੇਮ ਨੂੰ ਫਿਰ ਤੋਂ ਨਵਾਂ ਕੀਤਾ। ਪਰਮੇਸ਼ੁਰ ਨੇ ਕਿਹਾ, "ਤੇਰੀ ਅੰਸ ਵਿੱਚ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ" (ਉਤਪਤ 22:1-18; ਇਬਰਾਨੀਆਂ 11:17-19; ਯਾਕੂਬ 2:21-23)।

13. 127 ਸਾਲ ਦੀ ਉਮਰ ਵਿੱਚ ਸਾਰਾਹ ਦੀ ਮੌਤ ਹੋ ਗਈ। ਅਬਰਾਹਾਮ ਨੇ

ਕਬਰਿਸਤਾਨ ਲਈ ਮਕਫੇਲਾਹ ਵਿੱਚ ਇੱਕ ਗੁਫ਼ਾ ਵਾਲਾ ਖੇਤ ਮੁੱਲ ਲਿਆ। ਸਿਰਫ ਇਹੋ ਇੱਕ ਥਾਂ ਸੀ ਜੋ ਕਨਾਨ ਵਿੱਚ ਅਬਰਾਹਾਮ ਦੀ ਆਪਣੀ ਥਾਂ ਸੀ (ਉਤਪਤ 23:1-20; ਰਸੂਲਾਂ ਦੇ ਕਰਤੱਬ 7:5; ਇਬਰਾਨੀਆਂ 11:8-10)।

14. ਕਿਸੇ ਸਮੇਂ, ਅਬਰਾਹਾਮ ਨੇ ਕਟੂਰਾਹ ਨਾਉਂ ਦੀ ਇੱਕ ਤੀਵੀਂ ਨੂੰ ਆਪਣੀ ਪਤਨੀ (ਜਾਂ ਰਖੇਲ) ਬਣਾ ਲਿਆ ਅਤੇ ਉਸ ਨੇ ਉਹ ਦੇ ਲਈ ਛੇ ਪੁੱਤਰ ਜੰਮੇ (ਉਤਪਤ 25:1-4)।

15. ਅਬਰਾਹਾਮ 175 ਸਾਲ ਦੀ ਉਮਰ ਵਿੱਚ "ਬਿਰਧ ਅਰ ਸਮਾਪੂਰ ਹੋ ਕੇ ਮਰ ਗਿਆ" (ਉਤਪਤ 25:7, 8)।

## ਪਰਮੇਸ਼ੁਰ ਉੱਤੇ ਨਿਹਚਾ . . . ਪਰ ਯਿਸੂ ਉੱਤੇ ਨਹੀਂ? (ਅਧਿਆਇ 4)

ਅੱਜ ਕੁਝ ਲੋਕ ਰੋਮੀਆਂ 4 ਅਧਿਆਇ ਨੂੰ ਇਹ "ਸਾਬਤ ਕਰਨ" ਲਈ ਵਰਤਦੇ ਹਨ ਕਿ ਪਰਮੇਸ਼ੁਰ ਦੁਆਰਾ ਸਵੀਕਾਰੇ ਜਾਣ ਲਈ ਮਸੀਹ ਉੱਤੇ ਨਿਹਚਾ ਕਰਨਾ ਜ਼ਰੂਰੀ ਨਹੀਂ ਹੈ।[45] ਓਹ ਕਹਿੰਦੇ ਹਨ ਕਿ "ਅਬਰਾਹਾਮ ਨੇ *ਪਰਮੇਸ਼ੁਰ* ਦੀ ਪਰਤੀਤ ਕੀਤੀ ਅਤੇ ਇਹ ਉਹ ਦੇ ਲਈ ਧਰਮ ਗਿਣੀ ਗਈ" (4:3; ਜ਼ੋਰ ਦਿੱਤਾ ਗਿਆ ਹੈ; ਵੇਖੋ 4:17) ਅਤੇ ਇਹ ਕਿ ਅਸੀਂ "ਅਬਰਾਹਾਮ ਜਿਹੀ ਨਿਹਚਾ" ਰੱਖਣੀ ਹੈ (4:16)। ਇਸ ਤੋਂ ਇਲਾਵਾ, ਓਹ ਟਿੱਪਣੀ ਕਰਦੇ ਹਨ ਕਿ, ਜਦੋਂ ਇਹ ਅਧਿਆਇ ਸਾਡੀ ਨਿਹਚਾ ਦੀ ਗੱਲ ਕਰਦਾ ਹੈ ਤਾਂ ਜ਼ੋਰ *ਪਰਮੇਸ਼ੁਰ* ਉੱਤੇ ਨਿਹਚਾ ਕਰਨ ਉੱਤੇ ਦਿੱਤਾ ਗਿਆ ਹੈ (4:5, 24)। ਇਸ ਲਈ, ਓਹ ਇਹ ਸਿੱਟਾ ਕੱਢਦੇ ਹਨ ਕਿ ਜਿਹੜੇ—ਯਹੂਦੀਆਂ ਸਮੇਤ—ਪਰਮੇਸ਼ੁਰ ਉੱਤੇ ਪਰਤੀਤ ਕਰਦੇ ਹਨ ਬਚਾਏ ਜਾਣਗੇ, ਭਾਵੇਂ ਓਹ ਯਿਸੂ ਉੱਤੇ ਪਰਤੀਤ ਕਰਨ ਜਾਂ ਨਾ ਕਰਨ।

3:26 ਵਿੱਚ ਪੌਲੁਸ ਨੇ ਸਾਫ਼-ਸਾਫ਼ ਕਿਹਾ ਹੈ ਕਿ ਪਰਮੇਸ਼ੁਰ "ਉਹ ਨੂੰ ਧਰਮੀ ਠਹਿਰਾਵੇ ਜਿਹੜਾ *ਯਿਸੂ* ਉੱਤੇ ਨਿਹਚਾ ਕਰੇ" (ਜ਼ੋਰ ਦਿੱਤਾ ਗਿਆ ਹੈ)। ਇਸ ਤਰ੍ਹਾਂ ਦੇ ਬੰਦ ਅਣਗਿਣਤ ਹਨ, ਪਰ ਸਾਡੀਆਂ ਟਿੱਪਣੀਆਂ ਰੋਮੀਆਂ 4 ਦੇ "ਸੋਧੇ ਹੋਏ ਮੂਲਪਾਠਾਂ" ਤੱਕ ਹੀ ਸੀਮਿਤ ਹੋਣਗੀਆਂ।

ਪਹਿਲੀ, ਪੌਲੁਸ ਇਸ ਅਧਿਆਇ ਵਿੱਚ ਨਿਮਰ "ਨਿਹਚਾ" ਦੀ ਭਾਸ਼ਾ ਵਰਤ ਰਿਹਾ ਸੀ ਜਦੋਂ ਉਸ ਨੇ ਯਹੂਦੀਆਂ ਨੂੰ ਉਨ੍ਹਾਂ ਦੇ ਪਿਆਰੇ ਅਬਰਾਹਾਮ ਬਾਰੇ ਸੰਬੋਧਤ ਕੀਤਾ। ਡੱਗਲਸ ਜੇ. ਮੂ ਨੇ ਟਿੱਪਣੀ ਕੀਤੀ ਕਿ ਪੌਲੁਸ "ਬਹੁਤ ਘੱਟ ਪਰਮੇਸ਼ੁਰ ਨੂੰ ਸਾਡੇ ਵਿਸ਼ਵਾਸ ਦਾ ਪਾਤਰ ਬਣਾਉਂਦਾ ਹੈ। ਉਹ ਇੱਥੇ ਜਿੰਨਾ ਸੰਭਵ ਹੋ ਸਕੇ ਮਸੀਹੀ ਨਿਹਚਾ ਨੂੰ ਅਬਰਾਹਾਮ ਦੀ ਨਿਹਚਾ ਜਿਹੀ ਦਰਸਾਉਣ ਲਈ ਇਸ ਤਰ੍ਹਾਂ ਕਰਦਾ ਹੈ।"[46]

ਦੂਜੀ, ਇੱਥੋਂ ਤੱਕ ਕਿ ਜਦੋਂ ਪਰਮੇਸ਼ੁਰ ਵਿੱਚ ਸਾਡੀ ਨਿਹਚਾ ਦਾ ਜ਼ਿਕਰ ਕੀਤਾ ਗਿਆ ਹੈ ਤਾਂ ਉਸ ਦੇ ਪੁੱਤਰ ਵਿੱਚ ਨਿਹਚਾ ਨੂੰ ਬਾਹਰ ਨਹੀਂ ਰੱਖਿਆ ਗਿਆ ਹੈ। ਰੋਮੀਆਂ 4:5 ਕਹਿੰਦੀ ਹੈ ਕਿ ਅਸੀਂ "ਉਸ ਉੱਤੇ ਨਿਹਚਾ ਕਰਨੀ ਹੈ ਜੋ ਕੁਧਰਮੀ ਨੂੰ ਧਰਮੀ ਠਹਿਰਾਉਂਦਾ ਹੈ," ਪਰ ਧਰਮੀ ਠਹਿਰਾਇਆ ਜਾਣਾ ਸਿਰਫ ਯਿਸੂ ਦੀ ਮੌਤ ਰਾਹੀਂ ਸੰਭਵ ਬਣਾਇਆ ਜਾਂਦਾ ਹੈ (5:9)। 4:24, 25 ਵਿੱਚ, ਅਸੀਂ ਪੜ੍ਹਦੇ ਹਾਂ ਕਿ ਸਾਡੀ ਨਿਹਚਾ ਪਰਮੇਸ਼ੁਰ ਉੱਤੇ ਹੋਵੇ "ਜਿਹ ਨੇ ਯਿਸੂ ਸਾਡੇ ਪ੍ਰਭੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ, ਜਿਹੜਾ ਸਾਡੇ ਅਪਰਾਧਾਂ ਦੇ ਕਾਰਨ ਫੜਵਾਇਆ ਗਿਆ ਅਤੇ ਸਾਨੂੰ ਧਰਮੀ ਠਹਿਰਾਉਣ ਲਈ ਜਿਵਾਲਿਆ ਗਿਆ।"

ਤੀਜੀ, ਭਾਵੇਂ ਕਿ ਅਬਰਾਹਾਮ ਯਿਸੂ ਬਾਰੇ ਸਭ ਕੁਝ ਨਹੀਂ ਜਾਣਦਾ ਹੋਵੇਗਾ, ਉਹ ਨੇ ਉਸ

ਦੀ "ਅੰਸ" ਸੰਬੰਧੀ ਪਰਮੇਸ਼ੁਰ ਦੇ ਵਾਅਦੇ ਉੱਤੇ ਪਰਤੀਤ ਕੀਤੀ (ਉਤਪਤ 22:18; ਗਲਾਤੀਆਂ 3:16)। ਅਸਲ ਵਿੱਚ, ਪਰਮੇਸ਼ੁਰ ਨੇ ਅਬਰਾਹਾਮ ਨੂੰ ਖੁਸ਼ਖ਼ਬਰੀ ਦਾ ਪ੍ਰਚਾਰ ਕੀਤਾ (ਵੇਖੋ ਗਲਾਤੀਆਂ 3:8) ਅਤੇ ਅਬਰਾਹਾਮ ਨੇ ਉਸ ਉੱਤੇ ਪਰਤੀਤ ਕੀਤੀ ਜੋ ਪਰਮੇਸ਼ੁਰ ਨੇ ਉਸ ਨੂੰ ਦੱਸਿਆ ਸੀ। ਸਾਡਾ ਨਿਚੋੜ ਇਹ ਹੈ ਕਿ ਕੋਈ ਵੀ ਜਿਹੜਾ ਸਲੀਬ ਦੇ ਇਸ ਪਾਸੇ ਰਹਿੰਦਾ ਹੈ ਪਰ ਯਿਸੂ ਬਾਰੇ ਪਰਮੇਸ਼ੁਰ ਦੇ ਪਰਕਾਸ਼ ਤੇ ਪਰਤੀਤ ਕਰਨ ਤੋਂ ਇਨਕਾਰ ਕਰਦਾ ਹੈ, ਨਿਹਚਾ ਦੇ ਮਹਾਨ ਬਜ਼ੁਰਗ ਅਬਰਾਹਾਮ ਨਾਲ ਜ਼ਿਕਰ ਕੀਤੇ ਜਾਣ ਲਾਇਕ ਨਹੀਂ ਹੈ!

ਸਮਾਂ ਪੂਰਾ ਹੋਣ ਤੇ, ਪਰਮੇਸ਼ੁਰ ਨੇ ਖੁਦ ਨੂੰ ਯਿਸੂ ਮਸੀਹ ਦੀ ਸ਼ਖਸੀਅਤ ਵਿੱਚ ਸੰਸਾਰ ਉੱਤੇ ਪਰਗਟ ਕੀਤਾ (ਗਲਾਤੀਆਂ 4:4, 5)। ਜੇਕਰ ਅਬਰਾਹਾਮ ਅੱਜ ਸਲੀਬ ਦੇ ਇਸ ਪਾਸੇ ਜੀ ਰਿਹਾ ਹੁੰਦਾ ਤਾਂ ਉਹ "ਮਸੀਹ ਵਿੱਚ ਪਰਗਟ ਹੋਏ ਪਰਮੇਸ਼ੁਰ ਉੱਤੇ ਵਿਸ਼ਵਾਸ" ਕੀਤੇ ਬਿਨਾਂ ਮੁਕਤੀ ਨਾ ਪਾ ਸਕਦਾ। "ਸਿਰਫ ਓਹ ਲੋਕ ਜਿਹੜੇ ਮਸੀਹ ਵਿੱਚ ਪਰਗਟ ਹੋਏ ਇਸ ਖਾਸ ਪਰਮੇਸ਼ੁਰ ਉੱਤੇ ਵਿਸ਼ਵਾਸ ਕਰਦੇ ਹਨ ਉਹੋ ਮੁਕਤੀ ਦੀ ਆਸ ਕਰ ਸਕਦੇ ਹਨ।"[47]

**ਆਗਿਆਕਾਰੀ ਨਿਹਚਾ (ਅਧਿਆਇ 4)**

ਅਬਰਾਹਾਮ ਦੀ ਨਿਹਚਾ ਬਹੁਤ ਸ਼ਾਨਦਾਰ ਹੈ। ਉਸ ਕੋਲ ਪੜ੍ਹਨ ਲਈ ਬਾਈਬਲ ਨਹੀਂ ਸੀ, ਪਰ ਕੇਵਲ ਪਰਮੇਸ਼ੁਰ ਦਾ ਵਾਅਦਾ ਸੀ। ਉਹ ਉਸ ਦੀ ਪੀੜ੍ਹੀ ਵਿੱਚ ਯਹੋਵਾਹ ਉੱਤੇ ਪਰਤੀਤ ਕਰਨ ਵਾਲੇ ਉਨ੍ਹਾਂ ਥੋੜ੍ਹੇ ਜਿਹੇ ਲੋਕਾਂ ਵਿੱਚੋਂ ਇੱਕ ਸੀ ਜਿਹੜੇ ਗੈਰਜਾਤੀ ਮੂਰਤੀਪੂਜਕਾਂ ਨਾਲ ਚਾਰੇ ਪਾਸਿਓਂ ਘਿਰੇ ਹੋਏ ਸਨ। "ਉਸ ਕੋਲ ਪਿੱਛੇ ਮੁੜ ਕੇ ਵੇਖਣ ਲਈ ਵਿਸ਼ਵਾਸ ਦਾ ਲੰਮਾ ਰਿਕਾਰਡ ਨਹੀਂ ਸੀ, ਸਗੋਂ ਉਹ ਤਾਂ ਉਸ ਇਤਹਾਸ ਨੂੰ ਲਿਖਣ ਵਿੱਚ ਮਦਦ ਕਰ ਰਿਹਾ ਸੀ। ਫਿਰ ਵੀ ਅਬਰਾਹਾਮ ਨੇ ਪਰਮੇਸ਼ੁਰ ਦੀ ਪਰਤੀਤ ਕੀਤੀ।"[48] ਅਬਰਾਹਾਮ ਨਿਹਚਾ ਦਾ ਨਮੂਨਾ ਸੀ, "ਆਪਣੇ ਸਮੇਂ ਦੇ ਸਾਰੇ ਵਿਸ਼ਵਾਸੀਆਂ ਲਈ ਆਦਰਸ਼ ਰੂਪ।"[49]

ਅਸੀਂ ਅਬਰਾਹਾਮ ਦੀ ਨਿਹਚਾ ਦਾ ਕਿਵੇਂ ਖੁਲਾਸਾ ਕਰ ਸਕਦੇ ਹਾਂ ਜਿਵੇਂ ਕਿ ਰੋਮੀਆਂ 4 ਵਿੱਚ ਦੱਸਿਆ ਗਿਆ ਹੈ? ਜਦੋਂ ਪਰਮੇਸ਼ੁਰ ਨੇ ਕੁਝ ਕਿਹਾ, ਅਬਰਾਹਾਮ ਨੇ ਇਸ ਉੱਤੇ ਪਰਤੀਤ ਕੀਤੀ। ਭਾਵੇਂ ਕਿ ਇਹ ਮਨੁੱਖੀ ਦਲੀਲ ਦੇ ਉਲਟ ਸੀ, ਉਸ ਨੇ ਇਸ ਉੱਤੇ ਪਰਤੀਤ ਕੀਤੀ। ਭਾਵੇਂ ਕਿ ਇਹ ਉਸ ਦੀਆਂ ਗਿਆਨ ਇੰਦਰੀਆਂ ਦੇ ਪ੍ਰਮਾਣ ਦੇ ਵਿਰੁੱਧ ਸੀ, ਉਸ ਨੇ ਇਸ ਉੱਤੇ ਪਰਤੀਤ ਕੀਤੀ। ਸ਼ਾਇਦ ਉਸ ਨੇ ਇਸ ਨਾਲ ਸੰਘਰਸ਼ ਕੀਤਾ ਕਿ ਪਰਮੇਸ਼ੁਰ ਕਿਵੇਂ ਆਪਣੇ ਵਚਨ ਨੂੰ ਪੂਰਾ ਕਰੇਗਾ, ਪਰ ਉਸ ਨੇ ਆਪਣੀ ਨਿਹਚਾ ਨੂੰ ਤਿਆਗਣ ਤੋਂ ਇਨਕਾਰ ਕੀਤਾ। ਉਹ ਆਪਣੀ ਨਿਹਚਾ ਵਿੱਚ ਅਟੱਲ ਰਿਹਾ ਅਤੇ ਆਪਣੀ ਜ਼ਿੰਦਗੀ ਨੂੰ ਉਸ ਨਿਹਚਾ ਉੱਤੇ ਆਧਾਰਿਤ ਕੀਤਾ। ਪਰਮੇਸ਼ੁਰ ਨੇ *ਉਸ* ਨਿਹਚਾ ਨੂੰ ਵੇਖਿਆ, "ਅਤੇ ਇਹ ਉਹ [ਅਬਰਾਹਾਮ] ਦੇ ਲਈ ਧਰਮ ਗਿਣੀ ਗਈ" (4:3)।

ਅੱਜ ਕੁਝ ਲੋਕ ਯਿਸੂ ਉੱਤੇ ਨਿਹਚਾ ਕਰਨ ਦਾ ਦਾਅਵਾ ਕਰਦੇ ਹਨ, ਪਰ ਉਨ੍ਹਾਂ ਦੀ ਨਿਹਚਾ ਉਸ ਕਿਸਮ ਦੀ ਨਿਹਚਾ ਨਾਲੋਂ ਘੱਟ ਹੈ ਜੋ ਅਬਰਾਹਾਮ ਅੰਦਰ ਸੀ। ਜੀਨ ਫਰੈਨਕੋਇਸ ਗਰੇਵਲੈਟ ਦੀ ਕਹਾਣੀ "ਮਹਾਨ ਬਲੌਨਡਿਨ" ਇਸ ਕਿਸਮ ਦੀ ਤਰੁੱਟੀ ਵਾਲੀ ਨਿਹਚਾ ਦੀ ਇੱਕ ਚੰਗੀ ਮਿਸਾਲ ਹੈ।

> ਬਲੌਨਡਿਨ 19ਵੀਂ ਸਦੀ ਦਾ ਇੱਕ ਮਸ਼ਹੂਰ ਫਰਾਂਸੀਸੀ ਵਿਅਕਤੀ ਸੀ ਜਿਹੜਾ ਕਿ ਰੱਸੀ ਉੱਤੇ ਤੁਰਦਾ ਸੀ। ਇੱਕ ਵਾਰ ਉਹ ਨਿਆਗਰਾ ਫਾੱਲਸ (ਝਰਨੇ) ਉੱਤੇ ਰੱਸੀ ਬੰਨ੍ਹ ਕੇ

ਉਸ ਉੱਤੇ ਤੁਰਿਆ। ਜਦੋਂ ਬਲੌਨਡਿਨ ਉਨ੍ਹਾਂ ਝਰਨਿਆਂ ਤੱਕ ਪਹੁੰਚਿਆ ਜੋ ਅਮਰੀਕਾ ਦੀ ਹੱਦ ਵਿੱਚ ਸਨ, ਲੱਖਾਂ ਲੋਕਾਂ ਨੇ ਉਸ ਦੀ ਬੱਲੇ-ਬੱਲੇ ਕੀਤੀ।

ਬਲੌਨਡਿਨ ਨੇ ਲੋਕਾਂ ਦੀ ਭੀੜ ਨੂੰ ਸ਼ਾਂਤ ਕੀਤਾ ਅਤੇ ਕਿਹਾ, "ਹੁਣ ਮੈਂ ਰੱਸੀ ਉੱਤੇ ਤੁਰ ਕੇ ਦੂਜੇ ਪਾਰ ਜਾਵਾਂਗਾ, ਪਰ ਇਸ ਵਾਰ ਮੈਂ ਕਿਸੇ ਨੂੰ ਆਪਣੇ ਮੋਢਿਆਂ ਉੱਤੇ ਬੈਠਾ ਕੇ ਲੈ ਕੇ ਜਾਵਾਂਗਾ। ਕੀ ਤੁਹਾਨੂੰ ਮੇਰੇ ਉੱਤੇ ਵਿਸ਼ਵਾਸ ਹੈ?"

ਭੀੜ ਨੇ ਜ਼ੋਰ ਨਾਲ ਨਾਰੇਬਾਜੀ ਕੀਤੀ, "ਸਾਨੂੰ ਵਿਸ਼ਵਾਸ ਹੈ! ਸਾਨੂੰ ਵਿਸ਼ਵਾਸ ਹੈ!" ਪਰ ਜਦੋਂ ਬਲੌਨਡਿਨ ਨੇ ਕਿਹਾ, "ਕੌਣ ਮੇਰੇ ਮੋਢਿਆਂ ਉੱਤੇ ਬੈਠੇਗਾ?" ਤਾਂ ਲੋਕ ਚੁੱਪ ਹੋ ਗਏ। ਆਖ਼ਰ ਇੱਕ ਵਿਅਕਤੀ ਅੱਗੇ ਆਇਆ ਅਤੇ ਬਲੌਨਡਿਨ ਉਸ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਕੇ ਝਰਨਿਆਂ ਦੇ ਕਨੇਡਾ ਵਾਲੇ ਪਾਸੇ ਲੈ ਗਿਆ।

ਹਜ਼ਾਰਾਂ ਲੋਕਾਂ ਨੇ ਕਿਹਾ ਸੀ, "ਸਾਨੂੰ ਵਿਸ਼ਵਾਸ ਹੈ!" ਪਰ ਸਿਰਫ ਇੱਕੋ ਨੇ ਉਸ ਗੱਲ ਲਈ ਆਪਣੀ ਜ਼ਿੰਦਗੀ ਲੇਖੇ ਲਾਈ ਜਿਸ ਤੇ ਉਸ ਨੂੰ ਵਿਸ਼ਵਾਸ ਸੀ।[50]

ਅਬਰਾਹਾਮ ਦੀ ਨਿਹਚਾ ਖਾਲੀ ਸ਼ਬਦਾਂ ਵਿੱਚ ਹੀ ਪਰਗਟ ਨਹੀਂ ਸੀ ਹੋਈ। ਉਹ ਨੇ ਆਪਣੀ ਜ਼ਿੰਦਗੀ ਉਸ ਗੱਲ ਦੇ ਲੇਖੇ ਲਾ ਦਿੱਤੀ ਜਿਸ ਉੱਤੇ ਉਹ ਵਿਸ਼ਵਾਸ ਕਰਦਾ ਸੀ; ਉਸ ਨੇ ਉਹ ਕਰਨ ਲਈ ਆਪਣੀ ਜ਼ਿੰਦਗੀ ਅਰਪਣ ਕਰ ਦਿੱਤੀ ਜੋ ਪਰਮੇਸ਼ੁਰ ਨੇ ਕਿਹਾ ਸੀ। ਸਾਨੂੰ ਅਬਰਾਹਾਮ ਦੀ ਨਿਹਚਾ ਦੀ ਪੈੜ ਤੇ ਤੁਰਨਾ ਚਾਹੀਦਾ ਹੈ।

**ਪੌਲੁਸ ਬਨਾਮ ਯਾਕੂਬ? (4:2)**

ਇਹ ਸੱਚ ਕਿ ਯਾਕੂਬ 2:21 ਕਹਿੰਦੀ ਹੈ ਕਿ ਅਬਰਾਹਾਮ "ਅਮਲਾਂ ਰਾਹੀਂ ਧਰਮੀ ਠਹਿਰਾਇਆ ਗਿਆ" ਸੀ ਕਈਆਂ ਨੂੰ ਪਰੇਸ਼ਾਨ ਕਰ ਦਿੰਦਾ ਹੈ। ਸਪੱਸ਼ਟ ਤੌਰ ਤੇ ਯਾਕੂਬ ਦੀ ਪੱਤ੍ਰੀ ਦਾ ਇਹ ਹਿੱਸਾ ਜਿਸ ਨੇ ਮਾਰਟਿਨ ਲੂਥਰ ਨੂੰ ਉਸ ਪੱਤ੍ਰੀ ਨੂੰ "ਤੂੜੀ ਦੀ ਪੱਤ੍ਰੀ" ਕਹਿਣ ਲਈ ਉਕਸਾਇਆ।[51] ਰੋਮੀਆਂ 4:2 ਵਿੱਚ, ਪੌਲੁਸ ਦਾ ਅਰਥ ਇਹ ਸੀ ਕਿ ਅਬਰਾਹਾਮ ਕਰਮਾਂ ਰਾਹੀਂ ਧਰਮੀ *ਨਹੀਂ* ਠਹਿਰਾਇਆ ਗਿਆ ਸੀ। ਦੂਜੇ ਪਾਸੇ, ਯਾਕੂਬ ਨੇ ਇਹ ਜ਼ੋਰ ਦਿੱਤਾ ਕਿ ਅਬਰਾਹਾਮ ਕਰਮਾਂ ਰਾਹੀਂ ਧਰਮੀ ਠਹਿਰਾਇਆ ਗਿਆ *ਸੀ*। ਪੌਲੁਸ ਅਤੇ ਯਾਕੂਬ ਦਾ ਕਿਵੇਂ ਸਮਝੌਤਾ ਕਰਵਾਇਆ ਜਾ ਸਕਦਾ ਹੈ?

ਇਨ੍ਹਾਂ ਦੋਵਾਂ ਲੇਖਕਾਂ ਦੇ ਮਨ ਵਿੱਚ ਦੋ ਵੱਖ-ਵੱਖ ਕਿਸਮਾਂ ਦੇ ਕਰਮ ਸਨ। ਪੌਲੁਸ *ਯੋਗਤਾ* ਦੇ ਕਰਮਾਂ ਦੀ ਗੱਲ ਕਰ ਰਿਹਾ ਸੀ: ਓਹ ਕਰਮ ਜੋ ਮੁਕਤੀ ਨੂੰ ਕਮਾਉਣ ਦੇ ਜਤਨ ਵਿੱਚ ਕੀਤੇ ਜਾਂਦੇ ਹਨ। ਯਾਕੂਬ *ਆਗਿਆਕਾਰੀ* ਦੇ ਕਰਮਾਂ ਦੀ ਗੱਲ ਕਰ ਰਿਹਾ ਸੀ: ਓਹ ਕਰਮ ਜੋ ਪਰਮੇਸ਼ੁਰ ਵਿੱਚ ਸਾਡੀ ਨਿਹਚਾ ਨੂੰ ਪਰਗਟ ਕਰਦੇ ਹਨ। ਜਦੋਂ ਅਸੀਂ ਰੋਮੀਆਂ ਵਿੱਚ "ਕਰਮਾਂ" ਤੇ ਪੌਲੁਸ ਦੇ ਠੋਸ ਬਿਆਨਾਂ ਨੂੰ ਪੜ੍ਹਦੇ ਹਾਂ, ਸਾਨੂੰ ਇਹ ਗੱਲ ਆਪਣੇ ਦਿਮਾਗ ਵਿੱਚ ਰੱਖਣੀ ਚਾਹੀਦੀ ਹੈ ਕਿ ਉਸ ਨੇ ਆਗਿਆਕਾਰੀ ਦਾ ਮਹੱਤਵ ਕਿਤੇ ਵੀ ਨਹੀਂ ਘਟਾਇਆ। ਅਸਲ ਵਿੱਚ, ਉਸ ਨੇ ਕਈ ਵਾਰ "ਨਿਹਚਾ ਦੀ ਆਗਿਆਕਾਰੀ" ਦੀ ਗੱਲ ਕੀਤੀ ਸੀ (1:5; 16:26; ਵੇਖੋ 6:17; 10:16; KJV)।

ਪੌਲੁਸ ਅਤੇ ਯਾਕੂਬ ਦੋਵੇਂ ਹੀ ਇੱਕੋ ਆਤਮਾ ਦੇ ਦੁਆਰਾ ਪ੍ਰੇਰਿਤ ਹੋਏ ਸਨ (ਅਫ਼ਸੀਆਂ 4:4)। ਓਹ ਇੱਕ ਦੂਜੇ ਦਾ ਖੰਡਨ ਨਹੀਂ ਕਰਦੇ, ਬਲਕਿ ਇੱਕ ਦੂਜੇ ਨੂੰ ਪੂਰਾ ਕਰਦੇ ਹਨ। ਉਨ੍ਹਾਂ ਨੇ ਇੱਕੋ ਸਚਾਈ ਉੱਤੇ ਵੱਖ-ਵੱਖ ਤਰ੍ਹਾਂ ਨਾਲ ਜ਼ੋਰ ਦਿੱਤਾ।

## ਪਰਮੇਸ਼ੁਰ ਦੇ ਹਿਸਾਬ-ਕਿਤਾਬ ਦਾ ਪ੍ਰਬੰਧ (4:3)

ਅੱਜ ਕੱਲ੍ਹ ਜ਼ਿਆਦਾਤਰ ਹਿਸਾਬ-ਕਿਤਾਬ ਕੰਪਿਊਟਰਾਂ ਤੇ ਹੀ ਹੁੰਦਾ ਹੈ; ਪਰ ਜਦੋਂ ਮੈਂ ਮੁੰਡਾ ਸੀ, ਹਿਸਾਬ-ਕਿਤਾਬ ਉਨ੍ਹਾਂ ਕਿਤਾਬਾਂ ਤੇ ਕੀਤਾ ਜਾਂਦਾ ਸੀ ਜਿਨ੍ਹਾਂ ਨੂੰ ਵਹੀਖਾਤੇ ਕਿਹਾ ਜਾਂਦਾ ਸੀ। ਵਪਾਰੀ ਇਨ੍ਹਾਂ ਵਹੀ ਖਾਤਿਆਂ ਦਾ "ਕਿਤਾਬਾਂ" ਵਜੋਂ ਹਵਾਲਾ ਦਿੰਦੇ ਸਨ। "ਕਿਤਾਬਾਂ" ਵਿੱਚ ਜਾਣਕਾਰੀ ਲਿਖਣ ਨੂੰ "ਲੇਖਾਕਾਰੀ" ਜਾਂ "ਮੁਨੀਮੀ" ਕਿਹਾ ਜਾਂਦਾ ਸੀ। ਵਹੀਖਾਤੇ ਵਿੱਚ ਖਰਚਿਆਂ (ਉਹ ਪੈਸਾ ਜੋ ਖਰਚ ਹੁੰਦਾ ਸੀ) ਲਈ ਇੱਕ "ਖਰਚ" ਵਾਲਾ ਕਾਲਮ ਹੁੰਦਾ ਸੀ ਅਤੇ ਆਮਦਨ (ਜੋ ਪੈਸਾ ਕਮਾਈ ਤੋਂ ਆਉਂਦਾ ਸੀ) ਲਈ ਇੱਕ "ਜਮ੍ਹਾਂ" ਵਾਲਾ ਕਾਲਮ ਹੁੰਦਾ ਸੀ। ਮੁਨੀਮਾਂ ਦੀ ਇੱਕ ਜ਼ਿੰਮੇਵਾਰੀ ਇਹ ਪੱਕਾ ਕਰਨ ਦੀ ਹੁੰਦੀ ਸੀ ਕਿ ਦੋਵਾਂ ਕਾਲਮਾਂ ਵਿੱਚ "ਹਿਸਾਬ ਮਿਲਦਾ" ਹੋਵੇ ("ਖਾਤੇ ਬਰਾਬਰ ਹੋਣ")।

1955 ਵਿੱਚ ਇੱਕ ਕਾਲਜ ਦਾ ਵਿਦਿਆਰਥੀ ਹੋਣ ਦੇ ਨਾਤੇ, ਮੈਂ ਐਬੀਲੀਨ ਕ੍ਰਿਸਚਨ ਕਾਲਜ (ਹੁਣ ਇਹ ਯੂਨੀਵਰਸਿਟੀ ਬਣ ਚੁੱਕਾ ਹੈ) ਵਿੱਚ ਰੋਮੀਆਂ ਤੇ ਜੇ. ਡੀ. ਥੋਮਸ ਦੀ ਜਮਾਤ ਵਿੱਚ ਪੜ੍ਹਿਆ। ਜਦੋਂ ਭਾਈ ਥੋਮਸ ਰੋਮੀਆਂ ਚਾਰ ਤੇ ਚਰਚਾ ਕਰ ਰਿਹਾ ਸੀ, ਉਹ ਬੋਰਡ ਵੱਲ ਨੂੰ ਮੁੜਿਆ। ਉਸ ਨੇ ਬੋਰਡ ਤੇ ਇੱਕ ਸਮਕੋਣ ਬਣਾਇਆ ਅਤੇ ਉਸ ਦੀ ਚੋਟੀ ਤੇ ਲਿਖਿਆ, "ਪਰਮੇਸ਼ੁਰ ਦਾ ਵਹੀਖਾਤਾ।" ਫਿਰ ਉਸ ਨੇ ਖੱਬੇ ਪਾਸੇ "ਖਰਚ" ਦਾ ਇੱਕ ਕਾਲਮ ਬਣਾਇਆ ਅਤੇ ਸੱਜੇ ਪਾਸੇ "ਜਮ੍ਹਾਂ" ਦਾ ਇੱਕ ਕਾਲਮ ਬਣਾਇਆ। "ਖਰਚ" ਵਾਲੇ ਕਾਲਮ ਵਿੱਚ ਉਸ ਨੇ "ਪਾਪ" ਸ਼ਬਦ ਲਿਖਿਆ ਅਤੇ ਅਬਰਾਹਾਮ ਦੀ ਜ਼ਿੰਦਗੀ ਵਿੱਚ ਪਾਪ ਦੇ ਬਾਰੇ ਗੱਲ ਕਰਦਿਆਂ ਉਸ ਨੇ "X" ਦੇ ਨਿਸ਼ਾਨ ਲਗਾਉਣੇ ਸ਼ੁਰੂ ਕਰ ਦਿੱਤੇ।

ਅਬਰਾਹਾਮ ਭਾਵੇਂ ਕਿੰਨਾ ਵੀ ਚੰਗਾ ਕਿਉਂ ਨਹੀਂ ਸੀ, ਉਸ ਨੇ ਫਿਰ ਵੀ ਪਾਪ ਕੀਤਾ। ਬਹੁਤ ਸਾਰੇ ਯਹੂਦੀਆਂ ਨੇ ਅਬਰਾਹਾਮ ਦੇ ਪਾਪਾਂ ਨੂੰ ਨਜ਼ਰਅੰਦਾਜ਼ ਕਰਨਾ (ਜਾਂ ਮਾਫ਼ ਕਰਨਾ) ਚੁਣਿਆ ਸੀ, ਪਰ ਉਸ ਦੀ ਜ਼ਿੰਦਗੀ ਦੀ ਕਹਾਣੀ ਨੂੰ ਅਲੌਕਿਕ ਸਮਝ ਕੇ ਪੜ੍ਹਦੇ ਹੋਏ ਵੀ ਤਰੁੱਟੀਆਂ ਵਿਖਾਈ ਦਿੰਦੀਆਂ ਹਨ। ਉਦਾਹਰਣ ਲਈ, ਡਰ ਦੇ ਮਾਰੇ ਅਬਰਾਹਾਮ ਨੇ ਸਾਰਾਹ ਬਾਰੇ ਰਾਜਿਆਂ ਨੂੰ ਦੋ ਵਾਰ ਝੂਠ ਬੋਲਣ ਦੀ ਭੁੱਲ ਕੀਤੀ (ਉਤਪਤ 12:10-20; 20:1-18)। ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਅਬਰਾਹਾਮ ਗਲਤ ਸੀ ਕਿਉਂਕਿ ਉਸ ਨੇ ਹਾਜਰਾ ਨਾਲ ਬੁਰਾ ਵਿਹਾਰ ਹੋਣ ਦਿੱਤਾ (ਵੇਖੋ ਉਤਪਤ 16:6-14)। ਏਹ ਉਦਾਹਰਣ ਦੱਸਦੇ ਹਨ ਕਿ ਅਬਰਾਹਾਮ ਦੀ ਨਿਹਚਾ ਵੀ ਸੰਪੂਰਣ ਨਹੀਂ ਸੀ। ਦੂਜੇ ਸ਼ਬਦਾਂ ਵਿੱਚ, ਅਬਰਾਹਾਮ ਵੀ ਇੱਕ ਆਮ ਮਨੁੱਖ ਸੀ ਅਤੇ ਉਸ ਨੇ ਵੀ ਬਾਕੀ ਸਾਰੇ ਮਨੁੱਖਾਂ ਵਾਂਗ ਕਾਫ਼ੀ ਸੰਘਰਸ਼ ਕੀਤਾ।

ਹੁਣ ਤੱਕ, ਭਾਈ ਥੋਮਸ ਨੇ ਅਬਰਾਹਾਮ ਦੇ ਵਹੀਖਾਤੇ ਦੇ "ਖਰਚ" ਵਾਲੇ ਪਾਸੇ ਪਾਪ ("X") ਜੋੜ ਲਏ ਸਨ। ਹੁਣ ਉਹ "ਜਮ੍ਹਾਂ" ਵਾਲੇ ਕਾਲਮ ਵੱਲ ਆ ਗਿਆ। "ਅਬਰਾਹਾਮ ਨੇ ਚੰਗੇ ਕੰਮ ਵੀ ਕੀਤੇ ਸਨ," ਉਸ ਨੇ ਕਿਹਾ, "ਅਤੇ ਪਰਮੇਸ਼ੁਰ ਉਸ ਤੋਂ ਜਾਣੂ ਸੀ।" ਉਸ ਨੇ ਉਸ ਕਾਲਮ ਵਿੱਚ ਦੋ ਕੁ "X" ਦੇ ਨਿਸ਼ਾਨ ਲਗਾ ਦਿੱਤੇ। ਫਿਰ ਵੀ, ਉਸ ਨੇ ਜ਼ੋਰ ਦਿੱਤਾ ਕਿ ਅਬਰਾਹਾਮ ਨੇ ਆਪਣੀ ਜ਼ਿੰਦਗੀ ਵਿੱਚ ਜਿੰਨੇ ਵੀ ਚੰਗੇ ਕੰਮ ਕੀਤੇ ਸਨ ਉਸ ਦੇ ਦੁਆਰਾ ਕੀਤੇ ਗਏ ਪਾਪਾਂ ਦਾ "ਹਿਸਾਬ ਬਰਾਬਰ" ਨਹੀਂ ਸੀ ਕਰ ਸਕਦੇ। ਉਸ ਨੇ ਕਿਹਾ, "ਸਥਿਤੀ ਨਿਰਾਸ਼ਾਜਨਕ ਜਾਪਦੀ ਸੀ।"

ਫਿਰ ਭਾਈ ਥੋਮਸ ਨੇ ਸਾਨੂੰ *ਲੋਗੀਜੋਮਾਈ* ਦੇ ਅਰਥ ਬਾਰੇ ਚੇਤੇ ਕਰਾਇਆ। "ਨਿਹਚਾ" ਸ਼ਬਦ ਨੂੰ ਬੋਰਡ ਉੱਤੇ ਲਿਖ ਕੇ ਉਸ ਨੇ ਕਿਹਾ, "ਪਰਮੇਸ਼ੁਰ ਨੇ ਜਮ੍ਹਾਂ ਵਾਲੇ ਕਾਲਮ ਵਿੱਚ

'ਨਿਹਚਾ' ਲਿਖਿਆ ਅਤੇ ਉਹ ਨੇ ਉਸ ਨੂੰ *ਧਰਮ ਗਿਣਿਆ, ਜਿਵੇਂ ਕਿ* ਅਬਰਾਹਾਮ ਉਹ ਸੀ ਜੋ ਉਸ ਨੂੰ ਹੋਣਾ ਚਾਹੀਦਾ ਸੀ।" ਫਿਰ ਉਸ ਨੇ "ਜਮ੍ਹਾਂ" ਵਾਲੇ ਕਾਲਮ ਦੇ ਹੇਠਾਂ "X" ਨੂੰ ਰੱਖਿਆ ਜਿਨ੍ਹਾਂ ਨੇ "ਖਰਚ" ਵਾਲੇ ਕਾਲਮ ਨੂੰ ਇੱਕੋ ਜਿਹਾ ਕਰ ਦਿੱਤਾ ਜਿਸ ਨਾਲ "ਖਾਤਾ ਬਰਾਬਰ" ਹੋ ਗਿਆ।

ਭਾਈ ਥੋਮਸ ਨੇ ਉਸ ਦੇ ਰੇਖਾ ਚਿੱਤਰ ਵਿੱਚ ਜੋ ਕਮੀਆਂ ਸਨ ਉਨ੍ਹਾਂ ਲਈ ਮਾਫ਼ੀ ਮੰਗੀ, ਕਿਉਂਕਿ ਕੋਈ ਵੀ ਮਿਸਾਲ ਸਿੱਧ ਨਹੀਂ ਹੈ। "ਪਰ," ਉਸ ਨੇ ਕਿਹਾ, "ਮੈਂ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਪਰਮੇਸ਼ੁਰ ਨੇ ਅਬਰਾਹਾਮ ਦੀ ਸਿੱਧ ਆਗਿਆਕਾਰੀ (ਜਿਹੜੀ ਕਿ ਉਸ ਦੇ ਕੋਲ ਹੈ ਤਾਂ ਨਹੀਂ ਸੀ) ਨੂੰ ਨਹੀਂ ਵੇਖਿਆ, ਪਰ ਉਸ ਦੀ *ਨਿਹਚਾ* ਨੂੰ ਵੇਖਿਆ। ਜਦੋਂ ਉਸ ਨੇ ਅਬਰਾਹਾਮ ਦੀ ਨਿਹਚਾ ਨੂੰ ਵੇਖਿਆ, 'ਇਹ ਉਸ ਦੇ ਲਈ ਧਾਰਮਿਕਤਾ ਗਿਣੀ ਗਈ' [ASV]। ਉਹ ਨੇ ਉਸ ਦੀ *ਨਿਹਚਾ* ਨੂੰ ਧਾਰਮਿਕਤਾ ਗਿਣਿਆ।" ਉਹ ਰੁਕਿਆ ਅਤੇ ਫਿਰ ਕਿਹਾ, "ਅਤੇ ਇਹੋ ਉਹ ਆਧਾਰ ਹੈ ਜਿਸ ਉੱਤੇ ਉਹ ਤੁਹਾਨੂੰ ਅਤੇ ਮੈਨੂੰ ਬਚਾਉਂਦਾ ਹੈ।"

ਮੈਂ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਜਦੋਂ ਉਨ੍ਹਾਂ ਨੇ ਪਹਿਲੀ ਵਾਰ ਇਸ ਸਚਾਈ ਨੂੰ ਸੁਣਿਆ ਸੀ, ਉਨ੍ਹਾਂ ਨੇ ਸੁੱਖ ਦਾ ਸਾਹ ਲਿਆ ਸੀ। ਸਪੱਸ਼ਟ ਹੈ ਕਿ ਓਹ ਸਿਰਫ ਨਿਆਂ ਦੇ ਪਰਮੇਸ਼ੁਰ ਤੋਂ ਜਾਣੂ ਸਨ ਅਤੇ ਉਨ੍ਹਾਂ ਨੂੰ ਡਰ ਸੀ ਕਿ ਉਹ ਘੱਟ ਤੋਂ ਘੱਟ "ਇੰਨਾਂ ਤਾਂ ਕਰ ਹੀ ਲੈਣ ਕਿ ਸਵਰਗ ਜਾ ਸਕਣ।" ਮੈਨੂੰ ਭਾਈ ਥੋਮਸ ਦੀ ਜਮਾਤ ਵਿੱਚ ਅਜਿਹੀ ਕੋਈ ਪ੍ਰਤੀਕ੍ਰਿਆ ਚੇਤੇ ਨਹੀਂ ਹੈ। ਮੈਨੂੰ ਪਹਿਲਾਂ ਕਦੇ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਲਈ "ਕਾਫ਼ੀ ਕੁਝ ਕਰਨ" ਬਾਰੇ ਚਿੰਤਾ ਕਰਨਾ ਚੇਤੇ ਨਹੀਂ ਹੈ। ਮੇਰੇ ਅੰਦਰ ਉਹ ਗੱਲ ਸੀ ਜਿਸ ਬਾਰੇ ਕਿਸੇ ਨੇ ਕਿਹਾ ਹੈ ਕਿ ਇਹ "ਸਿੱਧਤਾ ਦਾ ਸਰਾਪ" ਹੈ ਅਤੇ ਇਸ ਤਰ੍ਹਾਂ ਦਾ ਵਿਅਕਤੀ ਹੁੰਦੇ ਹੋਏ ਮੈਂ ਇਸ ਗੱਲ ਤੋਂ ਜਾਣੂ ਸੀ ਕਿ ਮੈਂ ਉਹ ਬਿਲਕੁਲ ਨਹੀਂ ਸੀ ਜੋ ਮੈਨੂੰ ਹੋਣਾ ਚਾਹੀਦਾ ਹੈ। ਫਿਰ ਵੀ, ਮੇਰੇ ਮਾਤਾ-ਪਿਤਾ ਅਤੇ ਹੋਰਨਾਂ ਨੇ ਮੈਨੂੰ ਪਿਆਰ ਕਰਨ ਵਾਲੇ ਇੱਕ ਪਰਮੇਸ਼ੁਰ ਬਾਰੇ ਸਿਖਾਇਆ ਸੀ। (ਮੈਂ ਇਹ ਵੀ ਮੰਨਾਂਗਾ ਕਿ ਜਦੋਂ ਮੈਂ ਰੋਮੀਆਂ ਦੀ ਪੱਤ੍ਰੀ ਤੇ ਦਿੱਤੀ ਜਾਣ ਵਾਲੀ ਸਿੱਖਿਆ ਦੀ ਜਮਾਤ ਵਿੱਚ ਗਿਆ, ਮੈਂ ਨਾ ਸਿਰਫ ਬਹੁਤ ਸਾਰੀਆਂ ਗੱਲਾਂ ਤੋਂ ਅਣਜਾਣ ਸੀ, ਪਰ ਜਵਾਨ ਵੀ ਸੀ ਅਤੇ ਉਤਸ਼ਾਹ ਨਾਲ ਭਰਿਆ ਹੋਇਆ ਸੀ ਅਤੇ ਮੇਰੇ ਪ੍ਰਭੂ ਲਈ ਮਹਾਨ ਕੰਮਾਂ ਨੂੰ ਕਰਨ ਲਈ ਤਿਆਰ ਸੀ। ਮੈਨੂੰ ਕਿਉਂ ਚਿੰਤਾ ਕਰਨੀ ਚਾਹੀਦੀ ਹੈ?)

ਮੈਨੂੰ ਇੱਕ ਚੀਜ਼ ਮਹਿਸੂਸ ਕਰਨਾ ਯਾਦ ਹੈ ਕਿ ਜਦੋਂ ਭਾਈ ਥੋਮਸ ਨੇ ਉਹ ਰੇਖਾ ਚਿੱਤਰ ਬਣਾਇਆ, ਇਹ ਬਹੁਤ ਦਿਲਚਸਪ ਸੀ ਅਤੇ ਮੈਂ ਕੁਝ ਨਵਾਂ ਸਿੱਖਣ ਬਾਰੇ ਅਤੇ ਵਾਧੂ ਗਿਆਨ ਪ੍ਰਾਪਤ ਕਰਨ ਲਈ ਕਾਫ਼ੀ ਉਤਸ਼ਾਹਿਤ ਸੀ। ਸ਼ਾਇਦ ਮੈਂ ਥੋੜ੍ਹਾ ਜਿਹਾ ਸ਼ੱਕੀ ਵੀ ਸੀ। ਮੇਰੇ ਦਿਮਾਗ ਨੇ ਜਾਣਕਾਰੀ ਨੂੰ ਪ੍ਰਾਪਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਸ ਨੂੰ ਉਸ ਜਾਣਕਾਰੀ ਨਾਲ ਜਾਂਚ ਰਿਹਾ ਸੀ ਜੋ ਮੈਂ ਪਹਿਲਾਂ ਵਚਨ ਵਿੱਚੋਂ ਪ੍ਰਾਪਤ ਕੀਤੀ ਸੀ (ਰਸੂਲਾਂ ਦੇ ਕਰਤੱਬ 17:11)। ਹੌਲੀ-ਹੌਲੀ, ਰੋਮੀਆਂ 4 ਵਿੱਚ ਪੌਲੁਸ ਦੀ ਸਿੱਖਿਆ ਮੈਨੂੰ ਸਮਝ ਆਉਣ ਲੱਗ ਪਈ। ਅਗਲੇ ਕੁਝ ਸਾਲਾਂ ਵਿੱਚ, ਇਸ ਮਹਾਨ ਅਧਿਆਇ ਪ੍ਰਤੀ ਮੇਰੀ ਪ੍ਰਸ਼ੰਸਾ ਵਧਦੀ ਚਲੀ ਗਈ।

ਜਦੋਂ ਮੈਂ ਗ੍ਰੈਜੁਏਟ ਹੋ ਗਿਆ ਅਤੇ ਪੂਰਾ ਸਮਾਂ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ, ਛੇਤੀ ਹੀ ਇਹ ਸਪੱਸ਼ਟ ਹੋ ਗਿਆ ਕਿ ਰੋਮੀਆਂ 4 ਅਧਿਆਇ ਦੀਆਂ ਸਚਾਈਆਂ ਦੀ ਮਸੀਹ ਵਿੱਚ ਮੇਰੇ ਬਹੁਤ ਸਾਰੇ ਭੈਣਾਂ ਭਰਾਵਾਂ ਨੂੰ ਲੋੜ ਸੀ। ਕਿਸੇ ਮੈਂਬਰ ਲਈ ਇਹ ਗੱਲ ਪੁੱਛਣਾ ਅਸਾਧਾਰਣ ਨਹੀਂ ਸੀ "ਤੁਸੀਂ ਕਿਵੇਂ ਜਾਣਦੇ ਹੋ ਕਿ ਕਦੋਂ ਤੁਸੀਂ ਸੁਰਗ ਜਾਣ ਲਈ ਬਹੁਤ ਕੁਝ ਕਰ ਚੁੱਕੇ ਹੁੰਦੇ ਹੋ?" ਇਹ ਸਵਾਲ ਕਿ "ਕੀ ਤੁਸੀਂ ਬਚ ਚੁੱਕੇ ਹੋ?" ਦਾ ਸਧਾਰਣ ਜਿਹਾ ਅਨਿਸ਼ਚਿਤ ਜਵਾਬ

ਸੀ "ਹਾਂ ਮੈਨੂੰ ਤਾਂ ਇਹੋ ਆਸ ਹੈ।" ਕੁਝ ਬਾਈਬਲ ਕਲਾਸ ਟੀਚਰ ਯੂਹੰਨਾ ਦੇ ਇਸ "ਬੇਧੜਕ" ਬਿਆਨ ਨਾਲ ਸੰਘਰਸ਼ ਕਰਦੇ ਹਨ: "ਇਹ ਗੱਲਾਂ ਮੈਂ ਤੁਹਾਨੂੰ ਇਸ ਲਈ ਲਿਖੀਆਂ . . . , ਭਈ ਤੁਸੀਂ *ਜਾਣੋ* ਜੋ ਸਦੀਪਕ ਜੀਵਨ ਤੁਹਾਨੂੰ ਮਿਲਿਆ" (1 ਯੂਹੰਨਾ 5:13; ਜ਼ੋਰ ਦਿੱਤਾ ਗਿਆ ਹੈ)। ਓਹ ਹੈਰਾਨ ਹੁੰਦੇ ਹਨ ਕਿ ਪੌਲੁਸ ਇੰਨਾ ਭਰੋਸੇਮੰਦ ਕਿਵੇਂ ਹੋ ਸਕਦਾ ਸੀ: "ਹੁਣ ਤੋਂ ਧਰਮ ਦਾ ਮੁਕਟ ਮੇਰੇ ਲਈ ਰੱਖਿਆ ਹੋਇਆ ਹੈ ਜਿਹੜਾ ਪ੍ਰਭੂ ਜੋ ਧਰਮੀ ਨਿਆਈ ਹੈ ਉਸ ਦਿਨ ਮੈਨੂੰ *ਦੇਵੇਗਾ"* (2 ਤਿਮੋਥਿਉਸ 4:8; ਜ਼ੋਰ ਦਿੱਤਾ ਗਿਆ ਹੈ)।

ਮੈਂ ਹੌਲੀ-ਹੌਲੀ ਇਸ ਗੱਲ ਤੋਂ ਵੀ ਜਾਣੂ ਹੋ ਗਿਆ ਕਿ ਪੌਲੁਸ ਦੀ ਸਿੱਖਿਆ ਨਿੱਜੀ ਤੌਰ ਤੇ ਮੇਰੇ ਲਈ ਵੀ ਕਿੰਨੀ ਮਹੱਤਵਪੂਰਣ ਹੈ। ਮੈਂ ਜ਼ਿਆਦਾ ਤੋਂ ਜ਼ਿਆਦਾ ਇਸ ਗੱਲ ਤੋਂ ਜਾਣੂ ਹੁੰਦਾ ਗਿਆ ਕਿ ਪਰਮੇਸ਼ੁਰ ਦੇ ਸਾਹਮਣੇ ਮੇਰਾ ਪ੍ਰਦਰਸ਼ਣ ਕਿੰਨਾ ਖੋਟਾ ਹੈ। ਇਸ ਤੋਂ ਇਲਾਵਾ, ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਇੱਕ ਸਮੇਂ ਜਿਸ ਨੂੰ ਮੈਂ ਊਰਜਾ ਦਾ ਅਥੱਕ ਸ੍ਰੋਤ ਸਮਝਦਾ ਸੀ ਲੋਪ ਹੋ ਗਿਆ। ਦਿਨ-ਬ-ਦਿਨ, ਮੈਂ ਇਸ ਤੱਥ ਦੀ ਬਹੁਤ ਜ਼ਿਆਦਾ ਪ੍ਰਸ਼ੰਸਾ ਕਰਦਾ ਹਾਂ ਕਿ ਪਰਮੇਸ਼ੁਰ ਮੇਰੇ ਅਸਿੱਧ, ਅਧੂਰੇ, ਹਮੇਸ਼ਾ-ਦਾਗੀ ਕੰਮਾਂ ਨੂੰ ਨਹੀਂ ਵੇਖਦਾ ਪਰ ਮੇਰੀ *ਨਿਹਚਾ* ਨੂੰ ਵੇਖਦਾ ਹੈ। ਪਰਮੇਸ਼ੁਰ ਦਾ ਧੰਨਵਾਦ ਹੋਵੇ!

**ਕਰਮਾਂ ਦੀ ਭੂਮਿਕਾ (4:3, 4)**

ਕਿਉਂਕਿ ਪਰਮੇਸ਼ੁਰ ਇੱਕ ਵਿਅਕਤੀ ਨੂੰ ਉਸ ਦੀ ਨਿਹਚਾ ਦੇ ਕਾਰਨ ਧਰਮੀ ਸਮਝਦਾ ਹੈ, ਕੀ ਇਸ ਦਾ ਅਰਥ ਇਹ ਹੈ ਕਿ ਕਰਮ ਜ਼ਰੂਰੀ ਨਹੀਂ ਹਨ? ਜਦੋਂ ਪੌਲੁਸ ਨੇ ਉਤਪਤ 15:6 ਦਾ ਹਵਾਲਾ ਦਿੱਤਾ, ਕੀ ਉਹ ਇਹ ਸਿਖਾਉਣਾ ਚਾਹੁੰਦਾ ਸੀ ਕਿ ਅਬਰਾਹਾਮ ਦੇ ਕਰਮ ਮਹੱਤਵਪੂਰਣ ਨਹੀਂ ਸਨ? ਬਿਲਕੁਲ ਵੀ ਨਹੀਂ। ਨਵੇਂ ਨੇਮ ਦੇ ਲੇਖਕਾਂ ਨੇ ਉਤਪਤ 15:6 ਨੂੰ ਅਬਰਾਹਾਮ ਦੀ ਜ਼ਿੰਦਗੀ ਦਾ ਸਾਰ ਮੰਨਿਆ ਹੈ। ਗਲਾਤੀਆਂ 3:6-9 ਵਿੱਚ, ਪੌਲੁਸ ਨੇ ਆਇਤ ਨੂੰ ਉਤਪਤ 12 ਵਿੱਚ ਪਰਮੇਸ਼ੁਰ ਦੇ ਸ਼ਬਦਾਂ ਨਾਲ ਜੋੜਿਆ ਹੈ ਜਿੱਥੇ ਪਰਮੇਸ਼ੁਰ ਨੇ ਫੇਰ ਅਬਰਾਹਾਮ ਨੂੰ ਕਨਾਨ ਨੂੰ ਜਾਣ ਲਈ ਸੱਦਿਆ। ਉਸ ਬੁਲਾਹਟ ਸੰਬੰਧੀ, ਇਬਰਾਨੀਆਂ ਦੇ ਲੇਖਕ ਨੇ ਕਿਹਾ, "*ਨਿਹਚਾ ਨਾਲ* ਅਬਰਾਹਾਮ ਜਾਂ ਸੱਦਿਆ ਗਿਆ ਤਾਂ ਓਸ ਥਾਂ ਜਾਣ ਦੀ ਆਗਿਆ *ਮੰਨ ਲਈ* ਜਿਹ ਨੂੰ ਉਹ ਨੇ ਅਧਕਾਰ ਵਿੱਚ ਲੈਣਾ ਸੀ" (ਇਬਰਾਨੀਆਂ 11:8; ਜ਼ੋਰ ਦਿੱਤਾ ਗਿਆ ਹੈ)। ਕੀ ਹੁੰਦਾ ਜੇਕਰ ਅਬਰਾਹਾਮ ਨੇ ਆਗਿਆ *ਨਾ* ਮੰਨੀ ਹੁੰਦੀ? ਕੀ ਇਸ ਦਾ ਅਰਥ ਇਹ ਹੁੰਦਾ ਕਿ ਉਸ ਨੇ ਨਿਹਚਾ *ਨਹੀਂ* ਸੀ ਕੀਤੀ?

ਰੋਮੀਆਂ ਵਿੱਚ, ਮੁੱਢਲੇ ਤੌਰ ਤੇ ਪੌਲੁਸ ਦੇ ਮਨ ਵਿੱਚ ਆਇਤ ਦਾ ਅਸਲੀ ਸੰਦਰਭ ਸੀ (ਉਤਪਤ 15:6), ਪਰ ਉਸ ਨੇ ਚੌਦਾਂ ਸਾਲ ਬਾਅਦ ਇੱਕ ਪੁੱਤਰ ਦੇ ਖਾਸ ਵਾਅਦੇ ਨੂੰ ਵੀ ਸ਼ਾਮਲ ਕੀਤਾ (ਵੇਖੋ 4:10)। ਅਬਰਾਹਾਮ ਨੂੰ ਇੱਕ ਪੁੱਤਰ ਦਾ ਵਾਅਦਾ ਦਿੱਤਾ ਗਿਆ ਸੀ ਪਰ ਅਖ਼ੀਰ ਜਦੋਂ ਇਸਹਾਕ ਦਾ ਜਨਮ ਹੋਇਆ, ਇਹ ਇੱਕ ਕੁਆਰੀ ਦੁਆਰਾ ਜਨਮ ਨਹੀਂ ਸੀ। ਕੀ ਹੁੰਦਾ ਜੇਕਰ ਅਬਰਾਹਾਮ ਨੇ ਵਾਅਦੇ ਨੂੰ ਪੂਰਾ ਕਰਨ ਲਈ "ਨਿਰਾ ਪਰਮੇਸ਼ੁਰ ਉੱਤੇ ਭਰੋਸਾ ਕਰਕੇ" ਸਾਰਾਹ ਨਾਲ ਵਿਆਹੁਤਾ ਰਿਸ਼ਤਿਆਂ ਤੋਂ ਇਨਕਾਰ ਕਰ ਦਿੱਤਾ ਹੁੰਦਾ? ਫੇਰ, ਕਿਸੇ ਵੀ ਕਿਸਮ ਦੇ ਕਰਮ (ਜਾਂ ਅਕਰਮ) ਨੇ ਬੇਪਰਤੀਤੀ ਨੂੰ ਪਰਗਟ ਕਰਨਾ ਸੀ, ਨਾ ਕਿ ਪਰਤੀਤ ਨੂੰ।

ਉਦਾਹਰਣ ਜਿਹੜਾ ਯਾਕੂਬ ਨੇ ਵਰਤਿਆ ਸੀ ਕਈ ਸਾਲ ਪੁਰਾਣਾ ਸੀ, ਜਦੋਂ ਪਰਮੇਸ਼ੁਰ

ਨੇ ਅਬਰਾਹਾਮ ਨੂੰ ਆਪਣੇ ਪੁੱਤਰ ਦੀ ਬਲੀ ਚੜ੍ਹਾਉਣ ਦਾ ਨਿਰਦੇਸ਼ ਦਿੱਤਾ ਸੀ (ਉਤਪਤ 22:1-14)। ਯਾਕੂਬ ਨੇ ਲਿਖਿਆ,

> ਕੀ ਸਾਡਾ ਪਿਤਾ ਅਬਰਾਹਾਮ ਅਮਲਾਂ ਨਾਲ ਧਰਮੀ ਨਹੀਂ ਠਹਿਰਾਇਆ ਗਿਆ ਜਦੋਂ ਉਹ ਨੇ ਆਪਣੇ ਪੁੱਤ੍ਰ ਇਸਹਾਕ ਨੂੰ ਜਗਵੇਦੀ ਉੱਤੇ ਚਾੜ੍ਹ ਦਿੱਤਾ? ਤੂੰ ਵੇਖਦਾ ਹੈਂ ਭਈ ਨਿਹਚਾ ਉਹ ਦੇ ਅਮਲਾਂ ਨਾਲ ਗੁਣਕਾਰ ਹੋਈ ਅਤੇ ਅਮਲਾਂ ਤੋਂ ਨਿਹਚਾ ਸੰਪੂਰਨ ਹੋਈ ਅਤੇ ਧਰਮ ਪੁਸਤਕ ਦਾ ਇਹ ਵਾਕ ਪੂਰਾ ਹੋਇਆ "ਭਈ ਅਬਰਾਹਾਮ ਨੇ ਪਰਮੇਸ਼ੁਰ ਦੀ ਪਰਤੀਤ ਕੀਤੀ ਅਤੇ ਇਹ ਉਹ ਦੇ ਲਈ ਧਰਮ ਗਿਣੀ ਗਈ" (ਯਾਕੂਬ 2:21-23ੳ)।

ਉਸ ਘਟਨਾ ਸੰਬੰਧੀ, ਇਬਰਾਨੀਆਂ ਦੇ ਲੇਖਕ ਨੇ ਲਿਖਿਆ,

> ਨਿਹਚਾ ਨਾਲ ਅਬਰਾਹਾਮ ਨੇ ਜਦ ਪਰਤਾਇਆ ਗਿਆ ਤਾਂ ਇਸਹਾਕ ਨੂੰ ਬਲੀਦਾਨ ਲਈ ਚੜ੍ਹਾਇਆ। ਹਾਂ, ਆਪਣੇ ਇਕਲੌਤੇ ਨੂੰ ਉਹ ਜਿਹ ਨੂੰ ਵਾਇਦੇ ਦਿੱਤੇ ਗਏ ਸਨ ਚੜ੍ਹਾਉਣ ਲੱਗਾ ਅਤੇ ਜਿਹ ਨੂੰ ਇਹ ਆਖਿਆ ਗਿਆ "ਭਈ ਇਸਹਾਕ ਤੋਂ ਤੇਰੀ ਅੰਸ ਅਖਵਾਏਗੀ।" ਕਿਉਂ ਜੋ ਉਹ ਨੇ ਵਿਚਾਰ ਕੀਤਾ ਜੋ ਪਰਮੇਸ਼ੁਰ ਮੁਰਦਿਆਂ ਵਿੱਚੋਂ ਭੀ ਉਠਾਲਣ ਨੂੰ ਸਮਰਥ ਹੈ ਜਿਨ੍ਹਾਂ ਵਿੱਚੋਂ ਉਹ ਨੇ ਮਾਨੋ ਉਹ ਨੂੰ ਪਰਾਪਤ ਵੀ ਕਰ ਲਿਆ (ਇਬਰਾਨੀਆਂ 11:17-19)।

ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਉਸ ਦੇ ਪੁੱਤਰ ਨੂੰ ਬਲੀ ਕਰਨ ਦਾ ਹੁਕਮ ਦਿੱਤਾ ਸੀ, ਕੀ ਹੁੰਦਾ ਜੇਕਰ ਅਬਰਾਹਾਮ ਨੇ ਇਨਕਾਰ ਕਰ ਦਿੱਤਾ ਹੁੰਦਾ? ਕੀ ਇਹ ਸਪੱਸ਼ਟ ਨਹੀਂ ਹੈ ਕਿ ਅਜਿਹੇ ਫ਼ੈਸਲੇ ਨੇ ਉਸ ਪਰਮੇਸ਼ੁਰ ਵਿੱਚ "ਜਿਹੜਾ ਲੋਕਾਂ ਨੂੰ ਮੁਰਦਿਆਂ ਵਿੱਚੋਂ ਜਿਵਾਲਣ ਦੇ ਯੋਗ ਹੈ" ਨਿਸ਼ਚਿਤ ਭਰੋਸੇ ਦੀ ਬਜਾਇ ਨਿਹਚਾ ਦੀ ਕਮੀ ਨੂੰ ਪਰਗਟ ਕਰਨਾ ਸੀ?

ਅਬਰਾਹਾਮ ਦੇ ਕੰਮਾਂ ਦਾ ਮਹੱਤਵ ਉਤਪਤ 26:3-5 ਵਿੱਚ ਇਸਹਾਕ ਨੂੰ ਕਹੇ ਗਏ ਪਰਮੇਸ਼ੁਰ ਦੇ ਸ਼ਬਦਾਂ ਵਿੱਚ ਵੇਖਿਆ ਜਾਂਦਾ ਹੈ:

> . . . ਮੈਂ ਉਸ ਸੌਂਹ ਨੂੰ ਜਿਹੜੀ ਮੈਂ ਤੇਰੇ ਪਿਤਾ ਅਬਰਾਹਾਮ ਨਾਲ ਖਾਧੀ ਸੀ ਪੂਰੀ ਕਰਾਂਗਾ। ਅਰ ਮੈਂ ਤੇਰੀ ਅੰਸ ਨੂੰ ਅਕਾਸ਼ ਦੇ ਤਾਰਿਆਂ ਵਾਂਙੁ ਵਧਾਵਾਂਗਾ ਅਰ ਮੈਂ ਤੇਰੀ ਅੰਸ ਨੂੰ ਏਹ ਸਾਰੇ ਦੇਸ ਦਿਆਂਗਾ ਅਰ ਤੇਰੀ ਅੰਸ ਤੋਂ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ; *ਕਿਉਂ ਜੋ ਅਬਰਾਹਾਮ ਨੇ ਮੇਰੀ ਅਵਾਜ਼ ਨੂੰ ਸੁਣਿਆ* ਅਰ ਮੇਰੀ ਬਿਧੀਆਂ ਅਰ ਮੇਰੀਆਂ ਬਿਵਸਥਾਂ ਦੀ ਪਾਲਨਾ ਕੀਤੀ (ਜ਼ੋਰ ਦਿੱਤਾ ਗਿਆ ਹੈ)।

ਹਾਂ, ਅਬਰਾਹਾਮ ਦੇ ਕਰਮ ਮਹੱਤਵਪੂਰਣ ਸਨ। ਜਦੋਂ ਕੋਈ ਉਸ ਯੁਗ ਤੇ ਵਿਚਾਰ ਕਰਦਾ ਹੈ ਜਿਸ ਦੇ ਵਿੱਚ ਅਬਰਾਹਾਮ ਰਹਿੰਦਾ ਸੀ ਅਤੇ ਉਨ੍ਹਾਂ ਹਾਲਾਤਾਂ ਤੇ ਵੀ ਜਿਨ੍ਹਾਂ ਵਿੱਚ ਉਸ ਨੇ ਯਹੋਵਾਹ ਦੀ ਸੇਵਾ ਕੀਤੀ ਸੀ, ਯਹੋਵਾਹ ਦੇ ਹੁਕਮਾਂ ਦੇ ਪ੍ਰਤੀ ਉਸ ਦਾ ਪੂਰੇ ਮਨ ਵਾਲਾ ਜਵਾਬ ਸ਼ਾਨਦਾਰ, ਸਗੋਂ ਹੈਰਾਨ ਕਰ ਦੇਣ ਵਾਲਾ ਹੈ। ਫਿਰ ਵੀ, ਸਾਨੂੰ ਦੋ ਮੁੱਖ ਤੱਥਾਂ ਤੋਂ ਨਜ਼ਰ ਨਹੀਂ ਹਟਾਉਣੀ ਚਾਹੀਦੀ: (1) ਜਦੋਂ ਅਸੀਂ ਅਬਰਾਹਾਮ ਦੇ ਕਰਮਾਂ ਬਾਰੇ ਗੱਲ ਕਰਦੇ ਹਾਂ, ਅਸੀਂ "ਯੋਗਤਾ ਦੇ ਕਰਮਾਂ" ਬਾਰੇ ਗੱਲ ਨਹੀਂ ਕਰਦੇ, ਪਰ "ਨਿਹਚਾ ਦੀ ਆਗਿਆਕਾਰੀ" ਬਾਰੇ ਗੱਲ ਕਰਦੇ ਹਾਂ। (2) ਭਾਵੇਂ ਕਿ ਅਬਰਾਹਾਮ ਦੇ ਕਰਮ ਸ਼ਾਨਦਾਰ ਸਨ, ਓਹ ਸਿੱਧ ਨਹੀਂ ਸਨ। ਉਹ ਫਿਰ ਵੀ "ਕਿਰਪਾ ਨਾਲ . . . ਨਿਹਚਾ ਰਾਹੀਂ" (ਅਫ਼ਸੀਆਂ 2:8) ਬਚਾਇਆ ਗਿਆ ਸੀ। ਇਸ ਤਰ੍ਹਾਂ ਪਵਿੱਤਰ ਵਚਨ ਜ਼ੋਰ ਦਿੰਦਾ ਹੈ ਕਿ "ਅਬਰਾਹਾਮ ਨੇ ਪਰਮੇਸ਼ੁਰ ਦੀ *ਪਰਤੀਤ ਕੀਤੀ*

ਅਤੇ ਇਹ ਉਹ ਦੇ ਲਈ ਧਰਮ ਗਿਣੀ ਗਈ” (4:3; ਜ਼ੋਰ ਦਿੱਤਾ ਗਿਆ ਹੈ)।

**ਅਸੀਂ ਕਿਵੇਂ ਬਚਾਏ ਜਾਂਦੇ ਹਾਂ? (4:5)**

ਨਾ ਸਿਰਫ ਅਬਰਾਹਾਮ ਉਸ ਦੀ ਨਿਹਚਾ ਦੇ ਆਧਾਰ ਤੇ ਬਚਾਇਆ ਗਿਆ ਸੀ, ਪਰ ਅਸੀਂ ਵੀ ਉਸੇ ਆਧਾਰ ਤੇ ਬਚਾਏ ਜਾਂਦੇ ਹਾਂ। ਅਸੀਂ ਵੀ ਪਰਮੇਸ਼ੁਰ ਦੇ ਸ਼ਾਨਦਾਰ ਹਿਸਾਬ-ਕਿਤਾਬ ਵਾਲੇ ਪ੍ਰਬੰਧ ਤੋਂ ਲਾਭ ਉਠਾਉਂਦੇ ਹਾਂ। ਪੌਲੁਸ ਨੇ ਲਿਖਿਆ, “ਪਰ ਜਿਹੜਾ ਕੰਮ ਨਾ ਕਰ ਕੇ ਉਸ ਉੱਤੇ ਨਿਹਚਾ ਕਰਦਾ ਹੈ ਜੋ ਕੁਧਰਮੀ ਨੂੰ ਧਰਮੀ ਠਹਿਰਾਉਂਦਾ ਹੈ ਉਹ ਦੀ ਨਿਹਚਾ ਧਰਮ ਗਿਣੀਦੀ ਹੈ” (4:5)। ਉਸ ਨੇ ਇਹ ਵੀ ਕਿਹਾ, “ਇਹ ਗੱਲ ਭਈ ਉਹ [ਅਬਰਾਹਾਮ] ਦੇ ਲਈ ਗਿਣੀ ਗਈ ਨਿਰੀ ਓਸੇ ਦੇ ਨਮਿੱਤ ਨਹੀਂ ਲਿਖੀ ਗਈ, ਸਗੋਂ ਸਾਡੇ ਨਮਿੱਤ ਵੀ, ਜਿਨ੍ਹਾਂ ਲਈ ਗਿਣੀ ਜਾਵੇਗੀ ਅਰਥਾਤ ਜਿਹੜੇ ਓਸ ਉੱਤੇ ਨਿਹਚਾ ਕਰਦੇ ਹਾਂ, ਜਿਹ ਨੇ ਯਿਸੂ ਸਾਡੇ ਪ੍ਰਭੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ” (4:23, 24)। ਇੱਕ ਵਾਰ ਜਦੋਂ ਅਸੀਂ ਇਸ ਸਚਾਈ ਨੂੰ ਸਮਝ ਲੈਂਦੇ ਹਾਂ, ਇਸ ਦਾ ਸਾਡੀਆਂ ਜ਼ਿੰਦਗੀਆਂ ਉੱਤੇ ਵੱਡਾ ਪ੍ਰਭਾਵ ਹੋਣਾ ਚਾਹੀਦਾ ਹੈ।

*ਇਸ ਨੂੰ ਸਾਨੂੰ ਆਸ ਨਾਲ ਭਰ ਦੇਣਾ ਚਾਹੀਦਾ ਹੈ।* ਅਸਮਰਪਿਤ ਅਤੇ ਅੱਧੇ ਦਿਲ ਵਾਲੇ ਮਸੀਹੀ ਲੋਕ ਪ੍ਰਭੂ ਲਈ “ਲੋੜੀਂਦਾ ਕਰਨ” ਬਾਰੇ ਚਿੰਤਾ ਨਹੀਂ ਕਰਦੇ। ਤੁਲਨਾ ਵਿੱਚ, ਹਰ ਇਮਾਨਦਾਰ ਮਸੀਹੀ ਨੇ ਆਪਣੀ ਅਯੋਗਤਾ ਨੂੰ ਮਹਿਸੂਸ ਕੀਤਾ ਹੈ ਅਤੇ ਸਮਝਦਾ ਹੈ ਕਿ ਉਹ ਉਸ ਤਰ੍ਹਾਂ ਦਾ ਬਣਨ ਤੋਂ ਕਿੰਨਾ ਰਹਿ ਗਿਆ ਹੈ ਜਿਸ ਤਰ੍ਹਾਂ ਦਾ ਉਸ ਨੂੰ ਬਣਨਾ ਚਾਹੀਦਾ ਹੈ। ਕੀ ਇਹ ਸਮਝਣਾ ਅਦਭੁਤ ਨਹੀਂ ਹੈ ਕਿ ਜਦ ਕਿ ਪਰਮੇਸ਼ੁਰ ਆਗਿਆਕਾਰੀ ਦੀ ਮੰਗ ਕਰਦਾ ਹੈ, ਉਹ *ਸਿੱਧ* ਆਗਿਆਕਾਰੀ ਦੀ ਮੰਗ ਨਹੀਂ ਕਰਦਾ? ਉਹ ਸਾਡੇ ਤੋਂ ਉੱਤਮ ਕਰਨ ਦੀ ਉਮੀਦ ਕਰਦਾ ਹੈ, ਪਰ ਆਗਿਆਕਾਰੀ ਦੇ ਪਿੱਛੇ ਪ੍ਰੇਰਣਾ ਉਸ ਦੀ ਸਭ ਤੋਂ ਵੱਡੀ ਚਿੰਤਾ ਹੈ: ਸਾਡੀ ਨਿਹਚਾ। ਵਿਲੀਅਮ ਬਾਰਕਲੇਅ ਨੇ “ਹਾਰਨ ਵਾਲੀ ਲੜਾਈ” ਦੇ ਬਾਰੇ ਲਿਖਿਆ ਕਿ ਕੁਝ “ਪਰਮੇਸ਼ੁਰ ਦੇ ਪਿਆਰ ਨੂੰ ਕਮਾਉਣ ਲਈ” ਲੜਦੇ ਹਨ, ਜਦ ਕਿ ਉਨ੍ਹਾਂ ਨੂੰ ਜੋ ਸਿਖਣ ਦੀ ਲੋੜ ਹੈ ਉਹ ਹੈ “ਪੂਰੇ ਭਰੋਸੇ ਨਾਲ ਉਸ ਨੂੰ ਕਬੂਲ ਕਰਨਾ ਜੋ ਪਰਮੇਸ਼ੁਰ ਸਾਨੂੰ ਦਿੰਦਾ ਹੈ।”[52]

*ਇਸ ਨੂੰ ਸਾਡੇ ਅੰਦਰ ਪਿਆਰ ਭਰਨਾ ਚਾਹੀਦਾ ਹੈ।* ਅਸੀਂ ਉਸ ਨੂੰ ਕਿਵੇਂ ਪਿਆਰ ਨਹੀਂ ਕਰ ਸਕਦੇ ਜੋ ਸਾਨੂੰ ਇੰਨਾ ਜ਼ਿਆਦਾ ਪਿਆਰ ਕਰਦਾ ਹੈ (1 ਯੂਹੰਨਾ 4:19)? ਜਦੋਂ ਅਸੀਂ ਸਮਝ ਲਵਾਂਗੇ ਕਿ ਅਸੀਂ “ਨਿਹਚਾ ਨਾਲ ਧਰਮੀ ਠਹਿਰਾਏ ਗਏ ਹਾਂ,” ਸਾਡੇ ਕੋਲ “ਉਸ ਤੇ ਹੈਰਾਨਗੀ ਦਾ ਇੱਕ ਜ਼ਬਰਦਸਤ ਭਾਵ ਹੋਵੇਗਾ ਜੋ ਪਰਮੇਸ਼ੁਰ ਨੇ ਸਾਡੇ ਲਈ ਕੀਤਾ ਹੈ, ਇਹ ਹੈਰਾਨਗੀ ਜੋ . . . [ਸਾਡੀ] ਅਰਾਧਨਾ ਦੇ ਰੂਪ ਵਿੱਚ ਬਾਹਰ ਨਿੱਕਲੇਗੀ।”[53] ਅਰਾਧਨਾ ਫਿਰ ਸਾਡੇ ਲਈ ਸਿਰਫ ਇੱਕ ਪੂਰਾ ਕਰਨ ਵਾਲਾ ਫਰਜ਼ ਨਹੀਂ ਰਹਿ ਜਾਵੇਗੀ, ਪਰ ਅਨੰਦ ਮਾਣਨ ਵਾਲਾ ਇੱਕ ਮੌਕਾ ਬਣ ਜਾਵੇਗੀ। “ਅਮੇਜ਼ਿੰਗ ਗਰੇਸ” ਵਰਗੇ ਗੀਤਾਂ ਨੂੰ ਇੱਕ ਨਵਾਂ ਅਰਥ ਮਿਲ ਜਾਵੇਗਾ!

*ਇਸ ਨਾਲ ਸਾਨੂੰ ਕੰਮ ਕਰਨ ਦੀ ਪ੍ਰੇਰਣਾ ਮਿਲਣੀ ਚਾਹੀਦੀ ਹੈ।* ਕੁਝ ਫ਼ਿਕਰਮੰਦ ਹਨ ਕਿ ਜੇਕਰ ਅਸੀਂ “ਨਿਹਚਾ ਨਾਲ ਧਰਮੀ ਠਹਿਰਾਏ ਜਾਣ” ਦੀ ਸਿੱਖਿਆ ਦਿੰਦੇ ਹਾਂ ਤਾਂ ਲੋਕ ਇਹ ਰਾਇ ਬਣਾ ਲੈਣਗੇ ਕਿ ਕਰਮ ਕਰਨ ਦੀ ਕੋਈ ਲੋੜ ਨਹੀਂ ਹੈ, ਆਗਿਆ ਦਾ ਪਾਲਣ ਕਰਨ ਦੀ ਕੋਈ ਲੋੜ ਨਹੀਂ ਹੈ। ਇਸ ਦੇ ਉਲਟ, “ਨਿਹਚਾ ਨਾਲ ਧਰਮੀ ਠਹਿਰਾਏ ਜਾਣ” ਦਾ

ਸਿਧਾਂਤ ਜਦੋਂ ਸਹੀ ਢੰਗ ਨਾਲ ਸਮਝ ਲਿਆ ਜਾਂਦਾ ਹੈ ਤਾਂ ਇਸ ਦਾ ਨਤੀਜਾ ਵੱਡਾ ਜਤਨ ਹੈ, ਨਾ ਕਿ ਥੋੜ੍ਹਾ ਜਤਨ। ਮਸੀਹ ਨੇ ਸਾਡੇ ਲਈ ਆਪਣਾ ਸਭ ਕੁਝ ਦੇ ਦਿੱਤਾ; ਅਸੀਂ ਉਸ ਨੂੰ ਆਪਣਾ ਸਭ ਕੁਝ ਕਿਵੇਂ ਨਹੀਂ ਦੇ ਸਕਦੇ?

*ਨਿਚੋੜ।* ਪਰਮੇਸ਼ੁਰ ਦੇ ਹਿਸਾਬ-ਕਿਤਾਬ ਦਾ ਪ੍ਰਬੰਧ ਸੱਚਮੁੱਚ ਸ਼ਾਨਦਾਰ ਹੈ! ਉਹ ਸਾਨੂੰ ਮਸੀਹ ਰਾਹੀਂ ਕਿਵੇਂ ਧਰਮੀ ਗਿਣਦਾ ਹੈ, ਇਸ ਨੂੰ ਸਮਝਣਾ ਸਾਨੂੰ ਉਤਸ਼ਾਹਿਤ ਕਰ ਸਕਦਾ ਹੈ ਅਤੇ ਸਾਨੂੰ ਪਰਮੇਸ਼ੁਰ ਦੇ ਪ੍ਰਤੀ ਵਫ਼ਾਦਾਰ ਰਹਿਣ ਵਿੱਚ ਮਦਦ ਕਰ ਸਕਦਾ ਹੈ। ਦੋ ਵਿਅਕਤੀ ਹਵਾਈ ਜਹਾਜ਼ ਰਾਹੀਂ ਮਹਾਸਾਂਗਰ ਦੇ ਪਾਰ ਜਾ ਰਹੇ ਹਨ। ਇੱਕ ਵਿਅਕਤੀ ਸ਼ਾਂਤ ਬੈਠਾ ਹੈ। ਉਸ ਨੂੰ ਜਹਾਜ਼ ਉੱਤੇ ਅਤੇ ਪਾਇਲਟ ਉੱਤੇ ਪੂਰਾ ਭਰੋਸਾ ਹੈ। ਜਦ ਕਿ ਦੂਜਾ ਵਿਅਕਤੀ ਪੂਰੇ ਰਸਤੇ ਡਰਿਆ ਰਹਿੰਦਾ ਹੈ। ਦੋਵੇਂ ਆਪਣੀ ਮੰਜ਼ਿਲ ਤੇ ਸੁਰੱਖਿਅਤ ਪਹੁੰਚ ਜਾਂਦੇ ਹਨ; ਪਰ ਪਹਿਲਾ ਵਿਅਕਤੀ ਉਡਾਣ ਦਾ ਪੂਰੀ ਤਰ੍ਹਾਂ ਅਨੰਦ ਮਾਣਦਾ ਹੈ, ਜਦ ਕਿ ਦੂਜੇ ਲਈ ਸਫ਼ਰ ਬਹੁਤ ਹੀ ਦੁਖਦਾਇਕ ਰਿਹਾ। ਰੋਮੀਆਂ 4 ਅਧਿਆਇ ਦੇ ਸੰਦੇਸ਼ ਨੂੰ ਸਮਝਣਾ ਨਾ ਸਿਰਫ ਸਾਨੂੰ "ਸੁਰਗੀ ਦੌਰੇ" ਤੇ ਜਾਣ ਲਈ ਬਲ ਦੇ ਸਕਦਾ ਹੈ, ਪਰ ਇਹ ਸਾਨੂੰ ਇਸ ਦੌਰੇ ਦਾ ਅਨੰਦ ਮਾਣਨ ਵਿੱਚ ਮਦਦ ਵੀ ਕਰੇਗਾ!

### ਦੋ ਪ੍ਰਣਾਲੀਆਂ ਦੀ ਤੁਲਨਾ (4:5-8)

ਇਵੇਂ ਲੱਗਦਾ ਹੈ ਕਿ 4:5-8 ਵਿੱਚ ਪੌਲੁਸ ਦਾ ਬੁਨਿਆਦੀ ਸੁਨੇਹਾ ਸਪੱਸ਼ਟ ਹੈ: ਮਸੀਹਤ ਸ਼ਰ੍ਹਾ/ਕੰਮਾਂ ਵਾਲੀ ਪ੍ਰਣਾਲੀ *ਨਹੀਂ* ਹੈ; ਇਹ ਕਿਰਪਾ/ਵਿਸ਼ਵਾਸ ਵਾਲੀ ਪ੍ਰਣਾਲੀ ਹੈ। ਜਦੋਂ ਪ੍ਰਭੂ ਸਾਨੂੰ ਵੇਖਦਾ ਹੈ, ਤਾਂ ਉਹ ਸਾਡੀ ਅਧੂਰੀ ਆਗਿਆਕਾਰੀ ਨੂੰ ਨਹੀਂ, ਸਗੋਂ ਸਾਡੇ ਵਿਸ਼ਵਾਸ ਨੂੰ ਵੇਖਦਾ ਹੈ।

ਹਾਲਾਂਕਿ ਸਿੱਖਿਆ ਸਪੱਸ਼ਟ ਜਾਪਦੀ ਹੈ, ਪਰ ਫਿਰ ਵੀ ਇਸ ਸਿੱਖਿਆ ਦੇ ਵਿਸਥਾਰ ਨੂੰ ਲੈ ਕੇ ਖਾਸਾ ਵਿਵਾਦ ਪਾਇਆ ਜਾਂਦਾ ਹੈ। ਇੱਕ ਪਾਸੇ ਦੇ ਲੋਕ ਆਖਦੇ ਹਨ, "ਇਹ ਤਾਂ ਸਪੱਸ਼ਟ ਹੀ ਹੈ ਕਿ ਪੌਲੁਸ ਦੀ ਸਿੱਖਿਆ ਕਿਸੇ ਵੀ ਪ੍ਰਕਾਰ ਦੇ ਕੰਮ ਨੂੰ ਛੇਕਦੀ ਹੈ। ਵਿਸ਼ੇਸ਼ ਤੌਰ 'ਤੇ ਇਹ ਬਪਤਿਸਮੇ ਨੂੰ ਮੁਕਤੀ ਲਈ ਇੱਕ ਸ਼ਰਤ ਵਜੋਂ ਨਕਾਰਦੀ ਹੈ। ਜੇਕਰ ਸਾਨੂੰ ਆਪਣੀ ਮੁਕਤੀ ਲਈ ਕੁਝ ਵੀ *ਕਰਨਾ* ਪੈਂਦਾ ਹੈ, ਤਾਂ ਇਸ ਦਾ ਅਰਥ ਹੈ ਕਿ ਅਸੀਂ ਆਪਣੀ ਮੁਕਤੀ *ਕਮਾਉਂਦੇ* ਹਾਂ।" ਦੂਜੇ ਪਾਸੇ ਦੇ ਲੋਕ ਇਸ ਦੇ ਜਵਾਬ ਵਿੱਚ ਆਖਦੇ ਹਨ, "ਜੇਕਰ ਅਸੀਂ ਸਿਖਾਉਂਦੇ ਹਾਂ ਕਿ ਲੋਕ ਆਪਣੇ ਕੰਮਾਂ ਸਦਕਾ ਧਰਮੀ ਨਹੀਂ ਠਹਿਰਾਏ ਜਾਂਦੇ, ਤਾਂ ਅਸੀਂ ਲੋਕਾਂ ਨੂੰ ਪ੍ਰਭੂ ਲਈ ਕੰਮ ਕਰਨ ਤੋਂ ਵਰਜ ਦਿੰਦੇ ਹਾਂ।" ਕਿਉਂਕਿ ਇਸ ਤਰ੍ਹਾਂ ਦੇ ਜਵਾਬ ਆਮਤੌਰ 'ਤੇ ਹਰ ਪਾਸੇ ਸੁਣਨ ਨੂੰ ਮਿਲਦੇ ਹਨ, ਇਸ ਕਰਕੇ ਸਾਨੂੰ ਇਨ੍ਹਾਂ ਦਾ ਸਾਵਧਾਨੀ ਨਾਲ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ।

*ਕੰਮ ਬਨਾਮ ਆਗਿਆਕਾਰੀ।* ਕੋਈ ਤਾਂ ਕਾਰਨ ਹੈ ਕਿ ਕੁਝ ਲਿਖਾਰੀਆਂ ਦੀ ਧਾਰਣਾ ਹੈ ਭਈ ਰੋਮੀਆਂ 4 ਪਰਮੇਸ਼ੁਰ ਦੀ ਸੰਤਾਨ ਬਣਨ ਵੱਲ ਇਸ਼ਾਰਾ ਕਰਦਾ ਹੈ। ਉਨ੍ਹਾਂ ਦੀ ਇਹ ਧਾਰਣਾ ਇਸ ਤੱਥ ਦੇ ਬਾਵਜੂਦ ਵੀ ਆਉਂਦੀ ਹੈ ਕਿ ਪੌਲੁਸ ਦੇ ਉਦਾਹਰਨ (ਅਬਰਾਹਾਮ ਅਤੇ ਦਾਊਦ) ਪਹਿਲਾਂ ਹੀ ਪਰਮੇਸ਼ੁਰ ਦੀ ਸੰਤਾਨ ਸਨ।[54] ਇਹ ਸਪੱਸ਼ਟ ਹੈ ਕਿ ਇਨ੍ਹਾਂ ਲਿਖਾਰਿਆਂ ਵਿੱਚੋਂ ਬਹੁਤਿਆਂ ਦੀ ਬੁਨਿਆਦੀ ਚਾਹਤ ਇਹ ਹੈ ਕਿ ਮਨੁੱਖ ਦੀ ਮੁਕਤੀ ਲਈ ਪਰਮੇਸ਼ੁਰ ਦੀ ਯੋਜਨਾ ਵਿੱਚ ਬਪਤਿਸਮੇ ਦੇ ਯੋਗਦਾਨ ਨੂੰ ਜਿੰਨਾ ਹੋ ਸਕੇ ਘਟਾਇਆ ਜਾਵੇ।

ਨਵੇਂ ਨੇਮ ਦੇ ਪ੍ਰੇਰਿਤ ਲੇਖਕ ਸਪੱਸ਼ਟ ਤੌਰ 'ਤੇ ਆਉਣ ਵਾਲੇ "ਖੰਡਨ" ਬਾਰੇ ਉੰਨੇ ਚਿੰਤਿਤ ਨਹੀਂ ਸਨ ਜਿੰਨੇ ਸਾਡੇ ਵਿੱਚੋਂ ਕੁਝ ਲੋਕ ਹਨ। ਰੋਮੀਆਂ 4 ਵਿੱਚ ਪੌਲੁਸ ਨੇ ਸਾਫ ਤੌਰ 'ਤੇ ਸਿਖਾਇਆ ਹੈ ਕਿ ਅਸੀਂ ਕੰਮਾਂ ਸਦਕਾ ਧਰਮੀ ਨਹੀਂ ਠਹਿਰਾਏ ਜਾਂਦੇ। ਨਾਲ ਹੀ, ਰੋਮੀਆਂ 10 ਵਿੱਚ ਪੌਲੁਸ ਇਹ ਆਖਣ ਤੋਂ ਝਿਜਕਿਆ ਨਹੀਂ ਕਿ ਮੁਕਤੀ ਲਈ ਮੂੰਹ ਤੋਂ ਇਕਰਾਰ (ਅਜਿਹਾ ਕੁਝ ਜੋ *ਕੀਤਾ* ਜਾਂਦਾ ਹੈ) ਕਰਨਾ ਪੈਂਦਾ ਹੈ (10:10)। ਰੋਮੀਆਂ 6 ਵਿੱਚ, ਉਹ ਹਿਰਦੇ ਤੋਂ ਕੀਤੇ ਜਾਣ ਵਾਲੀ ਆਗਿਆਕਾਰੀ (6:17) (ਅਜਿਹਾ ਕੁਝ ਜੋ *ਕੀਤਾ* ਜਾਂਦਾ ਹੈ) ਦੀ ਗੱਲ ਕਰਦਾ ਹੈ, ਜਿਸ ਵਿੱਚ ਬਪਤਿਸਮੇ ਰਾਹੀਂ ਦਫਨਾਇਆ ਜਾਣਾ ਵੀ ਸ਼ਾਮਿਲ ਹੈ (6:3-6)। ਇਸ ਤਰ੍ਹਾਂ ਪਾਣੀ ਵਿੱਚ ਦਫਨਾਏ ਜਾਣ ਤੋਂ ਬਾਅਦ ਮਨੁੱਖ "ਨਵੇਂ ਜੀਵਨ ਦੇ ਰਾਹ 'ਤੇ ਚੱਲਣ ਲਈ" ਜੀ ਉੱਠਦਾ ਹੈ ਅਤੇ ਫਿਰ ਪਾਪ ਦਾ ਦਾਸ ਨਹੀਂ ਰਹਿ ਜਾਂਦਾ (6:4, 17, 18: ਵੇਖੋ 7:6)। ਪਰ ਫਿਰ ਵੀ, ਪੌਲੁਸ ਮੁਕਤੀ ਦੇ ਇਨ੍ਹਾਂ ਦੋ ਪੱਖਾਂ ਵਿੱਚ ਇੱਕਸਾਰਤਾ ਲਿਆਉਣ ਦਾ ਕੋਈ ਜਤਨ ਨਹੀਂ ਕਰਦਾ। ਇਹ ਸੱਚ ਹੈ ਕਿ ਅਸੀਂ ਕੰਮਾਂ ਸਦਕਾ ਧਰਮੀ ਨਹੀਂ ਠਹਿਰਾਏ (ਬਚਾਏ) ਗਏ ਹਾਂ। ਇਹ ਵੀ ਸੱਚ ਹੈ ਕਿ ਸਾਡੇ ਲਈ ਪਰਮੇਸ਼ੁਰ ਦੀ ਆਗਿਆਕਾਰੀ ਕਰਨਾ ਲਾਜ਼ਮੀ ਹੈ—ਜਿਸ ਵਿੱਚ ਆਪਣੇ ਵਿਸ਼ਵਾਸ ਦਾ ਇਕਰਾਰ ਅਤੇ ਬਪਤਿਸਮਾ ਸ਼ਾਮਿਲ ਹੈ—ਤਾਂ ਜੋ ਅਸੀਂ ਬਚਾਏ (ਧਰਮੀ ਠਹਿਰਾਏ) ਜਾਈਏ। ਪੌਲੁਸ ਦੋਹਾਂ ਸੱਚਾਈਆਂ ਨੂੰ ਪੇਸ਼ ਕਰਕੇ ਅਤੇ ਉੱਥੇ ਹੀ ਛੱਡ ਕੇ ਸੰਤੁਸ਼ਟ ਸੀ।

*"ਕਮਾਉਣਾ" ਬਨਾਮ "ਗ੍ਰਹਿਣ ਕਰਨਾ।"* ਪਰੰਤੂ ਅਸੀਂ ਰਸੂਲ ਦੇ ਇਸ ਸੁਨੇਹੇ, ਕਿ ਅਸੀਂ ਕੰਮਾਂ ਸਦਕਾ ਨਹੀਂ ਬਚਾਏ ਗਏ ਅਤੇ ਬਾਈਬਲ ਦੀ ਇਹ ਸਿੱਖਿਆ, ਕਿ ਮੁਕਤੀ ਪ੍ਰਾਪਤ ਕਰਨ ਲਈ ਸਾਨੂੰ ਕੁਝ ਕਰਨਾ ਵੀ ਪਵੇਗਾ, ਵਿਚਕਾਰ ਇੱਕਸਾਰਤਾ ਲਿਆਉਣ ਵਿੱਚ ਅਕਸਰ ਸੰਘਰਸ਼ ਕਰਦੇ ਰਹਿੰਦੇ ਹਾਂ। ਸੱਚਾਈ ਇਹ ਹੈ ਕਿ ਅਸੀਂ ਮੁਕਤੀ ਨੂੰ *ਕਮਾ* ਨਹੀਂ ਸਕਦੇ, ਪਰ ਜ਼ਰੂਰੀ ਹੈ ਕਿ ਅਸੀਂ ਇਸ ਨੂੰ *ਗ੍ਰਹਿਣ ਕਰੀਏ।*

ਕਿਸੇ ਵਸਤੂ ਨੂੰ ਕਮਾਉਣ ਵਿੱਚ ਅਤੇ ਉਸ ਨੂੰ ਗ੍ਰਹਿਣ ਕਰਨ ਵਿੱਚ ਕੀ ਅੰਤਰ ਹੈ? ਇਸ ਉਦਾਹਰਨ ਉੱਤੇ ਗੌਰ ਕਰੋ। ਇੱਕ ਵਿਅਕਤੀ ਦਰਵਾਜਾ ਖੜਕਾਉਂਦਾ ਹੈ ਅਤੇ ਆਖਦਾ ਹੈ ਕਿ ਉਸ ਨੂੰ ਭੁੱਖ ਲੱਗੀ ਹੈ। ਘਰ ਦਾ ਮਾਲਕ ਆਖਦਾ ਹੈ ਕਿ ਉਸ ਦੇ ਕੋਲ ਵੱਢਣ ਲਈ ਕੁਝ ਲੱਕੜ ਹੈ ਅਤੇ ਜੇਕਰ ਉਹ ਲੱਕੜ ਵੱਢ ਦੇਵੇਗਾ, ਤਾਂ ਉਹ ਉਸ ਦੇ ਬਦਲੇ ਉਸ ਨੂੰ ਭੋਜਨ ਦੇਵੇਗਾ। ਉਹ ਵਿਅਕਤੀ ਲੱਕੜ ਵੱਢਦਾ ਹੈ ਅਤੇ ਭੋਜਨ ਖਾਂਦਾ ਹੈ। ਇਸ ਵਿਅਕਤੀ ਨੇ ਆਪਣਾ ਭੋਜਨ ਕਮਾਇਆ ਹੈ। ਇੱਕ ਹੋਰ ਵਿਅਕਤੀ ਕਿਸੇ ਹੋਰ ਦਾ ਦਰਵਾਜਾ ਖੜਕਾਉਂਦਾ ਹੈ ਅਤੇ ਆਖਦਾ ਹੈ ਕਿ ਉਸ ਨੂੰ ਭੁੱਖ ਲੱਗੀ ਹੈ। ਘਰ ਦਾ ਮਾਲਕ ਜਵਾਬ ਦਿੰਦਾ ਹੈ, "ਤੂੰ ਬਿਲਕੁਲ ਸਹੀ ਸਮੇਂ 'ਤੇ ਆਇਆ ਹੈਂ। ਮੈਂ ਬਹੁਤ ਭੋਜਨ ਪਕਾਇਆ ਹੈ, ਮੇਰੇ ਆਪਣੇ ਖਾਣ ਨਾਲੋਂ ਕਿਤੇ ਜ਼ਿਆਦਾ। ਅੰਦਰ ਆ ਅਤੇ ਮੇਰੇ ਨਾਲ ਭੋਜਨ ਕਰ।" ਉਹ ਵਿਅਕਤੀ ਘਰ ਦੇ ਅੰਦਰ ਜਾ ਸਕਦਾ ਹੈ, ਮੇਜ਼ 'ਤੇ ਬੈਠ ਸਕਦਾ ਹੈ ਅਤੇ ਵਰਤਾਏ ਗਏ ਭੋਜਨ ਦਾ ਅਨੰਦ ਮਾਣ ਸਕਦਾ ਹੈ। ਇਸ ਵਿਅਕਤੀ ਨੇ ਆਪਣਾ ਭੋਜਨ *ਕਮਾਇਆ* ਨਹੀਂ ਹੈ। ਸਗੋਂ ਇਸ ਨੂੰ *ਗ੍ਰਹਿਣ* ਕਰਨ ਵਾਸਤੇ ਤਾਂ ਉਸ ਨੂੰ ਕੁਝ ਕਰਨਾ ਹੀ ਪਿਆ ਹੈ। ਪਰ ਜੇਕਰ ਉਹ ਘਰ ਦੇ ਅੰਦਰ ਨਹੀਂ ਜਾਂਦਾ, ਮੇਜ਼ 'ਤੇ ਨਹੀਂ ਬੈਠਦਾ ਅਤੇ ਭੋਜਨ ਨੂੰ ਆਪਣੇ ਮੂੰਹ ਵਿੱਚ ਨਹੀਂ ਪਾਉਂਦਾ, ਤਾਂ ਕੀ ਹੁੰਦਾ? ਤਾਂ ਉਹ ਸਾਹਮਣੇ ਰੱਖੇ ਗਏ ਭੋਜਨ ਤੋਂ ਕੋਈ ਪੌਸ਼ਟਿਕਤਾ ਪ੍ਰਾਪਤ ਨਾ ਕਰਦਾ।

ਅਸੀਂ ਪਰਮੇਸ਼ੁਰ ਦੇ ਮੁਕਤੀ ਦੇ ਵਰਦਾਨ ਨੂੰ *ਕਮਾ* ਨਹੀਂ ਸਕਦੇ, ਪਰ ਜ਼ਰੂਰੀ ਹੈ ਕਿ ਅਸੀਂ ਇਸ ਨੂੰ *ਗ੍ਰਹਿਣ* ਕਰੀਏ। ਸਵਾਲ ਇਹ ਹੈ ਕਿ ਅਜਿਹਾ ਅਸੀਂ ਕਿਵੇਂ ਕਰੀਏ? ਇਹ ਤਾਂ

ਸਪੱਸ਼ਟ ਹੀ ਹੈ ਕਿ ਅਸੀਂ ਪਰਮੇਸ਼ੁਰ ਦੇ ਵਰਦਾਨਾਂ ਨੂੰ ਕਿਵੇਂ ਗ੍ਰਹਿਣ ਕਰਦੇ ਹਾਂ। ਅਸੀਂ ਪਰਮੇਸ਼ੁਰ ਦੇ ਭੋਜਨ ਦੇ ਵਰਦਾਨ ਨੂੰ ਖਾਣ ਦੇ ਦੁਆਰਾ ਸਵੀਕਾਰ ਕਰਦੇ ਹਾਂ। ਅਸੀਂ ਪਰਮੇਸ਼ੁਰ ਦੇ ਹਵਾ ਦੇ ਵਰਦਾਨ ਨੂੰ ਸਾਹ ਲੈਣ ਦੇ ਦੁਆਰਾ ਸਵੀਕਾਰ ਕਰਦੇ ਹਾਂ। ਪਰ ਇਹ ਐਨਾ ਸਪੱਸ਼ਟ ਨਹੀਂ ਹੈ ਕਿ ਅਸੀਂ ਪਰਮੇਸ਼ੁਰ ਦੇ ਮੁਕਤੀ ਦੇ ਵਰਦਾਨ ਨੂੰ ਕਿਵੇਂ ਸਵੀਕਾਰ ਕਰੀਏ। ਦਰਅਸਲ, ਕੇਵਲ ਇੱਕੋ ਹੈ ਜੋ ਸਾਨੂੰ ਅਜਿਹਾ ਕਰਨਾ ਸਿਖਾ ਸਕਦਾ ਹੈ ਅਤੇ ਉਹ ਹੈ ਆਪ ਪਰਮੇਸ਼ੁਰ—ਅਤੇ ਇਹ ਉਸ ਨੇ ਆਪਣੇ ਵਚਨ ਵਿੱਚ ਦੱਸ ਦਿੱਤਾ ਹੈ। ਪਰਮੇਸ਼ੁਰ ਦਾ ਵਚਨ ਦੱਸਦਾ ਹੈ ਕਿ ਅਸੀਂ ਪਰਮੇਸ਼ੁਰ ਦੇ ਵਰਦਾਨ ਨੂੰ *ਵਿਸ਼ਵਾਸ ਦੇ ਦੁਆਰਾ* ਸਵੀਕਾਰ ਕਰ ਸਕਦੇ ਹਾਂ ਅਤੇ ਇਸ ਵਿਸ਼ਵਾਸ ਦਾ ਪ੍ਰਗਟਾਵਾ *ਆਗਿਆਕਾਰੀ* ਰਾਹੀਂ ਕੀਤਾ ਜਾਣਾ ਜ਼ਰੂਰੀ ਹੈ।

*ਕੋਈ ਚੋਣ ਨਹੀਂ ਬਨਾਮ ਵਿਅਕਤੀਗਤ ਚੋਣ।* ਕੁਝ ਲੋਕ ਸ਼ਾਇਦ ਤਰਕ ਦੇਣ, "ਪਰ ਜੇਕਰ ਸਾਨੂੰ ਕੁਝ ਵੀ ਕਰਨਾ ਪੈਂਦਾ ਹੈ, ਤਾਂ ਇਹ ਇੱਕ *ਕੰਮ* ਹੈ। ਪੌਲੁਸ ਆਖਦਾ ਹੈ ਕਿ ਅਸੀਂ ਕੰਮਾਂ ਸਦਕਾ *ਨਹੀਂ* ਬਚਾਏ ਗਏ।" ਰੋਮੀਆਂ ਦੀਆਂ ਅਣਗਿਣਤ ਟੀਕਾ-ਟਿੱਪਣੀਆਂ ਦੀ ਛਾਣਬੀਣ ਕਰਨ ਤੋਂ ਬਾਅਦ "ਕੰਮ" ਅਤੇ "ਕੰਮਾਂ" ਪ੍ਰਤੀ ਕਈ ਧਾਰਮਿਕ ਲਿਖਾਰੀਆਂ ਦੇ ਰਵੱਈਏ ਬਾਰੇ ਦੋ ਗੱਲਾਂ ਸਪੱਸ਼ਟ ਹੋ ਗਈਆਂ ਹਨ।

ਪਹਿਲੀ ਗੱਲ, "ਕੰਮ" ਸ਼ਬਦ ਕੁਝ ਲੋਕਾਂ ਨੂੰ ਬੇਚੈਨ ਕਰ ਦਿੰਦਾ ਹੈ। ਟੀਕਾਕਾਰ ਇਹ ਆਖਣ ਤੋਂ ਐਨਾ ਡਰਦੇ ਹਨ ਭਈ ਮੁਕਤੀ ਪ੍ਰਾਪਤ ਕਰਨ ਲਈ ਮਨੁੱਖ ਨੂੰ ਕੁਝ ਕਰਨਾ ਪਵੇਗਾ, ਕਿ ਉਹ ਇਸ ਗੱਲ 'ਤੇ ਜੋਰ ਦਿੰਦੇ ਹਨ, "ਵਿਸ਼ਵਾਸ ਕੋਈ ਕੰਮ ਨਹੀਂ ਹੈ।" ਇਹ ਸੱਚ ਹੈ ਕਿ ਵਿਸ਼ਵਾਸ "ਯੋਗ ਬਣਾਉਣ ਵਾਲਾ ਕੰਮ" ਨਹੀਂ ਹੈ, ਪਰ ਇਹ ਕੰਮ ਇਸ ਭਾਵ ਨਾਲ ਹੈ ਕਿ ਇਹ ਕਿਸੇ ਮਨੁੱਖ ਦੁਆਰਾ ਕੀਤਾ ਜਾਂਦਾ ਹੈ। ਚਾਰਲਸ ਹੌਜ ਨੇ ਲਿਖਿਆ ਕਿ, "ਵਿਸ਼ਵਾਸ ਨੂੰ ਉੰਨਾ ਹੀ ਕੰਮ ਮੰਨਿਆ ਜਾਂਦਾ ਹੈ ਜਿੰਨਾ ਪ੍ਰਾਰਥਨਾ, ਤੋਬਾ ਕਰਨ ਅਤੇ ਦਾਨ ਦੇਣ ਨੂੰ।"[55] ਯਿਸੂ ਨੂੰ ਵਿਸ਼ਵਾਸ ਦੇ ਸੰਬੰਧ ਵਿੱਚ "ਕੰਮ" ਦੀ ਵਰਤੋਂ ਤੋਂ ਕੋਈ ਸਮੱਸਿਆ ਨਹੀਂ ਸੀ। ਉਸ ਨੇ ਆਖਿਆ, "ਪਰਮੇਸ਼ੁਰ ਦਾ ਕੰਮ ਇਹ ਹੈ ਕਿ ਜਿਸ ਨੂੰ ਉਨ ਭੇਜਿਆ ਹੈ ਉਸ ਉੱਤੇ ਤੁਸੀਂ ਨਿਹਚਾ ਕਰੋ" (ਯੂਹੰਨਾ 6:29)। NCV ਅਨੁਵਾਦ ਇਸ ਹਿੱਸੇ ਦਾ ਅਨੁਵਾਦ ਇਸ ਤਰ੍ਹਾਂ ਕਰਦਾ ਹੈ: "ਪਰਮੇਸ਼ੁਰ ਤੁਹਾਥੋਂ ਜਿਹੜਾ ਕੰਮ ਕਰਵਾਉਣਾ ਚਾਹੁੰਦਾ ਹੈ, ਉਹ ਇਹ ਹੈ: ਉਸ ਉੱਤੇ ਵਿਸ਼ਵਾਸ ਕਰੋ, ਜਿਸ ਨੂੰ ਉਸ ਨੇ ਭੇਜਿਆ ਹੈ।"

ਜਿਹੜੇ ਲੋਕ ਜੋਰ ਦਿੰਦੇ ਹਨ ਕਿ "ਵਿਸ਼ਵਾਸ ਕੰਮ ਨਹੀਂ ਹੈ", ਉਹ ਵਿਸ਼ਵਾਸ ਦਾ ਵੇਰਵਾ ਇਸ ਤਰ੍ਹਾਂ ਦਿੰਦੇ ਹਨ: "ਵਿਸ਼ਵਾਸ ਦਾ ਅਰਥ ਹੈ, ਆਪਣਾ ਖਾਲੀ ਹੱਥ ਪਰਮੇਸ਼ੁਰ ਵੱਲ ਵਧਾਉਣਾ।" ਸਾਨੂੰ ਇਸ ਉਦਾਹਰਨ ਨਾਲ ਕੋਈ ਸਮੱਸਿਆ ਨਹੀਂ ਹੈ; ਪਰ ਕੀ ਉਹ ਇਹ ਨਹੀਂ ਸਿਆਣਦੇ ਕਿ "ਹੱਥ ਵਧਾਉਣਾ" ਵੀ ਇੱਕ ਕੰਮ ਹੈ? "ਹੱਥ ਵਧਾਉਣਾ" ਸ਼ਾਇਦ ਜ਼ਿਆਦਾ *ਵੱਡਾ ਕੰਮ* ਨਹੀਂ ਹੈ, ਪਰ ਭਾਵੇਂ *ਥੋੜ੍ਹਾ* ਹੀ ਸਹੀ, ਹੈ ਤਾਂ ਇਹ ਵੀ ਇੱਕ ਕੰਮ ਹੀ।

ਜੇਕਰ ਇੱਕ ਪੱਖੋਂ ਵੇਖਿਆ ਜਾਵੇ ਤਾਂ ਵਿਸ਼ਵਾਸ ਦਰਅਸਲ ਬਪਤਿਸਮੇ ਨਾਲੋਂ "ਕੰਮ" ਵਰਗਾ ਜ਼ਿਆਦਾ ਜਾਪਦਾ ਹੈ: ਵਿਸ਼ਵਾਸ ਅਜਿਹਾ ਕੁਝ ਹੈ ਜਿਹੜਾ *ਤੁਸੀਂ ਕਰਦੇ ਹੋ,* ਜਦਕਿ ਬਪਤਿਸਮਾ ਅਜਿਹਾ ਕੁਝ ਹੈ ਜਿਹੜਾ *ਤੁਹਾਡੇ ਨਾਲ ਕੀਤਾ ਜਾਂਦਾ ਹੈ।* ਵਿਸ਼ਵਾਸ ਕਰਨ ਵੇਲੇ ਪਾਪੀ ਕਿਰਿਆਸ਼ੀਲ ਹੈ; ਬਪਤਿਸਮਾ ਲੈਣ ਵੇਲੇ ਉਹ ਕਿਰਿਆਸ਼ੀਲ ਨਹੀਂ ਹੈ। ਡੇਵਿਡ ਲਿਪਸਕੋਂਬ ਨੇ ਆਖਿਆ ਕਿ ਹਾਲਾਂਕਿ ਕਦੇ-ਕਦੇ ਲੋਕ ਬਪਤਿਸਮੇ ਨੂੰ "ਇੱਕ ਕੰਮ" ਆਖਦੇ ਹਨ, ਪਰ ਦਰਅਸਲ "ਇਸ ਵਿੱਚ ਵਿਸ਼ਵਾਸ ਜਾਂ ਤੋਬਾ ਕਰਨ ਦੀ ਤੁਲਨਾ ਵਿੱਚ . . . ਕੰਮ ਵਾਲੇ ਗੁਣ ਬਹੁਤ ਘੱਟ ਹਨ।" ਆਖਿਰਕਾਰ ਬਪਤਿਸਮਾ ਲੈਣ ਵਾਲਾ ਵਿਅਕਤੀ ਆਪਣੇ ਆਪ

ਨੂੰ ਬਪਤਿਸਮਾ ਦੇਣ ਵਾਲੇ ਵਿਅਕਤੀ ਦੇ ਸਪੁਰਦ ਕਰਦਾ ਹੈ ਅਤੇ "ਆਪਣੇ ਆਪ ਲਈ ਦਫਨਾਇਆ ਜਾਂਦਾ ਹੈ, ਤਾਂ ਜੋ ਮਸੀਹ ਵਿੱਚ ਜਿਵਾਲਿਆ ਜਾਵੇ" (ਵੇਖੋ 6:3-6)। ਲਿਪਸਕੋਂਬ ਇਹ ਉਦਾਹਰਨ ਦੇ ਕੇ ਇਸ ਸਿੱਟੇ 'ਤੇ ਪੁੱਜੇ: "ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਅਤੇ ਉਸ ਦੇ ਮਿੱਤਰ ਉਸ ਦੀ ਲੋਥ ਨੂੰ ਲੈ ਜਾ ਕੇ ਦਫਨਾਉਂਦੇ ਹਨ, ਤਾਂ ਇਹ ਦਫਨਾਏ ਜਾਣ ਵਾਲੇ ਵਿਅਕਤੀ ਵੱਲੋਂ ਕੀਤਾ ਗਿਆ ਕੰਮ ਨਹੀਂ ਆਖਿਆ ਜਾਵੇਗਾ।"[56]

ਦੂਜੀ ਗੱਲ, ਧਾਰਮਿਕ ਲਿਖਾਰੀਆਂ ਨੇ ਮਨੁੱਖਜਾਤੀ ਵੱਲੋਂ ਪਰਮੇਸ਼ੁਰ ਦੇ ਮੁਕਤੀ ਦੇ ਵਰਦਾਨ ਨੂੰ ਸਵੀਕਾਰ ਕੀਤੇ ਜਾਣ ਵਿੱਚ "ਕੰਮਾਂ" (ਕੁਝ ਕੀਤੇ ਜਾਣ) ਦੇ ਥਾਂ ਨੂੰ ਲੈ ਕੇ ਬਹੁਤਾ ਸੰਘਰਸ਼ ਨਹੀਂ ਕੀਤਾ ਹੈ। ਇਨ੍ਹਾਂ ਵਿੱਚੋਂ ਕੁਝ ਵਿਲਿਅਮ ਟੈਂਪਲ ਦੇ ਸ਼ਬਦਾਂ ਨੂੰ ਦੁਹਰਾਉਂਦੇ ਹਨ: "ਮੈਂ ਆਪਣੇ ਛੁਟਕਾਰੇ ਲਈ ਕੇਵਲ ਇੱਕੋ ਚੀਜ਼ ਦੇ ਸਕਦਾ ਹਾਂ ਅਤੇ ਉਹ ਹੈ [ਮੇਰਾ] ਪਾਪ।"[57] ਜ਼ਿਆਦਾਤਰ ਲੋਕ ਇਹ ਆਖ ਕੇ ਸੰਤੁਸ਼ਟ ਹੋ ਜਾਂਦੇ ਹਨ ਕਿ ਅਸੀਂ ਕੰਮ ਇਸ ਕਰਕੇ ਨਹੀਂ ਕਰਦੇ *ਕਿ ਬਚਾਏ ਜਾਈਏ,* ਸਗੋਂ ਇਸ ਕਰਕੇ ਕਰਦੇ ਹੈਂ ਕਿ ਅਸੀਂ *ਬਚਾਏ ਜਾ ਚੁੱਕੇ ਹਾਂ*—ਇਹ ਇੱਕ ਅਜਿਹਾ ਕਥਨ ਹੈ ਜਿਸ ਵਿੱਚ ਕੁਝ ਸੱਚਾਈ ਤਾਂ ਹੈ, ਪਰ ਇਹ ਪੂਰੀ ਸੱਚਾਈ ਨੂੰ ਵਿਅਕਤ ਨਹੀਂ ਕਰਦਾ ਹੈ।

ਅਸੀਂ ਇਨ੍ਹਾਂ ਲਿਖਾਰੀਆਂ ਦੀ ਇਹ ਦਰਸ਼ਾਉਣ ਦੀ ਚਾਹਤ ਦੀ ਸ਼ਲਾਘਾ ਕਰਦੇ ਹਾਂ ਕਿ ਮੁਕਤੀ ਇੱਕ ਵਰਦਾਨ ਹੈ ਅਤੇ ਇਸ ਨੂੰ ਨਾ ਤਾਂ ਕਮਾਇਆ ਜਾ ਸਕਦਾ ਹੈ ਅਤੇ ਨਾ ਹੀ ਇਸ ਦੇ ਯੋਗ ਬਣਿਆ ਜਾ ਸਕਦਾ ਹੈ। ਪਰ ਨਾਲ ਹੀ ਅਸੀਂ ਹੈਰਾਨ ਵੀ ਹੁੰਦੇ ਹਾਂ ਕਿ ਕਿਤੇ ਇਹ ਅਤੀਤ ਵਿੱਚ ਪਹਿਲਾਂ ਤੋਂ ਠਹਿਰਾਏ ਹੋਣ ਦੀ ਕੈਲਵਿਨਵਾਦੀ ਸਿੱਖਿਆ ਵਿੱਚ ਵਿਸ਼ਵਾਸ ਕਰਨ ਵਾਲੇ ਲੋਕਾਂ ਅਤੇ ਹਰੇਕ ਵਿਅਕਤੀ ਦੀ ਅਜਾਦ ਇੱਛਾ ਵਿੱਚ ਵਿਸ਼ਵਾਸ ਕਰਨ ਵਾਲੇ ਲੋਕਾਂ ਵਿਚਕਾਰ ਹੋਣ ਵਾਲੇ ਟਾਕਰਿਆਂ ਨੂੰ ਭੁਲਾ ਤਾਂ ਨਹੀਂ ਬੈਠੇ ਹਨ।

ਪਹਿਲਾਂ ਤੋਂ ਠਹਿਰਾਏ ਹੋਣ ਦੀ ਸਿੱਖਿਆ ਦੇਣ ਵਾਲੇ ਲੋਕ ਸਿਖਾਉਂਦੇ ਸਨ ਕਿ ਲੋਕਾਂ ਦਾ ਆਪਣੀ ਮੁਕਤੀ ਦੇ ਨਾਲ *ਕੋਈ ਵਾਸਤਾ ਨਹੀਂ* ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਪਰਮੇਸ਼ੁਰ ਪਹਿਲਾਂ ਹੀ ਨਿਰਧਾਰਿਤ ਕਰ ਚੁੱਕਾ ਹੈ ਕਿ ਕੁਝ ਲੋਕ ਬਚਾਏ ਜਾਣਗੇ ਅਤੇ ਬਾਕੀ ਦੇ ਲੋਕ ਨਾਸ਼ ਹੋ ਜਾਣਗੇ। ਇਹ ਆਖਿਆ ਜਾਂਦਾ ਸੀ ਕਿ ਇਹ "ਚੁਣੇ ਹੋਏ ਲੋਕ" ਆਪਣੀ ਮੁਕਤੀ ਵਿੱਚ ਕੋਈ ਵੀ ਯੋਗਦਾਨ ਨਹੀਂ ਦਿੰਦੇ। ਮਾਨਤਾ ਇਹ ਸੀ ਕਿ ਪਰਮੇਸ਼ੁਰ ਆਪਣੀ ਇੱਛਾ ਨਾਲ ਉਨ੍ਹਾਂ ਦੇ ਦਿਲਾਂ ਵਿੱਚ ਵਿਸ਼ਵਾਸ ਪਾ ਦਿੰਦਾ ਸੀ ਅਤੇ ਉਨ੍ਹਾਂ ਨੂੰ ਆਤਮਕ ਜੀਵਨ ਦਿੰਦਾ ਸੀ। ਦੂਜੇ ਪਾਸੇ, ਅਜਾਦ ਇੱਛਾ ਦੀ ਵਕਾਲਤ ਕਰਨ ਵਾਲੇ ਲੋਕ ਜੋਰ ਦਿੰਦੇ ਸਨ ਕਿ ਬਾਈਬਲ ਇਹ ਸਿਖਾਉਂਦੀ ਹੈ ਭਈ ਹਰੇਕ ਵਿਅਕਤੀ "ਇੱਕ ਅਜਾਦ ਮਨੁੱਖ" ਹੈ। ਕੋਈ ਵਿਅਕਤੀ ਭਾਵੇਂ ਬਚਾਇਆ ਜਾਂਦਾ ਹੈ ਜਾਂ ਭਾਵੇਂ ਨਾਸ਼ ਹੋ ਜਾਂਦਾ ਹੈ, ਇਹ ਫੈਸਲਾ ਪਰਮੇਸ਼ੁਰ ਦੀ ਇੱਛਾ 'ਤੇ ਨਿਰਭਰ ਨਹੀਂ ਕਰਦਾ, ਸਗੋਂ ਕਿਸੇ ਵੀ ਵਿਅਕਤੀ ਵੱਲੋਂ ਖੁਸ਼ਖਬਰੀ ਨੂੰ ਕਬੂਲ ਕੀਤੇ ਜਾਣ ਜਾਂ ਠੁਕਰਾਏ ਜਾਣ 'ਤੇ ਨਿਰਭਰ ਕਰਦਾ ਹੈ (ਵੇਖੋ 10:16)।

ਆਪਣੇ ਆਪ ਨੂੰ "ਮਸੀਹ" ਕਹਿਣ ਵਾਲੇ ਲੋਕਾਂ ਵਿੱਚੋਂ ਜ਼ਿਆਦਾਤਰ ਇਸ ਗੱਲ 'ਤੇ ਰਾਜੀ ਹੁੰਦੇ ਹਨ ਕਿ ਬਾਈਬਲ ਅਜਾਦ ਇੱਛਾ ਦੀ ਸਿੱਖਿਆ ਦਿੰਦੀ ਹੈ। ਜੇਕਰ ਅਜਿਹਾ ਹੈ ਤਾਂ ਫਿਰ ਟੀਕਾਕਾਰਾਂ ਲਈ ਇਹ ਮੰਨ ਲੈਣਾ ਐਨਾ ਔਖਾ ਕਿਉਂ ਹੈ ਕਿ ਮੁਕਤੀ ਪ੍ਰਾਪਤ ਕਰਨਾ ਜਾਂ ਨਾ ਕਰਨਾ ਹਰੇਕ ਮਨੁੱਖ ਦਾ ਆਪਣਾ ਫੈਸਲਾ ਹੈ?

ਉਹ ਖੁਸ਼ਖਬਰੀ ਸੁਣ ਸਕਦਾ ਹੈ ਜਾਂ ਇਸ ਨੂੰ ਅਣਦੇਖਾ ਕਰ ਸਕਦਾ ਹੈ।

ਉਹ ਯਿਸੂ ਵਿੱਚ ਵਿਸ਼ਵਾਸ ਕਰ ਸਕਦਾ ਹੈ ਜਾਂ ਨਹੀਂ ਕਰ ਸਕਦਾ।
ਉਹ ਪ੍ਰਭੂ ਦੇ ਸੱਦੇ ਨੂੰ ਕਬੂਲ ਕਰ ਸਕਦਾ ਹੈ ਜਾਂ ਠੁਕਰਾ ਸਕਦਾ ਹੈ।
ਉਹ ਪਰਮੇਸ਼ੁਰ ਦੀ ਆਗਿਆਕਾਰੀ ਕਰ ਸਕਦਾ ਹੈ ਜਾਂ ਆਗਿਆਕਾਰੀ ਕਰਨ ਤੋਂ ਇਨਕਾਰ ਕਰ ਸਕਦਾ ਹੈ।
ਉਹ ਮਸੀਹ ਦਾ ਪੈਰੋਕਾਰ ਬਣ ਸਕਦਾ ਹੈ ਜਾਂ ਮਨ੍ਹਾ ਕਰ ਸਕਦਾ ਹੈ।

ਜੇਕਰ ਉਹ ਸੁਣਦਾ ਹੈ, ਵਿਸ਼ਵਾਸ ਕਰਦਾ ਹੈ, ਕਬੂਲ ਕਰਦਾ ਹੈ, ਆਗਿਆਕਾਰੀ ਕਰਦਾ ਹੈ ਅਤੇ ਪੈਰੋਕਾਰ ਬਣਦਾ ਹੈ, ਤਾਂ ਕੀ ਇਸ ਦਾ ਅਰਥ ਇਹ ਹੈ ਕਿ ਉਸ ਨੇ ਆਪਣੀ ਮੁਕਤੀ ਕਮਾ ਲਈ ਹੈ? ਬਿਲਕੁਲ ਨਹੀਂ। ਪਰ ਇਸ ਦਾ ਅਰਥ ਇਹ ਜ਼ਰੂਰ ਹੈ ਕਿ ਆਪਣੀ ਮੁਕਤੀ ਵਿੱਚ ਉਸ ਦਾ ਵੀ ਆਪਣਾ ਇੱਕ ਹਿੱਸਾ ਹੈ। ਅਸੀਂ ਮੰਨਦੇ ਹਾਂ ਕਿ ਇਹ ਹਿੱਸਾ ਉਸ ਦੀ ਤੁਲਨਾ ਵਿੱਚ "ਕੁਝ ਵੀ ਨਹੀਂ" ਜੋ ਪਰਮੇਸ਼ੁਰ ਨੇ ਸਾਡੇ ਲਈ ਕੀਤਾ ਹੈ। ਇਹ ਹਿੱਸਾ ਬਹੁਤ *ਛੋਟਾ* ਹੈ—ਪਰ ਫਿਰ ਵੀ ਇਹ ਇੱਕ ਹਿੱਸਾ ਹੈ। ਹਰੇਕ ਵਿਅਕਤੀ ਇਸ ਹੱਦ ਤੱਕ ਆਪਣੀ ਮੁਕਤੀ ਵਿੱਚ ਐਨਾ ਕੁ ਯੋਗਦਾਨ ਤਾਂ ਜ਼ਰੂਰ ਦਿੰਦਾ ਹੈ। ਆਓ ਅਸੀਂ "ਯੋਗਦਾਨ" ਸ਼ਬਦ ਉੱਤੇ ਬਹਿਸ ਨਾ ਕਰੀਏ; ਆਓ ਅਸੀਂ ਇਹ ਸਮਝਣ ਦਾ ਜਤਨ ਕਰੀਏ ਕਿ ਬਾਈਬਲ ਇਹ ਸਿੱਖਿਆ ਦਿੰਦੀ ਹੈ ਭਈ ਪਰਮੇਸ਼ੁਰ ਦੀ ਕਿਰਪਾ ਨੂੰ ਸਵੀਕਾਰ ਕਰਨ ਲਈ ਹਰੇਕ ਵਿਅਕਤੀ ਨੂੰ ਕੁਝ ਤਾਂ ਕਰਨਾ ਹੀ ਪੈਂਦਾ ਹੈ (ਰਸੂਲਾਂ ਦੇ ਕਰਤੱਬ 2:37, 38)।

*ਫਰਜ਼ ਬਨਾਮ ਪ੍ਰੇਮ।* ਹੁਣ ਤੱਕ ਜੋ ਕੁਝ ਆਖਿਆ ਗਿਆ ਹੈ, ਉਸ ਦੇ ਜ਼ਿਆਦਾਤਰ ਹਿੱਸੇ ਨੇ ਉਨ੍ਹਾਂ ਲੋਕਾਂ ਦੀ ਚਿੰਤਾ ਨੂੰ ਸੰਬੋਧਿਤ ਕੀਤਾ ਹੈ, ਜੋ ਸੋਚਦੇ ਹਨ ਕਿ ਆਗਿਆਕਾਰੀ ਦੀ ਲੋੜ ਦੀ ਸਿੱਖਿਆ ਕਿਰਪਾ ਬਾਰੇ ਪੌਲੁਸ ਦੀ ਸਿੱਖਿਆ ਨੂੰ ਰੱਦ ਦਿੰਦੀ ਹੈ। ਆਓ ਹੁਣ ਇਸ ਵਿੱਚ ਇਸ ਚਿੰਤਾ ਨੂੰ ਵੀ ਸ਼ਾਮਿਲ ਕਰ ਲਈਏ ਕਿ "ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣ" ਦੀ ਸਿੱਖਿਆ ਲੋਕਾਂ ਨੂੰ ਪ੍ਰਭੂ ਦੇ ਲਈ ਕੰਮ ਕਰਨ ਤੋਂ ਵਰਜ ਸਕਦੀ ਹੈ। ਸ਼ਰ੍ਹਾ/ਕੰਮ ਪ੍ਰਣਾਲੀ ਦੇ ਉਲਟ, ਕਿਰਪਾ/ਵਿਸ਼ਵਾਸ ਪ੍ਰਣਾਲੀ (ਚੰਗੀ ਤਰ੍ਹਾਂ ਸਮਝਣ ਤੋਂ ਬਾਅਦ) ਪ੍ਰਭੂ ਦੇ ਲਈ *ਵਧੇਰੇ* ਕੰਮ ਨੂੰ ਉਤਸ਼ਾਹਿਤ ਕਰੇਗੀ। ਜੇ. ਡੀ. ਥੌਮਸ ਨੇ ਇਸ ਨੂੰ ਦਰਸਾਉਣ ਲਈ ਅਨੇਕਾਂ ਉਦਾਹਰਣਾਂ ਦੀ ਵਰਤੋਂ ਕੀਤੀ,[58] ਜਿਸ ਵਿੱਚ ਇੱਕ ਜਵਾਨ ਲੜਕੀ ਦਾ ਉਦਾਹਰਨ ਵੀ ਸ਼ਾਮਿਲ ਹੈ ਜੋ ਇੱਕ ਨਰਸ ਬਣਨ ਲਈ ਟ੍ਰੇਨਿੰਗ ਲੈ ਚੁੱਕੀ ਸੀ:

> ਇੱਕ ਨਰਸ ਆਪਣੀ ਟ੍ਰੇਨਿੰਗ ਪੂਰੀ ਕਰਦੀ ਹੈ ਅਤੇ ਨੌਕਰੀ ਵਜੋਂ ਨਮੂਨੀਏ ਨਾਲ ਬੁਰੀ ਤਰ੍ਹਾਂ ਬਿਮਾਰ ਇੱਕ ਬੱਚੇ ਦੀ ਦੇਖਭਾਲ ਕਰਦੀ ਹੈ। ਇੱਥੇ ਉਸ ਦਾ ਕੰਮ ਮਨੁੱਖੀ ਯੋਗਤਾ 'ਤੇ ਅਧਾਰਿਤ ਹੈ, ਜਿਸ ਦੇ ਬਦਲੇ ਉਸ ਨੂੰ ਪੈਸੇ ਮਿਲਦੇ ਹਨ ਅਤੇ ਇਹ ਐਨਾ ਕੰਮ ਕਰਨ 'ਤੇ ਐਨੇ ਪੈਸੇ ਮਿਲਣ ਦੇ ਖਾਸ ਸਮਝੌਤੇ 'ਤੇ ਅਧਾਰਿਤ ਹੈ। ਇਸ ਸਮਝੌਤੇ ਦੇ ਅਧਾਰ 'ਤੇ ਉਸ ਨੂੰ ਆਪਣੀ ਕਮਾਈ ਉੱਤੇ ਮਾਣ ਕਰਨ ਦਾ ਪੂਰਾ ਹੱਕ ਹੈ, ਕਿਉਂਕਿ ਚੰਗਾ ਕੰਮ ਕਰਨ 'ਤੇ ਉਸ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਉਸ ਨੂੰ ਦਿੱਤਾ ਜਾਣ ਵਾਲਾ ਇਨਾਮ ਜਾਂ ਤਨਖਾਹ ਉਸ ਦੇ ਬਕਾਇਆ ਕਰਜ ਵਜੋਂ ਦਿੱਤਾ ਜਾਂਦਾ ਹੈ, ਇਕ ਤੋਹਫੇ ਵਜੋਂ ਨਹੀਂ। ਤਨਖਾਹ ਨਿਰਧਾਰਿਤ ਕਰਨ ਵੇਲੇ ਕਿਰਪਾ ਜਾਂ ਪ੍ਰੇਮ ਦੀ ਕੋਈ ਵਰਤੋਂ ਨਹੀਂ ਕੀਤੀ ਜਾਂਦੀ। ਪਰ ਬਾਅਦ ਵਿੱਚ ਇਸ ਨਰਸ ਦਾ ਵਿਆਹ ਹੋ ਜਾਂਦਾ ਹੈ ਅਤੇ ਸਮਾਂ ਆਉਣ 'ਤੇ ਉਨ੍ਹਾਂ ਦੇ ਇੱਕ ਬੱਚਾ ਪੈਦਾ ਹੁੰਦਾ ਹੈ, ਜਿਸ ਨੂੰ ਨਮੂਨੀਆ ਹੋ ਜਾਂਦਾ ਹੈ ਅਤੇ ਉਸ ਨੂੰ ਇੱਕ ਤਜਰਬੇਕਾਰ ਨਰਸ ਦੀ ਲੋੜ ਪੈਂਦੀ ਹੈ। ਹੁਣ ਇਸ ਮਾਂ ਨੂੰ ਉਸ ਦੀ ਸੇਵਾ ਲਈ ਕਿਸੇ ਤਰ੍ਹਾਂ ਦੀ ਤਨਖਾਹ ਮਿਲਣ

ਦੇ ਸਮਝੌਤੇ ਦੀ ਲੋੜ ਨਹੀਂ ਹੈ—ਉਹ ਬੱਚੇ ਦੇ ਪ੍ਰਤੀ ਆਪਣੇ ਪ੍ਰੇਮ ਅਤੇ ਉਸ ਦੇ ਨਾਲ ਆਪਣੇ ਸੰਬੰਧ ਦੇ ਕਾਰਨ ਜ਼ੁੰਮੇਵਾਰੀ ਲੈਂਦੀ ਹੈ ਅਤੇ ਉਹ ਕੰਮ ਕਰਦੀ ਹੈ, ਜਿਸ ਨੂੰ ਕਰਨ ਦੇ ਉਹ ਕਾਬਲ ਹੈ। ਜਦੋਂ ਉਸ ਬੱਚੇ ਨੂੰ ਤਕਲੀਫ ਹੁੰਦੀ ਹੈ, ਉਸ ਨੂੰ ਤਕਲੀਫ ਹੁੰਦੀ ਹੈ; ਅਤੇ ਜਦੋਂ ਬੱਚੇ ਵਿੱਚ ਸੁਧਾਰ ਆਉਂਦਾ ਹੈ, ਸਾਰੇ ਪਰਿਵਾਰ ਵਿੱਚ ਸੁਧਾਰ ਆਉਂਦਾ ਹੈ। ਆਪਣੇ ਪ੍ਰੇਮ ਅਤੇ ਸੰਬੰਧ ਦੇ ਕਾਰਨ ਉਹ ਜ਼ਿਆਦਾ ਦੇਰ ਤੱਕ ਅਤੇ ਦਿਲ ਲਗਾ ਕੇ ਕੰਮ ਕਰਦੀ ਹੈ ਅਤੇ ਕਦੇ ਘੜੀ ਵੱਲ ਨਹੀਂ ਵੇਖਦੀ। ਉਸ ਦਾ ਕੰਮ ਹੁਣ ਇੱਕ ਮਸੀਹੀ ਦੇ "ਵਿਸ਼ਵਾਸ ਦੀ ਆਗਿਆਕਾਰੀ" ਦੇ ਕੰਮ ਦੇ ਸਮਰੂਪ ਹੋ ਗਿਆ ਹੈ।[59]

ਜਿਵੇਂ-ਜਿਵੇਂ ਅਸੀਂ ਪਰਮੇਸ਼ੁਰ ਦੀ ਅਦਭੁਤ ਕਿਰਪਾ ਨੂੰ ਵਧੇਰੇ ਸਮਝਦੇ ਜਾਵਾਂਗੇ, ਉਵੇਂ-ਉਵੇਂ ਪ੍ਰਭੂ ਦੇ ਲਈ ਸਾਡੇ ਜਤਨ ਇੱਕ "ਫਰਜ਼ ਪੂਰਾ ਕਰਨ" ਤੋਂ ਘਟ ਕੇ "ਪ੍ਰੇਮ ਨਾਲ ਕੀਤੀ ਜਾਣ ਵਾਲੀ ਮਿਹਨਤ" ਵਿੱਚ ਬਦਲਦੇ ਜਾਣਗੇ (ਵੇਖੋ 1 ਥੱਸਲੁਨੀਕੀਆਂ 1:3)।

*ਨਿਚੋੜ।* ਧਰਮੀ ਠਹਿਰਾਏ ਜਾਣ ਦੀਆਂ ਦੋ ਪ੍ਰਣਾਲੀਆਂ—ਸ਼ਰ੍ਹਾ/ਕੰਮਾਂ ਵਾਲੀ ਪ੍ਰਣਾਲੀ ਅਤੇ ਕਿਰਪਾ/ਵਿਸ਼ਵਾਸ ਵਾਲੀ ਪ੍ਰਣਾਲੀ—ਇੱਕ ਦੂਜੇ ਦੇ ਬਿਲਕੁਲ ਵਿਪਰੀਤ ਹਨ:

ਪਹਿਲੀ ਪ੍ਰਣਾਲੀ ਕੀਤੇ ਗਏ ਕੰਮ ਬਾਰੇ *ਘਮੰਡ* ਨੂੰ ਵਧਾਉਂਦੀ ਹੈ (4:2), ਜਦਕਿ ਦੂਜੀ *ਦੀਨਤਾ* ਅਤੇ ਪਰਮੇਸ਼ੁਰ ਉੱਤੇ ਨਿਰਭਰਤਾ ਦੀ ਭਾਵਨਾ ਨੂੰ ਵਧਾਉਂਦੀ ਹੈ।

ਪਹਿਲੀ ਵਿੱਚ ਆਪਣੀ ਮੁਕਤੀ ਆਪ *ਕਮਾਉਣ* ਉੱਤੇ ਜੋਰ ਦਿੱਤਾ ਗਿਆ ਹੈ, ਦੂਜੀ ਐਲਾਨ ਕਰਦੀ ਹੈ ਕਿ ਮੁਕਤੀ ਕਮਾਉਣਾ ਅਸੰਭਵ ਹੈ, ਕਿ ਇਹ *ਕੰਮਾਂ ਸਦਕਾ* ਨਹੀਂ ਮਿਲਦੀ (ਅਤੇ ਨਾ ਹੀ ਮਿਲ ਸਕਦੀ ਹੈ)।

ਪਹਿਲੀ *ਮਨੁੱਖੀ ਯੋਗਤਾ* 'ਤੇ ਅਧਾਰਿਤ ਹੈ, ਜਦ ਕਿ ਦੂਜੀ ਸਵੀਕਾਰ ਕਰਦੀ ਹੈ ਕਿ ਆਤਮਿਕ ਬਰਕਤਾਂ *ਸਾਡੇ ਆਪਣੇ ਕਰਕੇ ਨਹੀਂ* ਮਿਲਦੀਆਂ, ਪਰ ਪ੍ਰਭੂ ਵੱਲੋਂ ਮਿਲਦੀਆਂ ਹਨ।

ਪਹਿਲੀ ਮਨੁੱਖੀ *ਪ੍ਰਾਪਤੀ* ਉੱਤੇ ਕੇਂਦ੍ਰਿਤ ਹੈ, ਜਦ ਕਿ ਦੂਜੀ *ਪਰਮੇਸ਼ੁਰ ਦੀ ਕਿਰਪਾ 'ਤੇ ਭਰੋਸਾ ਕਰਨ* ਉੱਤੇ ਅਧਾਰਿਤ ਹੈ।

ਪਹਿਲੀ ਮੁਕਤੀ ਨੂੰ ਅਜਿਹਾ *ਕਰਜਾ* ਬਣਾਉਣ ਦਾ ਜਤਨ ਕਰਦੀ ਹੈ, ਜਿਸ ਦਾ ਪਰਮੇਸ਼ੁਰ ਦੇਣਦਾਰ ਹੈ (4:4), ਜਦਕਿ ਦੂਜੀ ਮੰਨਦੀ ਹੈ ਕਿ ਛੁਟਕਾਰਾ ਪ੍ਰਭੂ ਵੱਲੋਂ ਦਿੱਤਾ ਜਾਣ ਵਾਲਾ *ਇੱਕ ਤੋਹਫ਼ਾ* ਹੈ।

ਸਾਨੂੰ ਇੰਨ੍ਹਾਂ ਭਿੰਨਤਾਵਾਂ ਨੂੰ ਸਾਵਧਾਨੀ ਨਾਲ ਸਮਝਣ ਦੀ ਲੋੜ ਹੈ। ਪੌਲੁਸ ਕਿਸ ਪ੍ਰਣਾਲੀ ਦੀ ਸਿੱਖਿਆ ਦਿੰਦਾ ਹੈ? ਤੁਸੀਂ ਕਿਸ ਪ੍ਰਣਾਲੀ ਦੇ ਅਧੀਨ ਹੋਣਾ ਚਾਹੋਗੇ? ਕਿਹੜੀ ਪ੍ਰਣਾਲੀ *ਆਸ* ਪੇਸ਼ ਕਰਦੀ ਹੈ?

ਇੱਕ ਵਾਰ ਇੱਕ ਪ੍ਰਚਾਰਕ ਸਕੋਟਲੈਂਡ ਦੇ ਇੱਕ ਵੱਡੇ ਸ਼ਹਿਰ ਵਿੱਚ ਪ੍ਰਚਾਰ ਕਰ ਰਿਹਾ ਸੀ। ਜਦੋਂ ਉਸ ਨੇ ਸ਼ਰਾਬੀਆਂ, "ਅਵਾਰਾ ਲੋਕਾਂ" ਅਤੇ ਵੇਸਵਾਵਾਂ ਨਾਲ ਗੱਲ ਕੀਤੀ, ਉਸ ਨੇ ਉਨ੍ਹਾਂ ਨੂੰ ਪ੍ਰੋਤਸ਼ਾਹਿਤ ਕੀਤਾ ਕਿ ਉਹ "ਆਪਣੇ ਆਪ ਨੂੰ ਇਸ ਗਟਰ ਵਿੱਚੋਂ ਬਾਹਰ ਕੱਢਣ।" ਉਸ ਨੇ ਉਨ੍ਹਾਂ ਨੂੰ ਚੁਣੌਤੀ ਦਿੱਤੀ ਕਿ ਉਹ ਆਪਣੇ ਜੀਵਨ ਦਾ ਇੱਕ ਨਵਾਂ ਅਰੰਭ ਕਰਨ। ਉਸ ਭੀੜ ਦੇ ਪਿਛਲੇ ਸਿਰੇ 'ਤੇ ਇੱਕ ਔਰਤ ਖੜੀ ਸੀ ਜਿਸ ਦਾ ਜੀਵਨ ਕਈ ਵਰ੍ਹੇ ਪਹਿਲਾਂ ਹੀ ਪਾਪ ਅਤੇ ਪਤਨ ਵਿੱਚ ਡਿੱਗ ਚੁੱਕਾ ਸੀ। ਬਿਹਤਰ ਬਣਨ ਬਾਰੇ ਲਗਾਤਾਰ ਮਿਲ ਰਹੇ

ਪ੍ਰੋਤਸਾਹਨ ਨੂੰ ਇੱਕ ਘੰਟਾ ਸੁਣਦੇ ਰਹਿਣ ਮਗਰੋਂ ਉਹ ਇਸ ਨੂੰ ਹੋਰ ਜ਼ਿਆਦਾ ਬਰਦਾਸ਼ਤ ਨਹੀਂ ਕਰ ਸਕੀ। ਉਸ ਨੇ ਬੁਲਾਰੇ ਨੂੰ ਉੱਚੀ ਅਵਾਜ ਵਿੱਚ ਆਖਿਆ, "ਤੁਹਾਡੀ ਰੱਸੀ ਐਨੀ ਛੋਟੀ ਹੈ ਕਿ ਮੇਰੇ ਤੱਕ ਨਹੀਂ ਪਹੁੰਚ ਸਕੇਗੀ!"[60] ਜਿਹੜਾ ਵਿਅਕਤੀ ਆਪਣੇ ਪਾਪ ਅਤੇ ਹੀਣਤਾ ਬਾਰੇ ਜਾਗਰੂਕ ਹੈ ਉਹ ਜਾਣਦਾ ਹੈ ਕਿ ਸ਼ਰ੍ਹਾ/ਕੰਮਾਂ ਦੀ ਪ੍ਰਣਾਲੀ ਵੱਲੋਂ ਦਿੱਤੀ ਜਾਣ ਵਾਲੀ "ਰੱਸੀ" ਐਨੀ ਛੋਟੀ ਹੈ ਕਿ ਨਾ ਤਾਂ ਉਸ ਦੇ ਪਾਪ ਤੱਕ ਪਹੁੰਚ ਸਕਦੀ ਹੈ ਅਤੇ ਨਾ ਹੀ ਉਸ ਨੂੰ ਉੱਥੋਂ ਕੱਢ ਸਕਦੀ ਹੈ। ਕੇਵਲ ਕਿਰਪਾ/ਕੰਮਾਂ ਦੀ ਪ੍ਰਣਾਲੀ ਦੀ ਹੀ "ਰੱਸੀ" ਐਨੀ ਲੰਮੀ ਹੈ ਕਿ ਪਾਪੀਆਂ ਤੱਕ ਪਹੁੰਚ ਸਕੇ। ਇਹ "ਰੱਸੀ" ਸਲੀਬ ਉੱਤੇ ਮਸੀਹ ਦੀ ਮੌਤ ਵਿੱਚ ਵਿਅਕਤ ਕੀਤਾ ਗਿਆ ਪਰਮੇਸ਼ੁਰ ਦਾ ਪ੍ਰੇਮ ਹੈ!

## ਉਹ ਚੀਜ਼ ਜਿਸ ਦੀ ਦਾਊਦ ਨੂੰ ਉਸ ਵੇਲੇ ਲੋੜ ਸੀ ਜਦੋਂ ਉਸ ਨੇ ਆਪਣੇ ਜੀਵਨ ਦਾ ਵਿਗਾੜ ਕਰ ਲਿਆ (4:6-8)

ਦਾਊਦ ਬਾਈਬਲ ਦੇ ਸੱਭ ਤੋਂ ਉੱਘੇ ਲੋਕਾਂ ਵਿੱਚੋਂ ਇੱਕ ਹੈ। ਜਦੋਂ ਬਾਈਬਲ ਦੇ ਮਨਪਸੰਦ ਪਾਤਰਾਂ ਲਈ ਮਤਦਾਨ ਕੀਤਾ ਜਾਂਦਾ ਹੈ ਤਾਂ ਪੁਰਾਣੇ ਨੇਮ ਦੇ ਪਾਤਰਾਂ ਵਿੱਚੋਂ ਲਗਭਗ ਹਮੇਸ਼ਾ ਉਹੀ ਸਭ ਤੋਂ ਉੱਤੇ ਹੁੰਦਾ ਹੈ। ਜਿਸ ਵੀ ਪੱਖੋਂ ਉਸ ਨੂੰ ਵੇਖਿਆ ਜਾਵੇ, ਉਹ ਇੱਕ ਬਹੁਤ ਵਿਸ਼ੇਸ ਵਿਅਕਤੀ ਹੀ ਜਾਪਦਾ ਹੈ। ਉਸ ਨੂੰ ਪਰਮੇਸ਼ੁਰ ਦੇ ਮਨ ਭਾਉਂਦੇ ਵਿਅਕਤੀ ਵਜੋਂ ਵੀ ਜਾਣਿਆ ਜਾਂਦਾ ਹੈ (ਰਸੂਲਾਂ ਦੇ ਕਰਤੱਬ 13:22)।

ਪਰ ਆਓ, ਉਸ ਦੀਆਂ ਜਿੱਤਾਂ ਨੂੰ ਨਹੀਂ, ਪਰ ਉਸ ਦੀਆਂ ਤ੍ਰਾਸਦੀਆਂ ਨੂੰ ਵੇਖੀਏ; ਉਸ ਦੀਆਂ ਪ੍ਰਾਪਤੀਆਂ ਦੇ ਪਰਤਾਪ ਨੂੰ ਨਹੀਂ, ਪਰ ਉਸ ਦੇ ਜੀਵਨ ਦੇ ਹਨੇਰੇ ਦਿਨਾਂ ਨੂੰ ਵੇਖੀਏ। ਆਓ ਵੇਖੀਏ ਕਿ ਦਾਊਦ ਨੂੰ ਉਸ ਵੇਲੇ ਕਿਸ ਚੀਜ਼ ਦੀ ਲੋੜ ਸੀ ਜਦੋਂ ਉਸ ਨੇ ਆਪਣਾ ਜੀਵਨ ਵਿਗਾੜ ਲਿਆ ਸੀ।

ਜਦੋਂ ਦਾਊਦ ਪਰਮੇਸ਼ੁਰ ਦੇ ਬਹੁਤ ਨੇੜੇ ਰਿਹਾ, ਉਸ ਨੂੰ ਬਹੁਤ ਜਿੱਤਾਂ ਮਿਲੀਆਂ। ਪਰਮੇਸ਼ੁਰ ਨੇ ਉਸ ਨੂੰ ਉਦੋਂ ਬਰਕਤਾਂ ਦਿੱਤੀਆਂ ਜਦੋਂ ਉਹ ਇੱਕ ਵਫ਼ਾਦਾਰ ਅਯਾਲੀ ਸੀ, ਜਦੋਂ ਉਸ ਨੇ ਗੋਲੀਅਥ ਨੂੰ ਹਰਾਇਆ ਅਤੇ ਜਦੋਂ ਉਹ ਇੱਕ ਸੂਰਬੀਰ ਜੋਧਾ ਸੀ। ਦਾਊਦ ਉਸ ਵੇਲੇ ਵੀ ਵਿਸ਼ਵਾਸਯੋਗ ਰਿਹਾ ਜਦੋਂ ਸ਼ਾਊਲ ਜੰਗਲੀ ਜਾਨਵਰਾਂ ਵਾਂਗ ਉਸ ਦਾ ਪਿੱਛਾ ਕਰ ਰਿਹਾ ਸੀ। ਜਦੋਂ ਉਹ ਸਿੰਘਾਸਣ ਤੇ ਬੈਠਿਆ, ਤਾਂ ਉਸ ਦੀ ਵਫ਼ਾਦਾਰੀ ਸਦਕਾ ਸਾਰਾ ਦੇਸ਼ ਪਰਮੇਸ਼ੁਰ ਦੇ ਨੇੜੇ ਆ ਗਿਆ।

ਫਿਰ ਤ੍ਰਾਸਦੀ ਆਈ—ਜਦੋਂ ਇੱਕ-ਇੱਕ ਕਰਕੇ ਪਾਪ ਵਧਦਾ ਗਿਆ (2 ਸਮੂਏਲ 11)। ਦਾਊਦ ਦੀ ਸੈਨਾ ਯੁੱਧ ਲੜਣ ਗਈ, ਪਰ ਉਹ ਆਪ ਘਰੇ ਰਹਿ ਗਿਆ। ਜਦੋਂ ਉਹ ਆਪਣੀ ਛੱਤ ਉੱਤੇ ਟਹਿਲ ਰਿਹਾ ਸੀ, ਉਸ ਨੇ ਇੱਕ ਸੁੰਦਰ ਇਸਤਰੀ ਨੂੰ ਨਹਾਉਂਦੇ ਵੇਖਿਆ। ਅਸੀਂ ਇਸ ਦ੍ਰਿਸ਼ ਦੇ ਵੇਰਵੇ ਨੂੰ ਨਹੀਂ ਜਾਣਦੇ ਅਤੇ ਕਲਪਨਾ ਕਰਨ ਨਾਲ ਕੁਝ ਹਾਸਿਲ ਨਹੀਂ ਸਕਾਂਗੇ—ਪਰ ਇੱਕ ਗੱਲ ਪੱਕੀ ਹੈ: ਜਦੋਂ ਦਾਊਦ ਨੂੰ ਲੱਗਾ ਕਿ ਉਹ ਪ੍ਰਲੋਭਣ ਵਿੱਚ ਫੱਸ ਰਿਹਾ ਹੈ, ਉਸ ਨੂੰ *ਤੁਰੰਤ* ਉਸ ਹਾਲਾਤ ਵਿੱਚੋਂ ਨਿਕਲ ਜਾਣਾ ਚਾਹੀਦਾ ਸੀ (2 ਤਿਮੋਥਿਉਸ 2:22)। ਅਜਿਹਾ ਕਰਨ ਦੀ ਬਜਾਇ ਉਸ ਨੇ ਕਾਮ-ਵਾਸ਼ਨਾ ਨੂੰ ਵਧਣ ਦਿੱਤਾ (ਯਾਕੂਬ 1:14)।

ਦਾਊਦ ਨੇ ਉਸ ਇਸਤਰੀ ਬਾਰੇ ਜਾਣਕਾਰੀ ਇਕੱਠੀ ਕੀਤੀ ਅਤੇ ਜਾਣਿਆ ਕਿ ਉਸ ਇਸਤਰੀ ਦਾ ਨਾਮ ਬਥ-ਸ਼ਬਾ ਸੀ, ਜੋ—ਇੱਕ ਪੁਰਾਣੇ ਅਤੇ ਭਰੋਸੇਮੰਦ ਮਿੱਤਰ, ਇੱਕ ਸੂਰਬੀਰ

ਜੋਧੇ, ਅਤੀਤ ਵਿੱਚ ਦਾਊਦ ਲਈ ਆਪਣੀ ਜਾਨ ਦਾਅ 'ਤੇ ਲਗਾ ਦੇਣ ਵਾਲੇ—ਹਿੱਤੀ ਊਰਿੱਯਾਹ ਦੀ ਪਤਨੀ ਸੀ (2 ਸਮੂਏਲ 23:39), ਪਰ ਇਸ ਤੋਂ ਦਾਊਦ ਦੀ ਕਾਮ-ਵਾਸਨਾ ਸ਼ਾਂਤ ਨਹੀਂ ਹੋਈ। ਉਸ ਨੇ ਪਰਮੇਸ਼ੁਰ ਦੇ ਪ੍ਰਤੀਨਿਧੀ ਦੀ ਥਾਂ ਪੂਰਬ ਦੇ ਕਿਸੇ ਤਾਨਾਸ਼ਾਹ ਵਾਂਗ ਕੰਮ ਕੀਤਾ। ਉਸ ਨੇ ਬਥ-ਸ਼ਬਾ ਨੂੰ ਬੁਲਵਾਇਆ, ਉਸ ਦੇ ਨਾਲ ਵਿਭਚਾਰ ਕੀਤਾ ਅਤੇ ਫਿਰ ਉਸ ਨੂੰ ਆਪਣੇ ਘਰ ਭੇਜ ਦਿੱਤਾ।

ਹਾਲਾਤ ਵਿਗੜਦੇ ਗਏ। ਬਥ-ਸ਼ਬਾ ਨੇ ਦਾਊਦ ਕੋਲ ਸੁਨੇਹਾ ਘੱਲਿਆ ਕਿ ਉਹ ਗਰਭਵਤੀ ਹੈ। ਦਾਊਦ ਲਈ ਇਹ ਸਹੀ ਸਮਾਂ ਸੀ ਕਿ ਉਹ ਆਪਣੇ ਪਾਪ ਨੂੰ ਮੰਨ ਲਵੇ ਅਤੇ ਆਪਣੀ ਸਜਾ ਨੂੰ ਕਬੂਲ ਕਰੇ। ਇਸ ਦੀ ਥਾਂ ਉਸ ਨੇ ਆਪਣੇ ਪਾਪ ਨੂੰ ਲੁਕਾਉਣ ਦਾ ਜਤਨ ਕੀਤਾ। ਉਸ ਨੇ ਊਰਿੱਯਾਹ ਨੂੰ ਯੁੱਧ ਦੇ ਮੈਦਾਨ ਵਿੱਚੋਂ ਵਾਪਿਸ ਬੁਲਵਾਇਆ ਅਤੇ ਉਸ ਨੂੰ ਆਪਣੇ ਘਰ ਆਪਣੀ ਪਤਨੀ ਕੋਲ ਜਾਣ ਲਈ ਆਖਿਆ। ਉਸ ਦੀ ਚਾਲ ਇਹ ਸੀ ਕਿ ਊਰਿੱਯਾਹ ਇਹ ਸੋਚੇ ਭਈ ਇਹ ਬੱਚਾ *ਉਸ ਦਾ* ਹੈ। ਪਰ ਊਰਿੱਯਾਹ ਇੱਕ ਖਰਾ ਵਿਅਕਤੀ ਸੀ ਅਤੇ ਉਸ ਨੇ ਯੁੱਧ ਵੇਲੇ ਘਰ ਜਾਣ ਤੋਂ ਇਨਕਾਰ ਕਰ ਦਿੱਤਾ। ਦਾਊਦ ਐਨੀ ਨੀਚ ਹਰਕਤ 'ਤੇ ਉਤਰ ਆਇਆ ਕਿ ਉਸ ਨੇ ਊਰਿੱਯਾਹ ਨੂੰ ਸ਼ਰਾਬੀ ਕਰ ਦਿੱਤਾ, ਪਰ ਫਿਰ ਵੀ ਉਹ ਆਪਣੇ ਘਰ ਨਹੀਂ ਗਿਆ!

ਆਪਣੇ ਆਖਰੀ ਚਾਰੇ ਵਜੋਂ, ਦਾਊਦ ਨੇ ਫੈਸਲਾ ਲੈ ਲਿਆ ਕਿ ਊਰਿੱਯਾਹ ਨੂੰ ਮਰਨਾ ਪਵੇਗਾ। (ਇਹ ਰਾਤ ਨੂੰ ਟੈਲੀਵਿਜ਼ਨ ਤੇ ਵਿਖਾਏ ਜਾਣ ਵਾਲੇ ਕਿਸੇ ਡਰਾਮੇ ਦੀ ਕਹਾਣੀ ਜਿਹਾ ਮਹਿਸੂਸ ਹੁੰਦਾ ਹੈ। ਹੈ ਕਿ ਨਹੀਂ?) ਦਾਊਦ ਨੇ ਆਪਣੀਆਂ ਸੈਨਾਵਾਂ ਦੇ ਕਪਤਾਨ ਨੂੰ ਸੁਨੇਹਾ ਘੱਲਿਆ ਕਿ ਉਹ ਊਰਿੱਯਾਹ ਨੂੰ ਮੋਰਚੇ ਵਿੱਚ ਸਭ ਤੋਂ ਆਗਾਹਾਂ ਘੱਲ ਦਵੇ ਅਤੇ ਉਸ ਕੋਲੋਂ ਸਾਰੇ ਸਿਪਾਹੀ ਹਟਾ ਲਵੇ, ਤਾਂ ਜੋ ਉਹ ਮਾਰਿਆ ਜਾਵੇ। ਅਤੇ ਸਭਕੁਝ ਇਸੇ ਤਰ੍ਹਾਂ ਹੀ ਹੋਇਆ।

ਦਾਊਦ, ਜਿਸ ਨੇ ਪਰਮੇਸ਼ੁਰ ਦੇ ਨਾਲ ਸਭ ਤੋਂ ਨੇੜਲੀ ਸੰਗਤੀ ਦਾ ਅਨੰਦ ਮਾਣਿਆ ਸੀ, ਕੁਝ ਹੀ ਦਿਨਾਂ ਜਾਂ ਹਫਤਿਆਂ ਦੇ ਵਕਫੇ ਦੇ ਦੌਰਾਨ ਦਸ ਹੁਕਮਾਂ ਵਿੱਚੋਂ 40 ਪ੍ਰਤੀਸ਼ਤ ਨੂੰ ਤੋੜ ਚੁੱਕਾ ਸੀ। ਉਸ ਨੇ ਇਹ ਹੁਕਮ ਤੋੜੇ: "ਤੂੰ ਲਾਲਸਾ ਨਾ ਕਰ," "ਤੂੰ ਜ਼ਨਾਹ ਨਾ ਕਰ," "ਤੂੰ ਝੂਠੀ ਗਵਾਹੀ ਨਾ ਦੇ" ਅਤੇ "ਤੂੰ ਖੂਨ ਨਾ ਕਰ।" ਪਰਮੇਸ਼ੁਰ ਦਾ ਭੈਅ ਮਨੰਣ ਵਾਲੇ ਲੋਕਾਂ ਨੂੰ, ਨਿਆਂਕਾਰਾਂ ਨੂੰ, ਆਪਣਾ ਫੈਸਲਾ ਸੁਣਾਉਣ ਵਿੱਚ ਕੇਵਲ ਦੋ ਮਿੰਟ ਲਗਣੇ ਸਨ: "ਇਸ ਨੂੰ ਬਾਹਰ ਲੈ ਜਾਓ ਅਤੇ ਪਥਰਾਵ ਕਰਕੇ ਮਾਰ ਸੁੱਟੋ!" ਇਹ ਸੱਚ ਸੀ ਕਿ, "ਉਹ ਕੰਮ ਜੋ ਦਾਊਦ ਨੇ ਕੀਤਾ ਸੋ ਯਹੋਵਾਹ ਨੂੰ ਬੁਰਾ ਲੱਗਾ" (2 ਸਮੂਏਲ 11:27)।

ਇਸ ਤ੍ਰਾਸਦੀ ਦੇ ਸਾਰ ਨੂੰ ਸਮਝਣ ਲਈ ਸਾਨੂੰ ਇਹ ਸਮਝਣਾ ਪਵੇਗਾ ਕਿ ਦਾਊਦ ਨੇ ਆਪਣੇ ਜੀਵਨ ਨੂੰ ਕਿੰਨਾ ਜ਼ਿਆਦਾ ਅਤੇ ਕਿੰਨੀ ਗਹਿਰਾਈ ਨਾਲ ਵਿਗਾੜ ਲਿਆ *ਸੀ*। ਆਓ ਇਨ੍ਹਾਂ ਦੋ ਸੱਚਾਈਆਂ ਉੱਤੇ ਗੌਰ ਕਰੀਏ:

1. ਦਾਊਦ ਦਾ ਪਾਪ ਉਸ ਤੋਂ ਪਿਛਲੇ ਰਾਜਾ, ਰਾਜਾ ਸ਼ਾਊਲ, ਨਾਲੋਂ ਕਿਤੇ ਜ਼ਿਆਦਾ ਬੁਰਾ ਜਾਪਦਾ ਹੈ। ਸ਼ਾਊਲ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ ਅਮਾਲੇਕੀਆਂ ਦਾ ਪੂਰੀ ਤਰ੍ਹਾਂ ਖਾਤਮਾ ਕਰ ਦਵੇ, ਪਰ ਉਸ ਨੇ ਆਗਿਆ ਉਲੰਘਣ ਕੀਤਾ ਅਤੇ ਇਸ ਪਾਪ ਦੇ ਕਾਰਨ ਉਸ ਨੂੰ ਰਾਜਾ ਵਜੋਂ ਠੁਕਰਾ ਦਿੱਤਾ ਗਿਆ ਸੀ (1 ਸਮੂਏਲ਼ 15:1-23)। ਜ਼ਿਆਦਾਤਰ ਲੋਕ ਇਸ ਗੱਲ ਨਾਲ ਰਾਜ਼ੀ ਹੋਣਗੇ—ਘੱਟੋ-ਘੱਟ ਮਨੁੱਖੀ ਨਜ਼ਰੀਏ ਤੋਂ—ਕਿ ਸ਼ਾਊਲ ਦਾ ਪਾਪ ਦਾਉਦ ਦੇ ਪਾਪ ਦੀ ਗੰਭੀਰਤਾ ਦੇ ਨੇੜੇ-ਤੇੜੇ ਵੀ ਨਹੀਂ ਆਉਂਦਾ ਹੈ। ਇੱਥੇ ਉਹ ਵਿਅਕਤੀ ਹੈ ਜਿਹੜਾ ਪਰਮੇਸ਼ੁਰ ਦੀ ਬਹੁਤ ਨੇੜਲੀ ਸੰਗਤੀ ਵਿੱਚ ਰਿਹਾ, ਪਰ ਹੁਣ ਪਾਪ ਵਿੱਚ ਡੁੱਬਿਆ ਪਿਆ ਹੈ ਅਤੇ ਦੁਸ਼ਟਤਾ

ਦੀ ਦਲਦਲ ਵਿੱਚ ਫੱਸਦਾ ਜਾ ਰਿਹਾ ਹੈ। ਜਦੋਂ ਅਸੀਂ ਗੌਰ ਕਰਦੇ ਹਾਂ ਕਿ ਸ਼ਾਊਲ ਨਾਲ ਕੀ ਹੋਇਆ, ਤਾਂ ਅਸੀਂ ਦਾਊਦ ਦੇ ਪਾਪ ਦੇ ਸੰਭਵ ਨਤੀਜਿਆਂ ਬਾਰੇ ਸੋਚ ਕੇ ਕੰਬਣ ਲੱਗ ਜਾਂਦੇ ਹਾਂ!

2. ਆਓ ਹੋਰ ਵੀ ਮਹੱਤਵਪੂਰਣ ਗੱਲ 'ਤੇ ਗੌਰ ਕਰੀਏ ਕਿ ਕਿਵੇਂ ਪਾਪ ਨੇ ਦਾਊਦ ਦਾ ਲਗਭਗ ਨਾਸ ਹੀ ਕਰ ਦਿੱਤਾ ਸੀ—ਹਾਲਾਂਕਿ ਪਰਮੇਸ਼ਰ ਦੇ ਨਾਲ ਉਸ ਦੇ ਸੰਬੰਧ ਹਮੇਸ਼ਾ ਚੰਗੇ ਹੀ ਰਹੇ ਸਨ। 2 ਸਮੂਏਲ 11 ਵਿੱਚ ਇਸ ਤੱਥ ਨੂੰ ਸ਼ਾਇਦ ਜ਼ਿਆਦਾ ਸਪੱਸ਼ਟਤਾ ਨਾਲ ਨਹੀਂ ਵੇਖਿਆ ਜਾ ਸਕਦਾ, ਪਰ ਜ਼ਬੂਰ 32:3, 4 ਵਿੱਚ ਇਹ ਪੂਰੀ ਤਰ੍ਹਾਂ ਸਪੱਸ਼ਟ ਹੈ। ਉੱਥੇ ਦਾਊਦ ਨੇ ਲਿਖਿਆ,

> ਜਦ ਮੈਂ ਚੁੱਪ ਕਰ ਰਿਹਾ, ਮੇਰੀਆਂ ਹੱਡੀਆਂ
> ਸਾਰਾ ਦਿਨ ਹੂੰਗਣ ਨਾਲ ਗਲ ਗਈਆਂ।
> ਕਿਉਂ ਜੋ ਤੇਰਾ ਹੱਥ ਦਿਨ ਰਾਤ ਮੇਰੇ ਉੱਤੇ ਭਾਰਾ ਸੀ,
> ਮੇਰੀ ਤਰੀ ਗਰਮੀ ਦੀ ਔੜ ਵਿੱਚ ਬਦਲ ਗਈ।

ਜੇਕਰ ਅਸੀਂ ਉਨ੍ਹਾਂ ਦਿਨਾਂ ਵਿੱਚ ਦਾਊਦ ਨੂੰ ਵੇਖਿਆ ਹੁੰਦਾ, ਤਾਂ ਉਸ ਵਿੱਚ ਕੋਈ ਫਰਕ ਨਜ਼ਰ ਨਹੀਂ ਆਉਣਾ ਸੀ—ਉਹ ਅਜੇ ਵੀ ਰਾਜਗੱਦੀ 'ਤੇ ਹੁੰਦਾ, ਅਜੇ ਵੀ ਆਪਣੇ ਸ਼ਾਹੀ ਕੰਮ-ਕਾਜ ਕਰ ਰਿਹਾ ਹੁੰਦਾ—ਪਰ ਉਸ ਦੇ ਦਿਲ ਦੇ ਅੰਦਰ ਉਸ ਦਾ ਪਾਪ ਉਸ ਨੂੰ ਖਾਈ ਜਾ ਰਿਹਾ ਸੀ। ਪਾਪ ਬਹੁਤ ਭਿਆਣਕ ਚੀਜ਼ ਹੈ!

ਲਗਭਗ ਤਿੰਨ ਹਜ਼ਾਰ ਵਰ੍ਹੇ ਪਹਿਲਾਂ ਵਾਪਰੇ ਇਨ੍ਹਾਂ ਮਸਲਿਆਂ ਨੂੰ ਹੁਣ ਚੁੱਕਣ ਦੀ ਕੀ ਲੋੜ ਹੈ? ਕਿਉਂਕਿ ਅਸੀਂ ਵੀ ਉਨ੍ਹਾਂ ਫੰਦਿਆਂ ਵਿੱਚ ਫੱਸ ਸਕਦੇ ਹਾਂ ਜਿਸ ਵਿੱਚ ਦਾਊਦ ਫਸਿਆ ਸੀ। ਕਿਉਂਕਿ ਇੱਕ ਪਾਪ ਸਾਡੇ ਜੀਵਨ ਵਿੱਚ ਹੋਰਨਾਂ ਪਾਪਾਂ ਨੂੰ ਲਿਆ ਸਕਦਾ ਹੈ ਅਤੇ ਆਖਿਰਕਾਰ ਅਜਿਹਾ ਜਾਪੇਗਾ ਕਿ ਸਾਡਾ ਜੀਵਨ ਤਬਾਹ ਹੋ ਗਿਆ ਹੈ। ਇਹ ਸਾਨੂੰ ਵੀ ਉਵੇਂ ਹੀ ਖਾ ਸਕਦਾ ਹੈ, ਜਿਵੇਂ ਇਹ ਦਾਊਦ ਨੂੰ ਖਾ ਗਿਆ ਸੀ। ਸਾਨੂੰ ਇਹ ਜਾਣਨ ਦੀ *ਲੋੜ ਹੈ* ਕਿ ਜਦੋਂ ਅਸੀਂ ਆਪਣੇ ਜੀਵਨ ਨੂੰ ਵਿਗਾੜ ਲੈਂਦੇ ਹਾਂ, ਉਦੋਂ ਅਸੀਂ ਇਸ ਵਿੱਚੋਂ ਬਾਹਰ ਕਿਵੇਂ ਨਿਕਲੀਏ।

ਆਓ ਹੁਣ ਇਹ ਸਵਾਲ ਪੁੱਛੀਏ: ਜਦੋਂ ਦਾਊਦ ਨੇ ਆਪਣਾ ਜੀਵਨ ਵਿਗਾੜ ਲਿਆ ਸੀ, ਤਾਂ ਉਸ ਨੂੰ ਕਿਸ ਚੀਜ਼ ਦੀ ਲੋੜ ਪਈ ਸੀ?

ਜਦੋਂ ਅਸੀਂ ਲੋਕਾਂ ਨੂੰ ਆਪਣੇ ਜੀਵਨ ਵਿਗਾੜਦੇ ਦੇਖਦੇ ਹਾਂ, ਤਾਂ ਸਾਨੂੰ ਇਹ ਪ੍ਰਲੋਭਣ ਆਉਂਦਾ ਹੈ ਕਿ ਅਸੀਂ ਉਨ੍ਹਾਂ ਨੂੰ ਆਖੀਏ ਭਈ ਉਹ ਆਪਣੇ ਜੀਵਨ ਨੂੰ ਸੁਧਾਰਨ ਅਤੇ ਸਹੀ ਕੰਮ ਕਰਨ, ਆਪਣੇ ਜੀਵਨ ਨੂੰ ਸਹੀ ਕਰਨ। ਪਰ ਇਹ ਐਨਾ ਸੌਖਾ ਨਹੀਂ ਹੈ, ਹੈ ਕਿ ਨਹੀਂ? ਗੌਰ ਕਰੋ ਕਿ ਜਦੋਂ ਦਾਊਦ ਨੇ ਆਪਣੇ ਜੀਵਨ ਨੂੰ ਵਿਗਾੜਿਆ, ਤਾਂ ਉਸ ਦੀਆਂ ਚਾਰ ਜ਼ਰੂਰਤਾਂ ਸਨ। ਇਹ ਚਾਰ ਜ਼ਰੂਰਤਾਂ ਉਨ੍ਹਾਂ ਜ਼ਰੂਰਤਾਂ ਨੂੰ ਚੇਤੇ ਕਰਾਉਂਦੀਆਂ ਹਨ, ਜਿਹੜੀਆਂ ਉਸ ਵੇਲੇ ਸਾਡੇ ਵਿੱਚ ਵੀ ਮੌਜੂਦ ਹੁੰਦੀਆਂ ਹਨ ਜਦੋਂ ਅਸੀਂ ਗਲਤੀਆਂ ਕਰਦੇ ਹਾਂ।

*ਪਹਿਲੀ, ਦਾਊਦ ਨੂੰ ਇੱਕ ਅਜਿਹੇ ਵਿਅਕਤੀ ਦੀ ਜ਼ਰੂਰਤ ਸੀ, ਜੋ ਉਸ ਦੇ ਨਾਲ ਪੂਰਾ ਇਮਾਨਦਾਰ ਹੋਵੇ।* ਚੰਗੀ ਗੱਲ ਇਹ ਸੀ ਕਿ ਉਸ ਦੇ ਕੋਲ ਅਜਿਹਾ ਇੱਕ ਮਿੱਤਰ ਸੀ—ਇੱਕ ਅਜਿਹਾ ਵਿਅਕਤੀ ਜਿਸ ਨੂੰ ਉਹ ਕਈ ਵਰ੍ਹਿਆਂ ਤੋਂ ਜਾਣਦਾ ਸੀ—ਜੋ ਉਸ ਦੇ ਨਾਲ ਸਿੱਧੀ

ਗੱਲ ਕਰ ਸਕਦਾ ਸੀ। ਇਹ ਵੀ ਇੱਕ ਚੰਗੀ ਗੱਲ ਸੀ ਕਿ ਉਸ ਦਾ ਇਹ ਮਿੱਤਰ ਉਸ ਨੂੰ ਕਈ ਵਰ੍ਹਿਆਂ ਤੋਂ ਜਾਣਦਾ ਸੀ। ਉਸ ਦਾ ਮਿੱਤਰ ਜਾਣਦਾ ਸੀ ਕਿ ਉਸ ਦੇ ਕੋਲ ਕਿਵੇਂ ਜਾਇਆ ਜਾਵੇ ਅਤੇ ਉਸ ਦੇ ਹਿਰਦੇ ਨੂੰ ਕਿਵੇਂ ਛੁਹਿਆ ਜਾਵੇ।

ਪਰਮੇਸ਼ੁਰ ਨੇ ਨਾਥਾਨ ਨੂੰ ਦਾਊਦ ਕੋਲ ਘੱਲਿਆ ਅਤੇ ਨਾਥਾਨ ਨੇ ਉਸ ਨੂੰ ਇੱਕ ਨਿੱਕੀ ਲੇਲੀ ਦੀ ਕਹਾਣੀ ਸੁਣਾਈ, ਜਿਸ ਨੂੰ ਅਸੀਂ ਜਾਣਦੇ ਹਾਂ:

> ਇੱਕ ਸ਼ਹਿਰ ਵਿੱਚ ਦੋ ਜਣੇ ਸਨ, ਇੱਕ ਧਨਵਾਨ ਅਤੇ ਦੂਜਾ ਕੰਗਾਲ। ਉਸ ਧਨਵਾਨ ਕੋਲ ਢੇਰ ਸਾਰੇ ਇੱਜੜ ਅਤੇ ਵੱਗ ਸਨ। ਪਰ ਉਸ ਕੰਗਾਲ ਕੋਲ ਭੇਡਾਂ ਦੀ ਇੱਕ ਲੇਲੀ ਖੁਣੋਂ ਹੋਰ ਕੁਝ ਨਹੀਂ ਸੀ। ਉਸ ਨੂੰ ਉਹ ਨੇ ਮੁੱਲ ਲਿਆ ਸੀ ਅਤੇ ਪਾਲਿਆ ਸੀ ਅਤੇ ਉਹ ਉਸ ਦੇ ਅਤੇ ਉਸ ਦੇ ਬਾਲਕਾਂ ਦੇ ਕੋਲ ਵਧੀ। ਉਹ ਉੱਸੇ ਦੀ ਰੋਟੀ ਵਿੱਚੋਂ ਖਾਂਦੀ, ਉੱਸੇ ਦੇ ਕਟੋਰੇ ਵਿੱਚੋਂ ਪੀਂਦੀ, ਉੱਸੇ ਦੀ ਝੋਲੀ ਵਿੱਚ ਸੌਂਦੀ ਅਤੇ ਉਸ ਦੀ ਧੀ ਦੇ ਥਾਂ ਸੀ। ਇੱਕ ਰਾਹੀ ਉਸ ਧਨਵਾਨ ਕੋਲ ਆਇਆ, ਸੋ ਉਸ ਨੇ ਆਪਣੇ ਇੱਜੜ ਅਤੇ ਆਪਣੇ ਵੱਗ ਨੂੰ ਬਚਾ ਰੱਖਿਆ ਅਤੇ ਉਸ ਰਾਹੀ ਦੇ ਲਈ ਜੋ ਉਸ ਕੋਲ ਆਇਆ ਸੀ ਉਸ ਨੇ ਤਿਆਰੀ ਨਾ ਕੀਤੀ, ਸਗੋਂ ਉਸ ਕੰਗਾਲ ਦੀ ਲੇਲੀ ਖੋਹ ਲਈ ਅਤੇ ਉਸ ਪਰਾਹੁਣੇ ਦੇ ਲਈ ਤਿਆਰ ਕੀਤੀ (2 ਸਮੂਏਲ 12:1-4)।

ਅਸੀਂ ਆਪਣੀ ਕਲਪਨਾ ਵਿੱਚ ਲਗਭਗ ਵੇਖ ਸਕਦੇ ਹਾਂ ਕਿ ਲੇਲੀ ਬੱਚਿਆਂ ਨਾਲ ਖੇਡ ਰਹੀ ਹੈ, ਮੇਜ਼ 'ਤੇ ਪਏ ਪਿਆਲੇ ਵਿੱਚੋਂ ਪਾਣੀ ਪੀ ਰਹੀ ਹੈ ਅਤੇ ਉਨ੍ਹਾਂ ਦੇ ਬਿਸਤਰੇ ਤੇ ਸੌਂ ਰਹੀ ਹੈ। ਦਾਊਦ ਦੀ ਇਨਸਾਫ ਦੀ ਭਾਵਨਾ ਜਾਗ ਪਈ: "ਤਦ ਉਸ ਮਨੁੱਖ ਉੱਤੇ ਦਾਊਦ ਦਾ ਕ੍ਰੋਧ ਜਾਗਿਆ ਅਤੇ ਉਸ ਨੇ ਨਾਥਾਨ ਨੂੰ ਆਖਿਆ, ਜੀਉਂਦੇ ਯਹੋਵਾਹ ਦੀ ਸੌਂਹ, ਜਿਸ ਮਨੁੱਖ ਨੇ ਇਹ ਕੰਮ ਕੀਤਾ ਸੋ ਵੱਢਣ ਜੋਗਾ ਹੈ! ਸੋ ਉਹ ਮਨੁੱਖ ਚੌਗਣੀ ਲੇਲੀ ਦੀ ਕੀਮਤ ਉਹ ਨੂੰ ਮੋੜ ਕੇ ਦੇਵੇ ਕਿਉਂ ਜੋ ਉਸ ਨੇ ਅਜੇਹਾ ਕੰਮ ਕੀਤਾ ਅਤੇ ਕੁਝ ਦਯਾ ਨਾ ਕੀਤੀ" (2 ਸਮੂਏਲ 12:5, 6)। ਤਦ ਨਾਥਾਨ ਨੇ ਉਹ ਵਿਨਾਸ਼ਕਾਰੀ ਸ਼ਬਦ ਬੋਲੇ: "ਉਹ ਮਨੁੱਖ ਤੂੰ ਹੀ ਤਾਂ ਹੈਂ!" (2 ਸਮੂਏਲ 12:7)।

ਕੀ ਇਹ ਚੰਗਾ ਨਾ ਹੁੰਦਾ ਕਿ ਬਾਈਬਲ ਦੀਆਂ ਅਸਲ ਘਟਨਾਵਾਂ ਵੀਡਿਓ ਵਿੱਚ ਰਿਕਾਰਡ ਹੁੰਦੀਆਂ ਤਾਂ ਜੋ ਅਸੀਂ ਵੇਖ ਸਕਦੇ ਕਿ ਸਭਕੁਝ *ਕਿਵੇਂ* ਵਾਪਰਿਆ ਸੀ। ਸ਼ਾਇਦ ਨਾਥਾਨ ਦਾਊਦ ਦੇ ਸਾਹਮਣੇ ਇੱਕ ਨਬੀ ਦੀਆਂ ਲਿਸ਼ਕਦੀਆਂ ਅੱਖਾਂ ਲੈ ਕੇ ਖੜਾ ਸੀ, ਦੋਸ਼ ਲਗਾ ਰਹੀ ਉਂਗਲ ਉਸ ਦੇ ਵੱਲ ਵਧੀ ਹੋਈ ਸੀ ਅਤੇ ਉਹ ਆਖ ਰਿਹਾ ਸੀ, "ਉਹ ਮਨੁੱਖ ਤੂੰ ਹੀ ਤਾਂ ਹੈਂ!" ਮੈਂ ਇਸ ਤਰ੍ਹਾਂ ਸੋਚਣਾ ਪਸੰਦ ਕਰਾਂਗਾ ਕਿ ਨਾਥਾਨ ਇੱਕ ਮਿੱਤਰ ਵਾਂਗ ਆਇਆ, ਜਿਸ ਦਾ ਦਿਲ ਟੁੱਟਿਆ ਹੋਇਆ ਹੈ, ਜੋ ਦਾਊਦ ਦਾ ਕ੍ਰੋਧ ਭਰਿਆ ਵਾਕ ਸੁਣ ਕੇ ਚੁੱਪ ਹੋ ਗਿਆ ਅਤੇ ਫਿਰ ਹੰਝੂ ਭਰੀਆਂ ਅੱਖਾਂ ਅਤੇ ਕੰਬਦੀ ਹੋਈ ਅਵਾਜ਼ ਨਾਲ ਬੋਲਿਆ, "ਦਾਊਦ, ਮੈਂ *ਤੇਰੇ* ਬਾਰੇ ਹੀ ਗੱਲ ਕਰ ਰਿਹਾ ਹਾਂ। ਤੇਰੇ ਕੋਲ ਐਨਾ ਕੁਝ ਹੈ ਅਤੇ ਊਰਿੱਯਾਹ ਕੋਲ ਐਨਾ ਥੋੜਾ ਸੀ—ਅਤੇ ਤੂੰ ਉਹ ਵੀ ਲੈ ਲਿਆ, ਜੋ ਉਸ ਦੇ ਕੋਲ ਸੀ, ਐਥੋਂ ਤੱਕ ਕਿ ਉਸ ਦੀ ਪਤਨੀ ਅਤੇ ਜਿੰਦਗੀ ਵੀ। ਪਰਮੇਸ਼ੁਰ ਨੇ ਤੈਨੂੰ ਭਰਪੂਰੀ ਨਾਲ ਬਰਕਤਾਂ ਦਿੱਤੀਆਂ ਹਨ ਅਤੇ ਹੁਣ ਤੂੰ ਐਨਾ ਭਿਆਣਕ ਕਾਰਾ ਕੀਤਾ ਹੈ!" ਭਾਵੇਂ ਇਹ ਜਿਵੇਂ ਵੀ ਕੀਤਾ ਗਿਆ ਸੀ, ਪਰ ਇਹ ਇੱਕ ਇਮਾਨਦਾਰ ਸੁਨੇਹਾ ਸੀ ਜਿਸ ਨੇ ਦਾਊਦ ਦੇ ਪਾਪ ਨੂੰ ਉਜਾਗਰ ਕਰ ਦਿੱਤਾ।

ਅੱਜ ਦੇ ਧਾਰਮਿਕ ਸੰਸਾਰ ਵਿੱਚ, ਤੁਸੀਂ ਜਿਹੋ ਜਿਹਾ ਚਾਹੋ ਤੁਹਾਨੂੰ ਉਹੋ ਜਿਹਾ ਪ੍ਰਚਾਰ ਮਿਲ ਜਾਵੇਗਾ। ਜੇਕਰ ਤੁਸੀਂ ਅਜਿਹਾ ਪ੍ਰਚਾਰ ਚਾਹੋ ਜਿਹੜਾ ਤੁਹਾਨੂੰ ਆਖੇ ਕਿ ਤੁਸੀਂ ਕੁਝ ਵੀ

ਕਰੋ ਤੁਸੀਂ ਠੀਕ ਹੋ, ਉਹ ਤੁਹਾਨੂੰ ਮਿਲ ਜਾਵੇਗਾ। ਪਰ ਜੇਕਰ ਪਾਪ ਦੇ ਕਾਰਨ ਤੁਹਾਡਾ ਜੀਵਨ ਵਿਗੜ ਗਿਆ ਹੈ, ਤਾਂ ਤੁਹਾਨੂੰ ਅਜਿਹੇ ਕਿਸੇ ਵਿਅਕਤੀ ਦੀ ਲੋੜ ਨਹੀਂ ਹੈ ਜਿਹੜਾ ਤੁਹਾਨੂੰ ਪੁਚਕਾਰੇ। ਕਲਪਨਾ ਕਰਕੇ ਵੇਖੋ ਕਿ ਨਾਥਾਨ ਦਾਊਦ ਕੋਲ ਆਉਂਦਾ ਹੈ ਅਤੇ ਉਸ ਦੇ ਮੋਢੇ ‘ਤੇ ਬਾਂਹ ਰੱਖ ਕੇ ਆਖਦਾ ਹੈ, “ਮੈਂ ਜਾਣਦਾ ਹਾਂ ਕਿ ਤੈਨੂੰ ਦੁਖ ਹੋ ਰਿਹਾ ਹੈ ਅਤੇ ਮੈਂ ਤੈਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਤੇਰੇ ਨਾਲ ਹਾਂ,” ਪਰ ਉਸ ਦਾ ਪਾਪ ਉਜਾਗਰ ਨਹੀਂ ਕਰਦਾ! ਤੁਹਾਨੂੰ ਅਜਿਹੇ ਵਿਅਕਤੀ ਦੀ ਲੋੜ ਹੈ ਜਿਹੜਾ ਤੁਹਾਡੇ ਪਾਪ ਨੂੰ ਲੈ ਕੇ ਤੁਹਾਡੇ ਨਾਲ ਇਮਾਨਦਾਰ ਹੋਵੇ—ਪ੍ਰੇਮ ਪੂਰਬਕ ਇਮਾਨਦਾਰ, ਪਰ ਪੂਰਾ ਇਮਾਨਦਾਰ!

ਅੱਜ ਭਾਵੇਂ ਅਜਿਹਾ ਦਿਸਦਾ ਨਹੀਂ ਹੈ, ਪਰ ਮਸੀਹੀ ਲੋਕ ਹਰ ਪੱਖੋਂ ਅਤੇ ਪੂਰੀ ਤਰ੍ਹਾਂ ਪਾਪ ਦੇ ਵਿਰੁੱਧ ਹਨ। ਅਸੀਂ ਇਸ ਨੂੰ ਆਪਣਾ *ਵੈਰੀ* ਮਨੰਦੇ ਹਾਂ। ਇਹ ਪੁਰਾਣੇ ਜਮਾਨੇ ਦੀ ਸੋਚ ਜਾਪ ਸਕਦੀ ਹੈ, ਪਰ ਅਸੀਂ ਸ਼ਰਾਬ, ਨਸ਼ਿਆਂ, ਲੱਚਰ ਨਾਚ, ਜੂਏ, ਗਰਭਪਾਤ, ਅਸ਼ਲੀਲ ਲਿਬਾਸ (ਭਾਵੇਂ ਪਾਣੀ ਦੇ ਅੰਦਰ ਭਾਵੇਂ ਬਾਹਰ), ਵਚਨ ਦੇ ਉਲਟ, ਮਨੁੱਖਵਾਦ, ਭੌਤਿਕਵਾਦ, ਲੈਂਗਿਕ ਅਸ਼ੁੱਧਤਾ, ਵਿਆਹੁਤਾ ਜੀਵਨ ਵਿੱਚ ਵਿਸ਼ਵਾਸਘਾਤ, ਸਿੱਖਿਆ ਦੀਆਂ ਗਲਤੀਆਂ ਅਤੇ ਅਜਿਹੇ ਹੋਰ ਵਿਸ਼ਿਆਂ ਵਿਰੁੱਧ ਅਜੇ ਵੀ ਪ੍ਰਚਾਰ ਕਰਦੇ ਹਾਂ ਅਤੇ ਸਿੱਖਿਆ ਦਿੰਦੇ ਹਾਂ। ਇਨ੍ਹਾਂ ਮਸਲਿਆਂ ਬਾਰੇ ਸਾਡੀਆਂ ਕੁਝ ਮਾਨਤਾਵਾਂ ਹਨ ਅਤੇ ਅਸੀਂ ਆਪਣੀਆਂ ਮਾਨਤਾਵਾਂ ਨੂੰ ਲੁਕਾਉਂਦੇ ਨਹੀਂ ਹਾਂ।

ਤੁਸੀਂ ਸ਼ਾਇਦ ਆਖੋ, “ਓਇ, ਮੈਂ ਦੋਸ਼ ਨੂੰ ਸੁਣਨਾ ਨਹੀਂ ਚਾਹੁੰਦਾ। ਮੈਂ ਤਾਂ ਬਸ ਮਿੱਠੇ ਅਤੇ ਪਿਆਰ ਭਰੇ ਸ਼ਬਦ ਹੀ ਸੁਣਨਾ ਚਾਹੁੰਦਾ ਹਾਂ।” ਮੈਂ ਫਿਰ ਆਖਾਂਗਾ: ਜੇਕਰ ਤੁਹਾਡਾ ਜੀਵਨ ਵਿਗੜਿਆ ਹੋਇਆ ਹੈ, ਤਾਂ ਸਭ ਤੋਂ ਪਹਿਲਾਂ ਤੁਹਾਨੂੰ ਅਜਿਹੇ ਲੋਕਾਂ ਦੀ *ਜ਼ਰੂਰਤ ਹੈ,* ਜਿਹੜੇ ਤੁਹਾਡੇ ਨਾਲ ਪੂਰੀ ਤਰ੍ਹਾਂ ਇਮਾਨਦਾਰ ਹੋਣ।

ਦਾਊਦ ਨੂੰ ਉਸ ਤੋਂ ਵੀ ਵੱਧ ਕੇ ਕੁਝ ਚਾਹੀਦਾ ਸੀ, ਕਿਉਂਕਿ ਇੱਕ ਇਮਾਨਦਾਰ ਸੁਨੇਹੇ ਦਾ ਉਦੋਂ ਤੱਕ ਕੋਈ ਲਾਭ ਨਹੀਂ ਹੋਣਾ ਸੀ, ਜਦੋਂ ਤੱਕ ਉਸ ਨੂੰ ਸਹੀ ਤਰੀਕੇ ਨਾਲ ਸਵੀਕਾਰ ਨਾ ਕੀਤਾ ਜਾਂਦਾ।

*ਦੂਜੀ, ਦਾਊਦ ਨੂੰ ਅਜਿਹੇ ਹਿਰਦੇ ਦੀ ਜ਼ਰੂਰਤ ਸੀ, ਜਿਹੜਾ ਟੁੱਟ ਸਕੇ।* ਉਸ ਨੇ ਨਾਥਾਨ ਦੇ ਸੁਨੇਹੇ ਦਾ ਜਵਾਬ ਕਈ ਤਰੀਕਿਆਂ ਨਾਲ ਦਿੱਤਾ ਹੋਵੇਗਾ। ਹੋ ਸਕਦਾ ਹੈ ਕਿ ਉਹ ਪ੍ਰਚਾਰਕ ਉੱਤੇ ਕ੍ਰੋਧਿਤ ਹੋਇਆ ਹੋਵੇ। ਇਹ ਕੋਈ ਅਨੋਖਾ ਜਵਾਬ ਨਹੀਂ ਹੈ, ਪਰੰਤੂ ਇਹ ਉਸ ਦੀ ਕੋਈ ਮਦਦ ਨਹੀਂ ਕਰਦਾ।

ਹੋ ਸਕਦਾ ਹੈ ਕਿ ਉਸ ਨੇ ਬਹਾਨੇ ਬਣਾਉਣੇ ਸ਼ੁਰੂ ਕਰ ਦਿੱਤੇ ਹੋਣ: “ਇਹ ਬਥ-ਸ਼ਬਾ ਦੀ ਗਲਤੀ ਹੈ ਕਿ ਉਹ ਉਸ ਥਾਂ ‘ਤੇ ਕਿਉਂ ਨਹਾ ਰਹੀ ਸੀ।” “ਜੇਕਰ ਊਰਿੱਯਾਹ ਜਿੱਦ ਨਾ ਕਰਦਾ ਤਾਂ ਕਿਸੇ ਦਾ ਕੋਈ ਨੁਕਸਾਨ ਨਹੀਂ ਹੋਣਾ ਸੀ।” ਅਸੀਂ ਜਿਸ ਮੁਸੀਬਤ ਵਿੱਚ ਪਏ ਹਾਂ, ਕੀ ਉਸ ਦਾ ਦੋਸ਼ ਦੂਜਿਆਂ ਉੱਤੇ ਲਗਾਉਣਾ ਅਸਾਨ ਨਹੀਂ ਹੈ? ਪਰ ਬਹਾਨਿਆਂ ਨਾਲ ਹਾਲਾਤ ਵਿੱਚ ਕੋਈ ਸੁਧਾਰ ਨਹੀਂ ਆਉਣਾ ਸੀ।

ਹੋ ਸਕਦਾ ਹੈ ਕਿ ਉਹ ਕਿਸੇ ਹੋਰ ਪਾਪ ਦੇ ਦੁਆਰਾ ਆਪਣੇ ਪਾਪ ਨੂੰ ਲੁਕਾਉਂਦੇ ਰਹਿਣ ਦਾ ਜਤਨ ਕਰਦਾ ਰਹਿੰਦਾ। ਹੋ ਸਕਦਾ ਹੈ ਕਿ ਉਹ ਇੱਕ ਪੂਰਬੀ ਤਾਨਾਸ਼ਾਹ ਦੀ ਤਰ੍ਹਾਂ ਆਪਣੇ ਪੂਰਨ ਅਧਿਕਾਰ ਦੀ ਵਰਤੋਂ ਕਰਦਾ ਅਤੇ ਨਾਥਾਨ ਨੂੰ ਮਰਵਾ ਦਿੰਦਾ।

ਪਰਮੇਸ਼ੁਰ ਦਾ ਧੰਨਵਾਦ ਹੋਵੇ ਕਿ ਦਾਊਦ ਨੇ ਇਨ੍ਹਾਂ ਵਿੱਚੋਂ ਕਿਸੇ ਵੀ ਤਰ੍ਹਾਂ ਦਾ ਵਿਹਾਰ ਨਹੀਂ ਕੀਤਾ। ਸਗੋਂ ਉਸ ਦਾ ਦਿਲ ਟੁੱਟ ਗਿਆ। ਦਾਊਦ ਪਰਮੇਸ਼ੁਰ ਦਾ ਮਨ ਭਾਉਂਦਾ ਵਿਅਕਤੀ

ਸੀ, ਇਸ ਲਈ ਨਹੀਂ ਕਿ ਉਹ ਸਿੱਧ ਸੀ, ਸਗੋਂ ਇਸ ਕਰਕੇ ਕਿ ਉਸ ਦਾ ਦਿਲ ਹਮੇਸ਼ਾ ਕੋਮਲ ਰਹਿੰਦਾ ਸੀ ਅਤੇ ਸੱਚੀ ਗੱਲ ਸੁਣ ਕੇ ਉਸ ਉੱਤਰ ਅਸਰ ਹੋ ਸਕਦਾ ਸੀ। ਦਾਊਦ ਨੇ ਨਾਥਾਨ ਅੱਗੇ ਇਹ ਮੰਨਿਆ, "ਮੈਂ ਯਹੋਵਾਹ ਦੇ ਵਿਰੁੱਧ ਪਾਪ ਕੀਤਾ ਹੈ" (2 ਸਮੂਏਲ 12:13)। ਜ਼ਬੂਰ 51 ਨੂੰ ਦਾਊਦ ਦੁਆਰਾ ਉਸ ਵੇਲੇ ਲਿਖਿਆ ਗਿਆ ਜਾਪਦਾ ਹੈ, ਜਦੋਂ ਨਾਥਾਨ ਨੇ ਉਸ ਦਾ ਸਾਹਮਣਾ ਕੀਤਾ ਸੀ। ਉਸ ਜ਼ਬੂਰ ਵਿੱਚ, ਦਾਊਦ ਪੁਕਾਰ ਉੱਠਿਆ,

> ਹੇ ਪਰਮੇਸ਼ੁਰ, ਆਪਣੀ ਕਿਰਪਾ ਦੇ ਅਨੁਸਾਰ ਮੇਰੇ ਉੱਤੇ ਦਯਾ ਕਰ,
> ਆਪਣੀਆਂ ਰਹਮਤਾਂ ਦੀ ਰੇਲ ਪੇਲ ਅਨੁਸਾਰ ਮੇਰੇ ਅਪਰਾਧ ਮਿਟਾ ਦੇਹ!
> ਮੇਰੀ ਬਦੀ ਤੋਂ ਮੈਨੂੰ ਚੰਗੀ ਤਰਾਂ ਧੋ,
> ਅਤੇ ਮੇਰੇ ਪਾਪ ਤੋਂ ਮੈਨੂੰ ਸ਼ੁੱਧ ਕਰ,
> ਕਿਉਂ ਜੋ ਮੈਂ ਆਪਣੇ ਅਪਰਾਧ ਜਾਣਦਾ ਹਾਂ,
> ਅਤੇ ਮੇਰਾ ਪਾਪ ਸਦਾ ਮੇਰੇ ਸਾਹਮਣੇ ਹੈ . . .
> ਮੇਰਿਆਂ ਪਾਪਾਂ ਵੱਲੋਂ ਮੂੰਹ ਫੇਰ ਲੈ,
> ਅਤੇ ਮੇਰੀਆਂ ਸਾਰੀਆਂ ਬਦੀਆਂ ਨੂੰ ਮਿਟਾ ਦੇਹ!
> ਹੇ ਪਰਮੇਸ਼ੁਰ, ਮੇਰੇ ਲਈ ਇੱਕ ਪਾਕ ਮਨ ਉਤਪੰਨ ਕਰ,
> ਅਤੇ ਮੇਰੇ ਅੰਦਰ ਨਵੇਂ ਸਿਰੇ ਤੋਂ ਸਥਿਰ ਆਤਮਾ ਵੀ।
> ਮੈਨੂੰ ਆਪਣੇ ਹਜ਼ੂਰੋਂ ਨਾ ਧੱਕ,
> ਅਤੇ ਆਪਣਾ ਪਵਿੱਤਰ ਆਤਮਾ ਮੈਥੋਂ ਨਾ ਲੈ!
> ਆਪਣੀ ਮੁਕਤੀ ਦੀ ਖੁਸ਼ੀ ਮੈਨੂੰ ਮੋੜ ਦੇਹ,
> ਅਤੇ ਆਪਣੇ ਪਰਮ ਆਤਮਾ ਨਾਲ ਮੈਨੂੰ ਸੰਭਾਲ (ਜ਼ਬੂਰ 51:1-3, 9-12)।

ਸਾਡੇ ਵਿੱਚੋਂ ਹਰੇਕ ਨੂੰ ਆਪਣੇ ਆਪ ਤੋਂ ਇਹ ਸਵਾਲ ਪੁੱਛਣ ਦੀ ਲੋੜ ਹੈ, "ਕੀ ਮੇਰਾ ਹਿਰਦਾ ਇਹੋ ਜਿਹਾ ਹੈ?" ਜਦੋਂ ਸਾਡੀ ਜਿੰਦਗੀ ਪੂਰਾ ਤਰ੍ਹਾਂ ਬੇਤਰਤੀਬ ਹੁੰਦੀ ਹੈ, ਤਾਂ ਉਸ ਵੇਲੇ ਲੋੜੀਂਦੀਆਂ ਵਸਤਾਂ ਵਿੱਚੋਂ ਇਹ ਵੀ ਇੱਕ ਹੈ, ਪਰ ਕੋਈ ਵੀ ਵਿਅਕਤੀ ਇਹ ਤੁਹਾਨੂੰ ਨਹੀਂ ਦੇ ਪਾਵੇਗਾ। ਇਹ ਜਾਂ ਤਾਂ ਸਾਡੇ ਕੋਲ ਹੈ, ਜਾਂ ਫਿਰ ਨਹੀਂ ਹੈ। ਜੇਕਰ ਇਹ ਸਾਡੇ ਕੋਲ ਨਹੀਂ ਹੈ ਅਤੇ ਅਜਿਹੇ ਹਿਰਦੇ ਦਾ ਨਿਰਮਾਣ ਕਰਨ ਦੀ ਚਾਹਤ ਵੀ ਸਾਡੇ ਅੰਦਰ ਨਹੀਂ ਹੈ, ਤਾਂ ਸਾਡੇ ਕੋਲ ਹੋਰ ਕੋਈ ਉਮੀਦ ਨਹੀਂ ਬਚਦੀ।

ਸਾਨੂੰ ਇਸ ਹਿਰਦੇ ਬਾਰੇ ਹੋਰ ਜ਼ਿਆਦਾ ਸੋਚਣ ਦੀ ਲੋੜ ਹੈ, ਪਰ ਆਓ ਅਜਿਹਾ ਅਸੀਂ ਅਗਲੀ ਜ਼ਰੂਰਤ ਦੇ ਸੰਦਰਭ ਵਿੱਚ ਕਰੀਏ।

*ਤੀਜੀ, ਦਾਊਦ ਨੂੰ ਮਾਫੀ ਦੀ ਤਸੱਲੀ ਦੀ ਜ਼ਰੂਰਤ ਸੀ।* ਉਹ ਇਸ ਤਸੱਲੀ ਤੋਂ ਬਿਨਾ ਅਗਾਹਾਂ ਨਹੀਂ ਜਾ ਸਕਦਾ ਸੀ ਕਿ ਉਸ ਦੇ ਪਾਪ ਮਾਫ ਹੋ ਗਏ ਹਨ। ਜ਼ਬੂਰ 51:11 ਵਿੱਚ ਉਸ ਨੇ ਪਰਮੇਸ਼ੁਰ ਨੂੰ ਆਖਿਆ ਕਿ ਉਹ ਆਪਣੀ ਹਜ਼ੂਰੀ ਅਰਥਾਤ ਆਪਣੇ ਪਵਿੱਤਰ ਆਤਮਾ ਨੂੰ ਉਸ ਦੇ ਕੋਲੋਂ ਨਾ ਲਵੇ। ਦਾਊਦ ਵੇਖ ਚੁੱਕਾ ਸੀ ਕਿ ਜਦੋਂ ਸ਼ਾਊਲ ਕੋਲੋਂ ਪਰਮੇਸ਼ੁਰ ਦਾ ਆਤਮਾ ਲੈ ਲਿਆ ਗਿਆ ਸੀ ਤਾਂ ਉਸ ਦੀ ਕੀ ਹਾਲਤ ਹੋਈ ਸੀ (1 ਸਮੂਏਲ 16:14-23)। ਸ਼ਾਊਲ ਸੱਚਮੁੱਚ ਪਾਗਲ ਹੋ ਗਿਆ ਸੀ। ਕਿੰਨੀ ਹੀ ਵਾਰੀ ਦਾਊਦ ਰਾਤ ਵੇਲੇ ਸ਼ਾਊਲ ਲਈ ਬਰਬਤ ਵਜਾਉਂਦਾ ਹੁੰਦਾ ਸੀ ਕਿ ਉਸ ਨੂੰ ਕੁਝ ਅਰਾਮ ਮਿਲ ਸਕੇ। ਦਾਊਦ ਹੁਣ ਪੁਕਾਰ ਰਿਹਾ ਸੀ, "ਮੇਰੇ ਨਾਲ ਉਹੋ ਜਿਹਾ ਨਾ ਹੋਣ ਦੇ!" ਅਜਿਹਾ ਨਹੀਂ ਹੋਇਆ। ਪਰਮੇਸ਼ੁਰ ਨੇ ਉਸ ਨੂੰ ਮਾਫੀ

ਦੀ ਤਸੱਲੀ ਦੇ ਦਿੱਤੀ। "ਨਾਥਾਨ ਨੇ ਦਾਊਦ ਨੂੰ ਆਖਿਆ, 'ਯਹੋਵਾਹ ਨੇ ਵੀ ਤੇਰਾ ਪਾਪ ਬਖਸ਼ਿਆ ਸੋ ਤੂੰ ਨਾ ਮਰੇਂਗਾ'" (2 ਸਮੂਏਲ 12:13)। ਜ਼ਬੂਰ 32:1, 2, 5 ਵਿਚਲੇ ਅਨੰਦ ਨੂੰ ਵੇਖੋ:

> ਧੰਨ ਹੈ ਉਹ ਜਿਹ ਦਾ ਅਪਰਾਧ ਖਿਮਾ ਹੋ ਗਿਆ,
> ਜਿਹ ਦਾ ਪਾਪ ਢੱਕਿਆ ਹੋਇਆ ਹੈ!
> ਧੰਨ ਹੈ ਉਹ ਆਦਮੀ ਜਿਹ ਦੀ ਬਦੀ ਯਹੋਵਾਹ ਉਹ ਦੇ ਲੇਖੇ ਨਹੀਂ ਲਾਉਂਦਾ,
> ਅਤੇ ਜਿਹ ਦੇ ਆਤਮਾ ਵਿੱਚ ਕਪਟ ਨਹੀਂ . . .
> ਮੈਂ ਤੇਰੇ ਅੱਗੇ ਆਪਣੇ ਪਾਪ ਦਾ ਇਕਰਾਰ ਕੀਤਾ,
> ਅਤੇ ਆਪਣੀ ਬਦੀ ਨਹੀਂ ਲੁਕਾਈ।
> ਮੈਂ ਆਖਿਆ ਕਿ ਮੈਂ ਆਪਣੇ ਅਪਰਾਧਾਂ ਨੂੰ ਯਹੋਵਾਹ ਦੇ ਅੱਗੇ ਮੰਨ ਲਵਾਂਗਾ,
> ਤਾਂ ਤੈਂ ਆਪ ਮੇਰੇ ਪਾਪ ਦੀ ਬਦੀ ਨੂੰ ਚੁੱਕ ਲਿਆ।

ਦਾਊਦ ਇਸ ਦੇ ਲਾਇਕ ਨਹੀਂ ਸੀ, ਪਰ ਪਰਮੇਸ਼ੁਰ ਨੇ ਆਪਣੀ ਅਸੀਮ ਕਿਰਪਾ ਸਦਕਾ ਉਸ ਨੂੰ ਮਾਫ ਕਰ ਦਿੱਤਾ। ਪਰਮੇਸ਼ੁਰ ਅਜਿਹਾ ਇਸ ਕਰਕੇ ਕਰ ਸਕਿਆ, ਕਿਉਂਕਿ ਦਾਊਦ ਦਾ ਹਿਰਦਾ ਤੋੜਿਆ ਜਾ ਸਕਦਾ ਸੀ, ਕਿਉਂਕਿ ਦਾਊਦ ਨੇ ਤੋਬਾ ਕੀਤੀ ਸੀ ਅਤੇ ਪਰਮੇਸ਼ੁਰ ਕੋਲ ਮੁੜ ਆਇਆ ਸੀ।

ਸ਼ਾਊਲ ਅਤੇ ਦਾਊਦ ਵਿੱਚ ਇਹੋ ਭਿੰਨਤਾ ਸੀ। ਸਾਡੇ ਨਜ਼ਰੀਏ ਤੋਂ, ਸ਼ਾਊਲ ਦਾ ਪਾਪ ਦਾਊਦ ਦੇ ਪਾਪ ਜਿੰਨਾ ਭਾਰਾ ਨਹੀਂ ਸੀ। ਪਰ ਸ਼ਾਊਲ ਦਾ ਹਿਰਦਾ ਅਜਿਹਾ ਨਹੀਂ ਸੀ ਕਿ ਪਰਮੇਸ਼ੁਰ 'ਤੇ ਟਿਕਿਆ ਰਹਿੰਦਾ। ਸ਼ਾਊਲ ਰਾਜਨੀਤੀ, ਲਾਭ, ਸਤਿਕਾਰ, ਪਰਤਾਪ ਅਤੇ ਇੱਕ ਰਾਜਵੰਸ਼ ਸਥਾਪਿਤ ਕਰਨ ਉੱਤੇ ਕੇਂਦ੍ਰਿਤ ਸੀ। ਦਾਊਦ ਪਰਮੇਸ਼ੁਰ ਉੱਤੇ—ਅਤੇ ਉਸ ਦੇ ਨਾਲ ਆਪਣੇ ਸੰਬੰਧ ਉੱਤੇ—ਕੇਂਦ੍ਰਿਤ ਸੀ। ਉਨ੍ਹਾਂ ਦਿਆਂ ਹਿਰਦਿਆਂ ਵਿੱਚ ਭਿੰਨਤਾ ਦੇ ਕਾਰਨ, ਸ਼ਾਊਲ ਨੂੰ ਮਾਫੀ ਦੀ ਕੋਈ ਤਸੱਲੀ ਨਹੀਂ ਮਿਲੀ; ਜਦਕਿ ਦਾਊਦ ਨੂੰ ਮਿਲੀ।

ਜਦੋਂ ਸਾਡੇ ਜੀਵਨ ਪਾਪ ਦੇ ਕਾਰਨ ਬੇਕਾਬੂ ਹੋ ਜਾਂਦੇ ਹਨ, ਤਾਂ ਸਾਨੂੰ ਇਸ ਤਸੱਲੀ ਤੋਂ ਵਧੇਰੇ ਹੋਰ ਕਿਸੇ ਚੀਜ਼ ਦੀ ਲੋੜ ਨਹੀਂ ਕਿ ਜੇਕਰ ਅਸੀਂ ਪਰਮੇਸ਼ੁਰ ਕੋਲ ਮੁੜ ਆਈਏ ਤਾਂ ਉਹ ਸਾਨੂੰ ਮਾਫ ਕਰ ਸਕਦਾ ਹੈ ਅਤੇ ਕਰ ਦਵੇਗਾ। ਇਹ ਗੱਲ ਸਾਨੂੰ ਆਸ ਅਤੇ ਤਾਕਤ ਦੇ ਸਕਦੀ ਹੈ। ਨਾਲ ਹੀ, ਇਹ ਵਿਸ਼ਵਾਸ ਕਰਨਾ ਔਖਾ ਹੋ ਸਕਦਾ ਹੈ ਕਿ ਪਰਮੇਸ਼ੁਰ ਸਾਨੂੰ ਮਾਫ ਕਰ ਦਵੇਗਾ। ਜੇਕਰ ਤੁਹਾਨੂੰ ਅਜਿਹਾ ਹੀ ਜਾਪਦਾ ਹੈ ਤਾਂ ਤੁਹਾਨੂੰ ਆਪਣੇ ਆਪ ਤੋਂ ਇਹ ਪੁੱਛਣ ਦੀ ਲੋੜ ਹੈ: "ਕੀ *ਮੇਰਾ* ਜੀਵਨ ਦਾਊਦ ਦੇ ਜੀਵਨ ਨਾਲੋਂ ਜ਼ਿਆਦਾ ਮਾੜੀ ਦਸ਼ਾ ਵਿੱਚ ਹੈ, ਇੱਕ ਅਜਿਹਾ ਜੀਵਨ, ਜਿਸ ਉੱਤੇ ਲਾਲਚ, ਵਿਭਚਾਰ, ਝੂਠ ਅਤੇ ਹੱਤਿਆ ਦੇ ਦਾਗ ਲੱਗੇ ਸਨ?" ਜੇਕਰ ਪਰਮੇਸ਼ੁਰ ਦਾਊਦ ਨੂੰ ਮਾਫ ਕਰ ਸਕਦਾ ਹੈ, ਤਾਂ ਉਹ ਤੁਹਾਨੂੰ ਵੀ ਮਾਫ ਕਰ ਸਕਦਾ ਹੈ!

ਇਹ ਸੁਨੇਹਾ ਕੇਵਲ ਪੁਰਾਣੇ ਨੇਮ ਤੱਕ ਹੀ ਸੀਮਿਤ ਨਹੀਂ ਹੈ। ਰੋਮੀਆਂ 4:6-8 ਵਿੱਚ ਪੌਲੁਸ ਜ਼ਬੂਰ 32:1, 2 ਵਿੱਚੋਂ ਦਾਊਦ ਦੇ ਵਚਨਾਂ ਨੂੰ ਬਿਆਨ ਕਰਦਾ ਹੈ, ਜੋ ਪਰਮੇਸ਼ੁਰ ਦੀ ਮਾਫੀ ਦੇ ਅਨੰਦ ਨੂੰ ਦਰਸ਼ਾਉਂਦੇ ਹਨ। ਦਾਊਦ ਨੇ ਆਖਿਆ, ਦਰਅਸਲ, "ਮੈਂ ਇਸ ਨੂੰ ਇਸ ਕਰਕੇ ਜਾਣਦਾ ਹਾਂ, ਕਿਉਂਕਿ ਇਹ ਮੇਰੇ ਨਾਲ ਵਾਪਰਿਆ ਹੈ!" ਇਸ ਜ਼ਬੂਰ ਦਾ ਹਵਾਲਾ ਦਿੰਦਿਆਂ ਪੌਲੁਸ ਆਖ ਰਿਹਾ ਹੈ, "ਇਹ *ਅੱਜ ਵੀ* ਸੱਚ ਹੈ।"

ਪਹਿਲਾਂ ਵੀ ਮੈਂ ਇਸ ਗੱਲ ਉੱਤੇ ਜੋਰ ਦਿੱਤਾ ਸੀ ਕਿ ਹਰੇਕ ਵਿਅਕਤੀ ਨੂੰ ਅਜਿਹੇ ਇੱਕ ਮਿੱਤਰ ਦੀ ਜ਼ਰੂਰਤ ਹੈ, ਜੋ ਉਨ੍ਹਾਂ ਦੇ ਮੌਜੂਦਾ ਹਾਲਾਤ ਬਾਰੇ ਉਨ੍ਹਾਂ ਦੇ ਨਾਲ ਪੂਰੀ ਤਰ੍ਹਾਂ ਇਮਾਨਦਾਰ ਹੋਵੇ। ਹਰੇਕ ਵਿਅਕਤੀ ਨੂੰ ਇੱਕ ਹੋਰ ਚੀਜ਼ ਜਾਣਨ ਦੀ ਵੀ ਲੋੜ ਹੈ—ਜਦੋਂ ਉਹ ਤੋਬਾ ਕਰਦਾ ਹੈ ਅਤੇ ਆਪਣੇ ਜੀਵਨ ਨੂੰ ਬਦਲਦਾ ਹੈ, ਉਸ ਨੂੰ ਮਾਫੀ ਮਿਲ ਜਾਂਦੀ ਹੈ।

ਕਈ ਵਰ੍ਹਿਆਂ ਤੋਂ ਮੈਨੂੰ ਅਜਿਹੀਆਂ ਮੰਡਲੀਆਂ ਵਿੱਚ ਪ੍ਰਚਾਰ ਕਰਨ ਦੇ ਮੌਕੇ ਮਿਲਦੇ ਆਏ ਹਨ, ਜਿਨ੍ਹਾਂ ਵਿੱਚ ਬਾਈਬਲ ਦੀ ਸਿੱਖਿਆ ਅਤੇ ਨੈਤਿਕ ਪਹਿਲੂਆਂ ਬਾਰੇ ਸਹੀ ਅਤੇ ਗਲਤ ਬਾਰੇ ਡੂੰਘੀਆਂ ਧਾਰਣਾਵਾਂ ਰਹੀਆਂ ਹਨ। ਇਹ ਆਖ ਕੇ ਮੈਨੂੰ ਬੇਹੱਦ ਖੁਸ਼ੀ ਹੁੰਦੀ ਹੈ ਕਿ ਜਿਹੜੀਆਂ ਮੰਡਲੀਆਂ ਪਰਮੇਸ਼ੁਰ ਦੀ ਕਿਰਪਾ ਅਤੇ ਦਇਆ ਉੱਤੇ ਵਿਸ਼ਵਾਸ ਕਰਦੀਆਂ ਸਨ, ਉਹ ਮੰਡਲੀਆਂ ਉਨ੍ਹਾਂ ਲੋਕਾਂ ਦੇ ਪ੍ਰਤੀ ਪ੍ਰੇਮੀ ਅਤੇ ਖਿਮਾਵਾਨ ਸਨ ਜੋ ਆਪਣੇ ਪਾਪਾਂ ਨੂੰ ਮੰਨ ਲੈਂਦੇ ਸਨ ਅਤੇ ਪ੍ਰਭੂ ਵੱਲ ਮੁੜ ਜਾਂਦੇ ਸਨ।

ਜਿਹੜੀਆਂ ਮੰਡਲੀਆਂ ਪਾਪੀਆਂ ਨੂੰ ਕੇਵਲ ਇਸ ਕਰਕੇ ਸਵੀਕਾਰ ਕਰਨ ਤੋਂ ਮਨ੍ਹਾ ਕਰ ਦਿੰਦੀਆਂ ਹਨ, ਕਿ ਕਿਤੇ ਉਨ੍ਹਾਂ ਦੀ ਸਿੱਧਤਾ ਉੱਤੇ ਕੋਈ ਦਾਗ ਨਾ ਲੱਗ ਜਾਵੇ, ਉਨ੍ਹਾਂ ਲਈ ਘਮੰਡੀ, ਪ੍ਰੇਮਹੀਣ ਅਤੇ ਨਿਆਂਕਾਰੀ ਅਖਵਾ ਕੇ ਵੀ ਨਾਮ ਕਮਾਉਣਾ ਸੌਖਾ ਹੈ। ਮੈਨੂੰ ਉਮੀਦ ਹੈ ਕਿ ਜਦੋਂ ਮੈਂ ਤੁਹਾਨੂੰ ਇਹ ਦੱਸਾਂਗਾ ਕਿ ਅਸੀਂ ਸਾਰੇ ਇੱਕੋ ਜਿਹੇ ਸੰਘਰਸ਼ਾਂ ਵਿੱਚੋਂ ਦੀ ਲੰਘਦੇ ਹਾਂ, ਤਾਂ ਤੁਹਾਨੂੰ ਹੈਰਾਨੀ ਨਹੀਂ ਹੋਵੇਗੀ। ਕੋਈ ਇਸ ਸਮੱਸਿਆ ਨਾਲ ਸੰਘਰਸ਼ ਕਰਦਾ ਹੈ, ਕੋਈ ਉਸ ਨਾਲ (ਯਾਕੂਬ 1:14)। ਅਸੀਂ ਹਰੇਕ ਵਿਅਕਤੀ ਨੂੰ ਇਹ ਚੁਣੌਤੀ ਦੇਣ ਦਾ ਜਤਨ ਕਰਦੇ ਰਹਿੰਦੇ ਹਾਂ ਕਿ ਉਹ *ਠੀਕ* ਉਹੀ ਕਰੇ ਜੋ ਪਰਮੇਸ਼ੁਰ ਆਖਦਾ ਹੈ, ਕਿਉਂਕਿ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪਰਮੇਸ਼ੁਰ ਇਸ ਨੂੰ ਕਿਸੇ ਹੋਰ ਤਰੀਕੇ ਨਾਲ ਨਹੀਂ ਕਰਵਾਉਣਾ ਚਾਹੇਗਾ (ਮੱਤੀ 5:48; 7:21-23); ਪਰ ਅਸੀਂ ਇਹ ਵੀ ਕਬੂਲ ਕਰਦੇ ਹਾਂ ਕਿ ਅਸੀਂ ਆਪ ਅਜਿਹਾ ਨਹੀਂ ਪਾਉਂਦੇ। ਜਦੋਂ ਅਸੀਂ ਪਾਪ ਕਰਦੇ ਹਾਂ, ਅਸੀਂ ਤੋਬਾ ਕਰਦੇ ਹਾਂ ਅਤੇ ਆਪਣੇ ਪਾਪ ਮੰਨ ਲੈਂਦੇ ਹਾਂ ਅਤੇ ਪਰਮੇਸ਼ੁਰ ਤੋਂ ਮਾਫੀ ਮੰਗਦੇ ਹਾਂ (ਰਸੂਲਾਂ ਦੇ ਕਰਤੱਬ 8:22; 1 ਯੂਹੰਨਾ 1:9) ਅਤੇ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪਰਮੇਸ਼ੁਰ ਸਾਨੂੰ ਮਾਫੀ ਦੇ ਦਿੰਦਾ ਹੈ। ਸਾਡੀ ਆਸ ਸਾਡੀ ਸਿੱਧਤਾ ਵਿੱਚ ਨਹੀਂ, ਸਗੋਂ ਪਰਮੇਸ਼ੁਰ ਦੀ ਕਿਰਪਾ ਅਤੇ ਦਇਆ ਵਿੱਚ ਹੈ। ਅਸੀਂ ਸਾਰੇ ਸੰਘਰਸ਼ਾਂ ਵਿੱਚੋਂ ਦੀ ਲੰਘਦੇ ਹਾਂ, ਇੱਕ ਦੂਜੇ ਨੂੰ ਤਸੱਲੀ ਦਿੰਦੇ ਹਾਂ ਅਤੇ ਇੱਕ ਦੂਜੇ ਨੂੰ ਹੌਂਸਲਾ ਦਿੰਦੇ ਹਾਂ।

ਹਾਂ, ਦਾਊਦ ਨੂੰ ਮਾਫੀ ਦੀ ਤਸੱਲੀ ਪ੍ਰਾਪਤ ਕਰਨ ਦੀ ਲੋੜ ਸੀ ਅਤੇ ਇਸ ਦੀ ਲੋੜ ਸਾਨੂੰ ਵੀ ਹੈ। ਉਸ ਨੂੰ ਇੱਕ ਹੋਰ ਜ਼ਰੂਰਤ ਸੀ।

*ਚੌਥੀ, ਦਾਊਦ ਨੂੰ ਅਗਾਹਾਂ ਵਧਦੇ ਰਹਿਣ ਲਈ ਤਾਕਤ ਦੀ ਜ਼ਰੂਰਤ ਸੀ।* ਕਾਸ਼ ਕਿ ਮੈਂ ਅਜਿਹਾ ਆਖ ਸਕਦਾ, ਕਿ ਜਦੋਂ ਤੁਹਾਨੂੰ ਮਾਫੀ ਮਿਲ ਜਾਂਦੀ ਹੈ, ਤਾਂ ਮਸਲਾ ਉੱਥੇ ਹੀ ਖਤਮ ਹੋ ਜਾਂਦਾ ਹੈ—ਤਾਂ ਸਭਕੁਝ ਅਜਿਹਾ ਹੋ ਜਾਵੇਗਾ ਕਿ ਤੁਹਾਡੇ ਜੀਵਨ ਵਿੱਚ ਉਹ ਪਾਪ ਵਾਪਰਿਆ ਹੀ ਨਹੀਂ ਸੀ। ਪਰ ਅਫਸੋਸ, ਕਿ ਅਜਿਹਾ ਨਹੀਂ ਹੁੰਦਾ। ਤੁਹਾਨੂੰ ਤੁਹਾਡੇ ਪਾਪ ਦੀ ਮਾਫੀ ਇੱਕ ਪਲ ਵਿੱਚ ਹੀ ਮਿਲ ਜਾਂਦੀ ਹੈ, ਪਰ ਸਾਰੇ ਹਾਲਾਤ ਸਹੀ ਹੋਣ ਵਿੱਚ ਕਈ ਵਰ੍ਹੇ ਵੀ ਲੱਗ ਸਕਦੇ ਹਨ (ਗਿਣਤੀ 32:23; ਗਲਾਤੀਆਂ 6:7)।

ਦਾਊਦ ਨੇ ਊਰਿੱਯਾਹ ਉੱਤੇ ਤਲਵਾਰ ਚਲਵਾਈ। ਹੁਣ ਉਸ ਨੂੰ ਉਹ ਵੱਢਣਾ ਪੈਣਾ ਸੀ ਜੋ ਉਸ ਨੇ ਬੀਜਿਆ ਸੀ: "ਸੋ ਹੁਣ ਤੇਰੇ ਘਰ ਉੱਤੋਂ ਤਲਵਾਰ ਕਦੀ ਨਾ ਹਟੇਗੀ ਕਿਉਂ ਜੋ ਤੈਂ ਮੈਨੂੰ ਤੁੱਛ ਜਾਣਿਆ ਅਤੇ ਹਿੱਤੀ ਊਰਿੱਯਾਹ ਦੀ ਪਤਨੀ ਨੂੰ ਲੈ ਕੇ ਆਪਣੀ ਪਤਨੀ ਬਣਾਇਆ" (2 ਸਮੂਏਲ 12:10)। ਦੋਸ਼ ਦੀ ਮਾਫੀ ਮਿਲ ਗਈ, ਪਰ ਨਤੀਜੇ ਲੰਮੇ ਸਮੇਂ ਤੱਕ ਭੋਗਣੇ ਪਏ।

ਇਸ ਕਹਾਣੀ ਤੋਂ ਪਰਦਾ 12 ਅਧਿਆਇ ਦੇ ਬਾਕੀ ਹਿੱਸੇ ਅਤੇ 13 ਅਧਿਆਇ ਵਿੱਚ ਉੱਠਦਾ ਹੈ। ਨਿਰਦੋਸ਼ ਭੁਗਤਦੇ ਹਨ: ਤਾਮਾਰ ਦਾ ਬਲਾਤਕਾਰ ਹੁੰਦਾ ਹੈ। ਦਾਊਦ ਆਪਣੇ ਬੱਚਿਆਂ ਦਾ ਆਦਰ ਗੁਆ ਬੈਠਦਾ ਹੈ। ਅਬਸ਼ਾਲੋਮ ਅਮਨੋਨ ਦੀ ਹੱਤਿਆ ਕਰ ਦਿੰਦਾ ਹੈ; ਅਬਸ਼ਾਲੋਮ ਵਿਦ੍ਰੋਹ ਕਰਦਾ ਹੈ ਅਤੇ ਮਾਰ ਦਿੱਤਾ ਜਾਂਦਾ ਹੈ। ਪਰਮੇਸ਼ੁਰ ਦੀ ਬਦਨਾਮੀ ਹੁੰਦੀ ਹੈ (2 ਸਮੂਏਲ 12:14)। ਤਲਵਾਰ ਬਾਰ-ਬਾਰ ਲਿਸ਼ਕਾਰੇ ਮਾਰਦੀ ਰਹੀ।

ਇਹ ਸੱਚ ਹੈ ਕਿ ਪਾਪ ਭਿਆਣਕ ਹੈ! ਇਹ ਐਨਾ ਭਿਆਣਕ ਹੈ ਕਿ ਇਸ ਦੀ ਮਾਫੀ ਮਿਲਣ ਤੋਂ ਬਾਅਦ ਵੀ ਇਸ ਦੀ ਧਮਕ ਬਹੁਤ ਦੇਰ ਤੱਕ ਰਹਿੰਦੀ ਹੈ! ਸਾਡੇ ਪ੍ਰਭਾਵ ਉੱਤੇ ਮਾੜਾ ਅਸਰ ਪੈਂਦਾ ਹੈ। ਪਰਿਵਾਰ ਅਤੇ ਮਿੱਤਰਾਂ ਵਰਗੇ ਨਿਰਦੋਸ਼ ਲੋਕਾਂ ਨੂੰ ਕਸ਼ਟ ਭੋਗਣੇ ਪੈਂਦੇ ਹਨ। ਤਲਵਾਰ ਆਉਣ ਵਾਲੇ ਕਈ ਵਰ੍ਹਿਆਂ ਤੱਕ ਵੱਢਦੀ ਰਹਿ ਸਕਦੀ ਹੈ।

ਇਸ ਵਿੱਚ ਕੋਈ ਹੈਰਾਨੀ ਨਹੀਂ ਹੈ ਕਿ ਕਿਉਂ ਅਸੀਂ ਆਪਣੇ ਨੌਜਵਾਨਾਂ ਨੂੰ ਆਖਦੇ ਹਾਂ: ਪਾਪ ਤੋਂ ਦੂਰ ਰਹੋ। ਜਵਾਨੀ ਦੀਆਂ ਤਾਂਘਾਂ ਤੁਹਾਨੂੰ ਪਾਪ ਵੱਲ ਨਾ ਲੈ ਜਾਣ। ਪ੍ਰਲੋਭਣਾਂ ਤੋਂ ਬਚੋ। ਨਤੀਜੇ ਬਹੁਤ ਮਾੜੇ ਹੁੰਦੇ ਹਨ!

ਇਸ ਕਰਕੇ ਦਾਊਦ ਨੂੰ ਲਗਾਤਾਰ ਮਿਲਦੇ ਰਹਿਣ ਵਾਲੀ ਤਾਕਤ ਦੀ ਲੋੜ ਸੀ, ਤਾਂ ਜੋ ਉਹ ਰੋਜਾਨਾ ਦੀ ਜਿੰਦਗੀ ਜੀ ਸਕੇ। ਦਾਊਦ ਅਜਿਹਾ ਕਿਵੇਂ ਕਰ ਸਕਿਆ? ਉਸ ਨੂੰ ਮਾਫੀ ਦਾ ਅਹਿਸਾਸ ਹੁੰਦਾ ਰਿਹਾ (ਜ਼ਬੂਰ 32:1, 2)। ਹੁਣ ਜਦ ਕਿ ਪਰਮੇਸ਼ੁਰ ਅਤੇ ਉਸ ਦੇ ਵਿਚਕਾਰ ਸੰਬੰਧ ਦੁਬਾਰਾ ਠੀਕ ਹੋ ਗਿਆ ਹੈ, ਉਹ ਅੱਗੇ ਵੱਧ ਸਕਦਾ ਸੀ। ਪਰਮੇਸ਼ੁਰ ਵਿੱਚ ਉਸ ਦੇ ਵਿਸ਼ਵਾਸ ਅਤੇ ਭਰੋਸੇ ਸਦਕਾ ਉਸ ਨੂੰ ਤਾਕਤ ਮਿਲੀ ਸੀ। ਉਸ ਦਾ ਪਰਮੇਸ਼ੁਰ ਉਸ ਦੀ ਮਦਦ ਕਰੇਗਾ (ਜ਼ਬੂਰ 32:7)।

ਹੋਰ ਗੱਲਾਂ ਨੇ ਵੀ ਉਸ ਦੀ ਮਦਦ ਕੀਤੀ *ਹੋਵੇਗੀ*। ਉਦਾਹਰਣ ਵਜੋਂ, ਅਜਿਹਾ ਜਾਪਦਾ ਹੈ ਕਿ ਨਾਥਾਨ ਉਸ ਦਾ ਮਿੱਤਰ ਬਣਿਆ ਰਿਹਾ। ਨਾਥਾਨ ਉਸ ਦੀ ਕਹਾਣੀ ਵਿੱਚ ਕਈ ਵਾਰ ਫਿਰ ਦਿਖਾਈ ਦਿੰਦਾ ਹੈ (2 ਸਮੂਏਲ 12:25; 1 ਰਾਜਾ 1)। ਹੋ ਸਕਦਾ ਹੈ ਕਿ ਉਸ ਨੇ ਜਾਂ ਉਸ ਵਰਗੇ ਕਿਸੇ ਹੋਰ ਵਿਅਕਤੀ ਨੇ ਦਾਊਦ ਦੇ ਬੁਰੇ ਦਿਨਾਂ ਵਿੱਚ ਉਸ ਦੀ ਮਦਦ ਕੀਤੀ ਹੋਵੇਗੀ।

ਇਹੋ ਗੱਲਾਂ ਸਾਨੂੰ ਵੀ ਲੋੜ ਪੈਣ ‘ਤੇ ਤਾਕਤ ਦੇ ਸਕਦੀਆਂ ਹਨ। ਜੇਕਰ ਅਸੀਂ ਤੋਬਾ ਕਰ ਲਈਏ ਅਤੇ ਪਰਮੇਸ਼ੁਰ ਦੀ ਇੱਛਾ ਪੂਰੀ ਕਰੀਏ, ਤਾਂ ਸਾਨੂੰ ਵੀ ਮਾਫੀ ਦੀ ਪ੍ਰਤਿੱਗਿਆ ਦਿੱਤੀ ਗਈ ਹੈ (ਰਸੂਲਾਂ ਦੇ ਕਰਤੱਬ 2:38; 8:22)। ਪਰਮੇਸ਼ੁਰ ਨੇ ਪ੍ਰਤਿੱਗਿਆ ਕੀਤੀ ਹੈ ਕਿ ਉਹ ਸਾਡੇ ਨਾਲ ਰਹੇਗਾ ਅਤੇ ਸਾਡੀ ਮਦਦ ਕਰੇਗਾ (ਇਬਰਾਨੀਆਂ 13:6)। ਪਰਮੇਸ਼ੁਰ ਨੇ ਲੋਕਾਂ ਦੇ ਇੱਕ ਸਮੂਹ ਵਜੋਂ ਇੱਕ ਹੋਰ ਪ੍ਰਬੰਧ ਵੀ ਕੀਤਾ ਹੈ, ਜੋ ਸਾਨੂੰ ਮਦਦ ਅਤੇ ਹੌਂਸਲਾ ਦੇ ਸਕਦੇ ਹਨ। ਜਦੋਂ ਅਸੀਂ ਵੇਖਿਆ ਹੈ ਕਿ ਨਾਥਾਨ ਜਾਂ ਹੋਰ ਲੋਕਾਂ ਨੇ ਦਾਊਦ ਦੀ ਮਦਦ ਕੀਤੀ, ਤਾਂ ਅਸੀਂ ਪਰਮੇਸ਼ੁਰ ਵੱਲੋਂ ਦਿੱਤੀ ਗਈ ਕਲੀਸੀਆ ਉੱਤੇ ਵੀ ਅਜਿਹਾ ਕਰਨ ਦਾ ਭਰੋਸਾ ਕਰ ਸਕਦੇ ਹਾਂ। ਸਾਨੂੰ ਪ੍ਰਭੂ ਦੀ ਕਲੀਸੀਆ ਦਾ ਹਿੱਸਾ ਬਣਨ ਦੀ ਲੋੜ ਹੈ (ਰਸੂਲਾਂ ਦੇ ਕਰਤੱਬ 2:38, 47; 1 ਕੁਰਿੰਥੀਆਂ 12:13; ਅਫਸੀਆਂ 1:22, 23; 5:23, 25)। ਸਾਨੂੰ ਇੱਕ ਮੰਡਲੀ ਦਾ ਹਿੱਸਾ ਬਣਨ ਦੀ ਲੋੜ ਹੈ, ਜਿੱਥੇ ਸਾਨੂੰ ਹੱਲਾਸ਼ੇਰੀ ਮਿਲ ਸਕੇ।

*ਨਿਚੋੜ।* ਆਮ ਤੌਰ ‘ਤੇ ਸਾਨੂੰ ਅਜਿਹੀਆਂ ਕਹਾਣੀਆਂ ਪਸੰਦ ਹਨ, ਜਿਨ੍ਹਾਂ ਦਾ ਅੰਤ ਖੁਸ਼ੀ ਭਰਿਆ ਹੁੰਦਾ ਹੈ। ਇਹ ਕਹਾਣੀ ਵੀ ਇਹੋ ਜਿਹੀ ਹੀ ਹੈ। ਦਾਊਦ ਨੇ ਆਪਣੀ ਜਿੰਦਗੀ ਵਿਗਾੜ ਲਈ, ਪਰ ਅੰਤ ਵਿੱਚ ਸਭਕੁਝ ਠੀਕ ਹੋ ਗਿਆ।

ਦਾਊਦ ਉੱਤੇ ਫਿਰ ਤੋਂ ਪਰਮੇਸ਼ੁਰ ਦੀ ਕਿਰਪਾ ਹੋਈ (ਵੇਖੋ 1 ਰਾਜਿਆਂ 11:12)। ਉਸ ਦੀ ਮੌਤ ਤੋਂ ਬਾਅਦ ਪਰਮੇਸ਼ੁਰ ਦੇ ਲੋਕਾਂ ਉੱਤੇ ਰਾਜ ਕਰਨ ਵਾਲੇ ਰਾਜਿਆਂ ਨੂੰ ਦਾਊਦ ਦੇ ਨਾਲ ਮਾਪਿਆ ਗਿਆ। ਜਦੋਂ ਯਿਸੂ ਆਇਆ, ਉਸ ਨੂੰ "ਦਾਊਦ ਦਾ ਪੁੱਤਰ" ਆਖਿਆ ਗਿਆ (ਮੱਤੀ 1:1; 9:27; 21:9)। ਜਦੋਂ ਉਹ ਧਰਤੀ ਨੂੰ ਛੱਡ ਕੇ ਚਲਿਆ ਗਿਆ ਅਤੇ ਸਵਰਗ ਵਿੱਚ ਰਾਜ ਕਰਨਾ ਸ਼ੁਰੂ ਕੀਤਾ, ਤਾਂ ਆਖਿਆ ਗਿਆ ਕਿ ਉਹ "ਦਾਊਦ ਦੇ ਸਿੰਘਾਸਣ" ਉੱਤੇ ਬੈਠਾ ਹੈ (ਰਸੂਲਾਂ ਦੇ ਕਰਤੱਬ 2:29-36)। ਦਾਊਦ ਦੀ ਮੌਤ ਤੋਂ ਲਗਭਗ ਇੱਕ ਹਜ਼ਾਰ ਵਰ੍ਹਿਆਂ ਬਾਅਦ ਵੀ ਦਾਊਦ ਨੂੰ ਪਰਮੇਸ਼ੁਰ ਦਾ ਮਨ ਭਾਉਂਦਾ ਵਿਅਕਤੀ ਆਖਿਆ ਜਾਂਦਾ ਸੀ (ਰਸੂਲਾਂ ਦੇ ਕਰਤੱਬ 13:22)।

ਮੈਂ ਨਹੀਂ ਜਾਣਦਾ ਕਿ ਇਸ ਵੇਲੇ ਤੁਹਾਡਾ ਜੀਵਨ ਕਿਸ ਹਾਲ ਵਿੱਚ ਹੈ, ਪਰ ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ: ਤੁਹਾਡਾ ਜੀਵਨ ਭਾਵੇਂ ਜਿਸ ਵੀ ਹਾਲ ਵਿੱਚ ਹੋਵੇ, ਤੁਹਾਡੀ ਕਹਾਣੀ ਦਾ ਅੰਤ ਖੁਸ਼ੀ ਭਰਿਆ ਹੋ ਸਕਦਾ ਹੈ—*ਜੇਕਰ* ਤੁਸੀਂ ਆਪਣੇ ਪਾਪ ਤੋਂ ਤੋਬਾ ਕਰਨ, ਪਾਪ ਤੋਂ ਮੁੜਨ ਅਤੇ ਪਰਮੇਸ਼ੁਰ ਦੀ ਇੱਛਾ ਪੂਰੀ ਕਰਨ ਲਈ ਤਿਆਰ ਹੋ।

## ਪਿਤਾ ਅਬਰਾਹਾਮ ਦੀਆਂ ਪੈੜਾਂ 'ਤੇ ਚੱਲਣਾ (4:12)

ਰੋਮੀਆਂ 4 ਵਿੱਚ ਸਾਨੂੰ ਦੱਸਿਆ ਗਿਆ ਹੈ ਕਿ "ਅਬਰਾਹਾਮ ਨੇ ਪਰਮੇਸ਼ੁਰ ਦੀ ਪਰਤੀਤ ਕੀਤੀ ਅਤੇ ਇਹ ਉਹ ਦੇ ਲਈ ਧਰਮ ਗਿਣੀ ਗਈ" (4:3)। ਫਿਰ ਸਾਨੂੰ ਚੁਣੌਤੀ ਦਿੱਤੀ ਗਈ ਹੈ ਕਿ ਅਸੀਂ "ਸਾਡੇ ਪਿਤਾ ਅਬਰਾਹਾਮ ਦੀ ਨਿਹਚਾ ਦੀ ਚਾਲ" ਚੱਲੀਏ (4:12)।[61] ਇਹ ਸ਼ਬਦ ਸਾਡੇ ਸਾਹਮਣੇ ਇੱਕ ਤਸਵੀਰ ਪੇਸ਼ ਕਰਦੇ ਹਨ ਕਿ ਕਿਵੇਂ ਇੱਕ ਬਾਲਕ ਆਪਣੇ ਪਿਤਾ ਦੇ ਮਗਰ-ਮਗਰ ਤੁਰ ਰਿਹਾ ਹੈ ਅਤੇ ਲੰਮੇ-ਲੰਮੇ ਕਦਮਾਂ ਨਾਲ ਆਪਣੇ ਪਿਤਾ ਦੇ ਪੈਰਾਂ ਦੇ ਨਿਸ਼ਾਨਾ ਉੱਤੇ ਆਪਣੇ ਪੈਰ ਰੱਖਣ ਦਾ ਜਤਨ ਕਰ ਰਿਹਾ ਹੈ।

ਇਸ ਦਾ ਕੀ ਅਰਥ ਹੈ ਕਿ ਅਸੀਂ "ਸਾਡੇ ਪਿਤਾ ਅਬਰਾਹਾਮ ਦੀ ਨਿਹਚਾ ਦੀ ਚਾਲ" ਚੱਲੀਏ? ਰੋਮੀਆਂ 4 ਦੇ ਆਖਰੀ ਹਿੱਸੇ ਵਿੱਚ ਪੌਲੁਸ ਅਬਰਾਹਾਮ ਦੇ ਵਿਸ਼ਵਾਸ ਦੇ ਸੁਭਾਅ ਬਾਰੇ ਗੱਲ ਕਰਦਾ ਹੈ। ਰਿਚਰਡ ਏ. ਬੇਟਈ ਲਿਖਦੇ ਹਨ ਕਿ "ਇੱਥੇ ਪੌਲੁਸ ਵਿਸ਼ਵਾਸ ਦੀ ਇੱਕ ਪਰਿਭਾਸ਼ਾ ਲਿਖਦਾ ਹੈ ਅਤੇ ਅਜਿਹਾ ਉਸ ਨੇ ਆਪਣੀਆਂ ਲਿਖਤਾਂ ਵਿੱਚ ਹੋਰ ਕਿਤੇ ਨਹੀਂ ਕੀਤਾ ਹੈ।[62] ਉਸ ਦੀ ਪਰਿਭਾਸ਼ਾ ਪਰਤੱਖ ਤੌਰ 'ਤੇ ਜਾਂ ਸਾਹਿਤਕ ਭਾਸ਼ਾ ਵਿੱਚ ਨਹੀਂ ਲਿਖੀ ਗਈ ਹੈ, ਸਗੋਂ ਅਬਰਾਹਾਮ ਦੀ ਪ੍ਰਤਿਕ੍ਰਿਆ ਦੇ ਵੇਰਵੇ ਵਜੋਂ ਲਿਖੀ ਗਈ ਹੈ, ਜਿਸ ਵਿੱਚ ਵਿਸ਼ਵਾਸ ਦਾ ਸੁਭਾਅ ਸਪੱਸ਼ਟ ਕੀਤਾ ਗਿਆ ਹੈ।"[63]

ਇਹ ਆਇਤਾਂ ਅਬਰਾਹਾਮ ਦੇ ਵਿਸ਼ਵਾਸ ਬਾਰੇ ਕੀ ਆਖਦੀਆਂ ਹਨ? (1) ਉਸ ਨੇ ਪਰਮੇਸ਼ੁਰ ਦੀ *ਸ਼ਖਸੀਅਤ* ਦੀ ਪਰਤੀਤ ਕੀਤੀ (4:17)। (2) ਉਸ ਨੇ ਪਰਮੇਸ਼ੁਰ ਦੀ *ਸ਼ਕਤੀ* ਦੀ ਪਰਤੀਤ ਕੀਤੀ, ਅਰਥਾਤ ਉਹ ਪਰਮੇਸ਼ੁਰ "ਜਿਹੜਾ ਮੁਰਦਿਆਂ ਨੂੰ ਜਿਵਾਲਦਾ ਹੈ" (4:17-19)। (3) ਉਸ ਨੇ ਪਰਮੇਸ਼ੁਰ ਦੀਆਂ *ਪ੍ਰਤਿੱਗਿਆਵਾਂ* ਦੀ ਪਰਤੀਤ ਕੀਤੀ ਅਤੇ ਉਸ 'ਤੇ ਭਰੋਸਾ ਕੀਤਾ ਕਿ ਜੋ ਵਚਨ ਉਸ ਨੇ ਬੋਲਿਆ ਹੈ, ਉਸ ਨੂੰ ਉਹ ਪੂਰਾ ਵੀ ਕਰੇਗਾ (4:20, 21)।

ਜੇਕਰ ਅਸੀਂ ਅਬਰਾਹਾਮ ਦੇ ਵਿਸ਼ਵਾਸ ਦੇ ਨਕਸ਼ੇਕਦਮਾਂ 'ਤੇ ਚੱਲਣਾ ਚਾਹੁੰਦੇ ਹਾਂ, ਤਾਂ ਜ਼ਰੂਰੀ ਹੈ ਕਿ ਅਸੀਂ ਨਾ ਕੇਵਲ ਆਪਣੇ ਚੁਫੇਰੇ ਵੇਖੀਏ, ਸਗੋਂ ਉਤਾਂਹ—ਪਰਮੇਸ਼ੁਰ ਵੱਲ—ਵੀ

ਵੇਖੀਏ। ਅਸੀਂ ਜੀਵਨ ਦੀਆਂ ਸਮੱਸਿਆਵਾਂ ਨੂੰ ਅਣਦੇਖਾ ਨਹੀਂ ਕਰਨਾ ਹੈ, ਪਰ ਅਸੀਂ ਉਨ੍ਹਾਂ ਨੂੰ ਆਪਣੇ ਉੱਤੇ ਹਾਵੀ ਹੋਣ ਤੋਂ ਰੋਕ ਸਕਦੇ ਹਾਂ। ਕਿਉਂਕਿ ਸਾਡਾ ਪਰਮੇਸ਼ੁਰ ਸ਼ਕਤੀਸ਼ਾਲੀ ਪਰਮੇਸ਼ੁਰ ਹੈ, ਇੱਕ ਪ੍ਰੇਮੀ ਪਿਤਾ ਹੈ। ਯਿਰਮਿਯਾਹ ਨੇ ਆਖਿਆ, "[ਪਰਮੇਸ਼ੁਰ] ਲਈ ਕੋਈ ਕੰਮ ਕਠਣ ਨਹੀਂ ਹੈ" (ਯਿਰਮਿਯਾਹ 32:17)। ਸਵਰਗਦੂਤ ਨੇ ਮਰਿਯਮ ਨੂੰ ਆਖਿਆ, "ਕਿਉਂਕਿ ਕੋਈ ਬਚਨ ਪਰਮੇਸ਼ੁਰ ਦੀ ਵੱਲੋਂ ਸ਼ਕਤੀਹੀਣ ਨਾ ਹੋਵੇਗਾ" (ਲੂਕਾ 1:37)। ਜ਼ਰੂਰੀ ਹੈ ਕਿ ਅਸੀਂ "ਨਿਹਚਾ ਦੇ ਨਾਲ, ਨਾ ਕਿ ਵੇਖਣ ਦੇ ਨਾਲ" ਚੱਲਣਾ ਸਿੱਖੀਏ (2 ਕੁਰਿੰਥੀਆਂ 5:7)।

## ਪਰਮੇਸ਼ੁਰ ਦੀ ਪਰਤੀਤ ਕਰਨਾ (4:17)

ਅਬਰਾਹਾਮ ਦਾ ਵਿਸ਼ਵਾਸ *ਆਪਣੇ ਆਪ* ਵਿੱਚ ਨਹੀਂ, ਪਰ *ਪਰਮੇਸ਼ੁਰ* ਵਿੱਚ ਸੀ। ਇੱਥੋਂ ਤੱਕ ਕਿ ਅਬਰਾਹਾਮ ਦਾ ਵਿਸ਼ਵਾਸ ਉਸ ਦੇ ਆਪਣੇ *ਵਿਸ਼ਵਾਸ* ਵਿੱਚ ਵੀ ਨਹੀਂ ਸੀ, ਪਰ ਪ੍ਰਭੂ ਵਿੱਚ ਸੀ। ਸਾਡੇ ਵਿੱਚੋਂ ਕੁਝ ਲੋਕ ਕੰਮਾਂ ਉੱਤੇ ਐਨਾ ਜ਼ਿਆਦਾ ਕੇਂਦ੍ਰਿਤ ਹੋ ਜਾਂਦੇ ਹਾਂ ਕਿ ਉਹ ਇਹ ਸੋਚਣ ਲੱਗ ਪੈਂਦੇ ਹਨ ਭਈ ਸਾਡੇ ਵਿਸ਼ਵਾਸ ਦੀ ਮਜਬੂਤੀ ਸਭ ਤੋਂ ਵੱਧ ਮਹੱਤਵ ਰੱਖਦੀ ਹੈ। ਵਿਸ਼ਵਾਸ "ਢਿੱਲਾ" (4:19) ਜਾਂ "ਤਕੜਾ" (4:20) ਹੋ ਸਕਦਾ ਹੈ[64] ਅਤੇ ਸਾਡੇ ਵਿਸ਼ਵਾਸ ਨੂੰ ਵਧਣ ਦੀ ਲੋੜ ਹੈ (ਵੇਖੋ 4:20)। ਪਰ ਫਿਰ ਵੀ, ਧਰਮੀ ਠਹਿਰਾਏ ਜਾਣ ਦੇ ਮਸਲੇ ਵਿੱਚ ਸਾਡੇ ਵਿਸ਼ਵਾਸ ਦੀ ਮਾਤਰਾ ਜਾਂ ਕੁਆਲਿਟੀ ਉੰਨੀ ਮਹੱਤਵਪੂਰਣ ਨਹੀਂ ਹੈ ਜਿੰਨਾ ਸਾਡੇ ਵਿਸ਼ਵਾਸ ਦਾ *ਕੇਂਦਰ* ਹੈ।

ਫਰਜ਼ ਕਰੋ ਕਿ ਤੁਸੀਂ ਇੱਕ ਚੌੜੀ ਖਾਈ ਕੋਲ ਪੁੱਜਦੇ ਹੋ ਅਤੇ ਤੁਸੀਂ ਉਸ ਨੂੰ ਪਾਰ ਕਰਨਾ ਹੈ। ਦੂਜੇ ਪਾਸੇ ਪੁੱਜਣ ਲਈ ਤਿੰਨ ਤਰੀਕਿਆਂ ਬਾਰੇ ਸੋਚੋ। ਤੁਸੀਂ ਛਾਲ ਮਾਰ ਕੇ ਦੂਜੇ ਪਾਸੇ ਜਾਣ ਦਾ ਜਤਨ ਕਰ ਸਕਦੇ ਹੋ; ਇਹ ਆਪਣੇ ਆਪ ਵਿੱਚ ਵਿਸ਼ਵਾਸ ਕਰਨ ਦਾ ਇੱਕ ਉਦਾਹਰਨ ਹੋ ਸਕਦਾ ਹੈ। (ਪਰ, ਤੁਸੀਂ ਸਿੱਧਾ ਖੱਡ ਦੀ ਡੂੰਘਿਆਈ ਵਿੱਚ ਜਾ ਡਿੱਗੋਗੇ!) ਦੂਜਾ ਤਰੀਕਾ ਇਹ ਹੋ ਸਕਦਾ ਹੈ ਕਿ ਇੱਕ ਰੱਸੇ ਦੀ ਵਰਤੋਂ ਕੀਤੀ ਜਾਵੇ, ਜਿਸ ਨੂੰ ਉਤਲੇ ਪਾਸੇ ਚੰਗੀ ਤਰ੍ਹਾਂ ਬੰਨਿਆ ਗਿਆ ਹੈ—ਇਹ ਰੱਸਾ ਐਨਾ ਲੰਮਾ ਹੈ ਕਿ ਇਸ ਦੇ ਸਹਾਰੇ ਝੂਲਦੇ ਹੋਏ ਤੁਸੀਂ ਖਾਈ ਪਾਰ ਕਰ ਸਕਦੇ ਹੋ। ਤੁਸੀਂ ਰੱਸੇ ਦਾ ਇੱਕ ਸਿਰਾ ਫੜਦੇ ਹੋ ਅਤੇ ਝੂਲਦੇ ਹੋਏ ਪਾਰ ਹੋ ਜਾਂਦੇ ਹੋ। ਇਸ ਤਰੀਕੇ ਵਿੱਚ ਵਿਸ਼ਵਾਸ ਦੇ ਦੁਹਰੇ ਕੇਂਦਰ ਦੀ ਲੋੜ ਪੈਂਦੀ ਹੈ: ਤੁਸੀਂ ਵਿਸ਼ਵਾਸ ਕਰ ਰਹੇ ਹੋ ਕਿ ਰੱਸਾ ਤੁਹਾਡੇ ਭਾਰ ਨੂੰ ਸਾਂਭ ਲਵੇਗਾ, ਪਰ ਤੁਸੀਂ ਆਪਣੇ ਆਪ ਵਿੱਚ ਵੀ ਵਿਸ਼ਵਾਸ ਕਰ ਰਹੇ ਹੋ—ਕਿ ਤੁਸੀਂ ਤਦ ਤੱਕ ਇਸ ਨੂੰ ਫੜੀ ਰੱਖ ਸਕਦੇ ਹੋ, ਜਦ ਤੱਕ ਕਿ ਤੁਸੀਂ ਪਾਰ ਨਹੀਂ ਲੰਘ ਜਾਂਦੇ। ਤੀਜੇ ਤਰੀਕੇ ਵਿੱਚ ਖਾਈ ਪਾਰ ਕਰਨ ਲਈ ਇੱਕ ਪੁਲ ਦਿੱਤਾ ਗਿਆ ਹੈ। ਤੁਸੀਂ ਪੁਲ ਤੋਂ ਤੁਰਦੇ ਹੋਏ ਪਾਰ ਲੰਘ ਜਾਂਦੇ ਹੋ ਕਿਉਂਕਿ ਤੁਸੀਂ ਵਿਸ਼ਵਾਸ ਕਰ ਰਹੇ ਹੋ ਕਿ ਪਾਰ ਲੰਘਦੇ ਵੇਲੇ ਪੁਲ ਤੁਹਾਡੇ ਭਾਰ ਨੂੰ ਸਾਂਭ ਲਵੇਗਾ। ਇੱਥੇ ਤੁਹਾਡਾ ਵਿਸ਼ਵਾਸ ਤੁਹਾਨੂੰ ਸਹਾਰਾ ਨਹੀਂ ਦੇ ਰਿਹਾ, ਪੁਲ ਦੇ ਰਿਹਾ ਹੈ। ਹੋ ਸਕਦਾ ਹੈ ਕਿ ਤੁਸੀਂ ਪੂਰੇ ਭਰੋਸੇ ਨਾਲ ਪਾਰ ਜਾਓ, ਜਾਂ ਇਹ ਵੀ ਹੋ ਸਕਦਾ ਹੈ ਕਿ ਤੁਸੀਂ ਘਬਰਾਉਂਦੇ ਹੋਏ ਪਾਰ ਜਾਓ। ਭਾਵੇਂ ਜੋ ਵੀ ਹੋਵੇ, ਇਹ ਤੁਹਾਡੇ ਵਿਸ਼ਵਾਸ ਦੀ ਮਾਤਰਾ ਜਾਂ ਕੁਆਲਿਟੀ ਨਹੀਂ ਹੈ ਜੋ ਤੁਹਾਨੂੰ ਸਾਂਭੇ ਰੱਖਦੀ ਹੈ, ਸਗੋਂ ਪੁਲ ਹੈ ਜੋ ਤੁਹਾਨੂੰ ਸਾਂਭਦਾ ਹੈ।

ਅਬਰਾਹਾਮ ਦੇ ਵਿਸ਼ਵਾਸ ਦਾ ਕੇਂਦਰ ਉਹ ਆਪ ਨਹੀਂ ਸੀ। ਇਹ ਉਸ ਦਾ ਆਪਣਾ

ਵਿਸ਼ਵਾਸ ਵੀ ਨਹੀਂ ਸੀ। (ਅਬਰਾਹਾਮ ਦੇ ਵਿਸ਼ਵਾਸ ਵਿੱਚ ਜ਼ਰਾ ਵੀ ਸਿੱਧਤਾ ਨਹੀਂ ਸੀ।) ਸਗੋਂ ਅਬਰਾਹਾਮ ਦਾ ਵਿਸ਼ਵਾਸ *ਪਰਮੇਸ਼ੁਰ* ਵਿੱਚ ਸੀ। ਉਸੇ ਤਰ੍ਹਾਂ ਸਾਡੇ ਵਿਸ਼ਵਾਸ ਦਾ ਕੇਂਦਰ ਵੀ ਪਰਮੇਸ਼ੁਰ ਹੋਣਾ ਚਾਹੀਦਾ ਹੈ। ਇੱਥੋਂ ਤੱਕ ਕਿ ਜਦੋਂ ਅਸੀਂ ਆਤਮਿਕ ਤੌਰ 'ਤੇ ਮੁਰਦਾ ਵੀ ਹੋਈਏ, ਉਹ ਸਾਨੂੰ ਜੀਵਨ ਦੇ ਸਕਦਾ ਹੈ (ਅਫਸੀਆਂ 2:5)। ਇੱਕ ਦਿਨ ਉਹ ਸਾਡੀਆਂ ਮ੍ਰਿਤ ਦੇਹਾਂ ਵਿੱਚ ਨਵਾਂ ਜੀਵਨ ਪਾਵੇਗਾ। ਇਸ ਤੋਂ ਇਲਾਵਾ, ਉਹ ਇਸ ਯੋਗ ਹੈ ਕਿ ਸਾਨੂੰ ਵੇਖ ਕੇ ਸਾਡੇ ਜੀਵਨ ਵਿਚਲੀਆਂ ਸੰਭਾਵਨਾ ਨੂੰ ਵੇਖ ਸਕੇ, ਇੱਥੋਂ ਤੱਕ ਕਿ ਉਦੋਂ ਵੀ ਜਦੋਂ ਅਸੀਂ ਪਾਪੀ ਹੁੰਦੇ ਹਾਂ ਅਤੇ "ਅਣਹੋਈਆਂ ਵਸਤਾਂ ਨੂੰ ਇਉਂ ਸੱਦੇ ਭਈ ਜਾਣੋ ਓਹ ਸਨਮੁੱਖ ਹਨ" (4:17)।

---

ਟਿੱਪਣੀਆਂ

[1]ਜੇਮਸ ਆਰ. ਐਡਵਰਡਜ਼, *ਰੋਮਨਸ,* ਨਿਊ ਇੰਟਰਨੈਸ਼ਨਲ ਬਿਬਲਿਕਲ ਕਮੈਂਟ੍ਰੀ (ਪੀਬੌਡੀ, ਮਾਸੇਚਿਯੁਸੇਟਸ: ਹੈਂਡ੍ਰਿਕਸਨ ਪਬਲਿਸ਼ਰਜ਼, 1992), 112. ਇਸ ਮਸਲੇ ਉੱਤੇ ਯਹੂਦੀ ਕਹਾਵਤਾਂ ਦਾ ਇੱਕ ਨਮੂਨਾ ਡਗਲਸ ਜੇ. ਮੂ, *ਰੋਮਨਸ,* ਦੀ NIV ਐਪਲਿਕੇਸ਼ਨ ਕਮੈਂਟ੍ਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡਰਵਨ ਪਬਲਿਸ਼ਿੰਗ ਹਾਉਸ, 2000), 147 ਵਿੱਚ ਦਿਖਾਈ ਦਿੰਦਾ ਹੈ। [2]*ਲੋਗੀਜੋਮਾਈ* ਦਾ ਮੂਲ λέγω (*ਲੇਗੋ,* "ਮੈਂ ਆਖਦਾ ਹਾਂ") ਹੈ ਅਤੇ ਇਹ ਸ਼ਬਦ λόγος (*ਲੋਗੋਸ,* "ਸ਼ਬਦ") ਨਾਲ ਸੰਬੰਧਤ ਹੈ। [3]*ਲੋਗੀਜੋਮਾਈ* ਦਾ ਅਨੁਵਾਦ 2:26 ਵਿੱਚ "ਗਿਣੀ" ਅਤੇ 3:28 ਵਿੱਚ "ਵਿਚਾਰਦੇ" ਹੋਇਆ ਹੈ। [4]ਵਾਲਟਰ ਬਓਰ, *ਏ ਗ੍ਰੀਕ-ਇੰਗਲਿਸ਼ ਲੈਕਸਿਕਨ ਔਫ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚੀਅਨ ਲਿਟਰੇਚਰ,* ਤੀਜਾ ਸੰਸਕਰਨ ਸੋਧਿਆ ਅਤੇ ਸੰਪਾਦਨ, ਫ੍ਰੈਡਰਿਕ ਡਬਲਿਯੂ. ਡੈਂਕਰ (ਸ਼ਿਕਾਗੋ: ਯੂਨਿਵਰਸਿਟੀ ਔਫ ਸ਼ਿਕਾਗੋ ਪ੍ਰੈਸ, 2000), 597. [5]ਜੌਨ ਆਰ. ਡਬਲਿਯੂ. ਸਟੌਟ, *ਦ ਮੈਸੇਜ ਔਫ ਰੋਮਨਸ: ਗੌਡਜ਼ ਗੁਡ ਨਿਊਜ਼ ਫੌਰ ਦ ਵਰਲਡ,* ਦ ਬਾਈਬਲ ਸਪੀਕਸ ਟੁਡੇ (ਡਾਉਨਰਜ਼ ਗ੍ਰੋਵ, ਇਲਿਨੋਏ: ਇੰਟਰ-ਵਰਸਿਟੀ ਪ੍ਰੈਸ, 1994), 125. [6]ਈ. ਡੀ. ਬਰਟਨ, *ਗਲੇਸ਼ਿਅਨਜ਼: ਇੰਟਰਨੈਸ਼ਨੌਲ ਕ੍ਰਿਟੀਕਲ ਕਮੈਂਟ੍ਰੀ* (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1921), 447. [7]ਬਓਰ, 743. [8]ਲੀਓਨ ਮੌਰਿਸ, *ਦੀ ਐਪਿਸਟਲ ਟੂ ਦ ਰੋਮਨਸ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1998), 198. [9]ਉਪਰੋਕਤ। [10]ਜ਼ਬੂਰ 51 ਦਾ ਪ੍ਰਾਚੀਨ ਸਿਰਲੇਖ ਹੈ "ਪਛਤਾਵਾ ਕਰ ਰਹੇ ਇੱਕ ਪਾਪੀ ਦੀ ਮਾਫੀ ਲਈ ਪ੍ਰਾਰਥਨਾ।"

[11]ਐਡੀ ਕੋਅਰ, *ਸਾਮ੍ਸ 1—50,* ਟ੍ਰੁੱਥ ਫ਼ਾਰ ਟੁਡੇ ਕਮੈਂਟ੍ਰੀ (ਸਰਸੀ, ਆਰਕੰਸਾ: ਰਿਸੋਰਸ ਪਬਲਿਕੇਸ਼ਨਸ, 2004), 428; *ਸਾਮ੍ਸ 51—89,* ਟ੍ਰੁੱਥ ਫੌਰ ਟੁਡੇ ਕਮੈਂਟ੍ਰੀ (ਸਰਸੀ, ਆਰਕੰਸਾ: ਰਿਸੋਰਸ ਪਬਲਿਕੇਸ਼ਨਸ, 2006), 3-4. [12]ਸੀ. ਐਫ. ਕੀਅਲ ਅਤੇ ਫ੍ਰਾਂਜ਼ ਡਿਲੇਚ, *ਸਾਮ੍ਸ,* ਕਮੈਂਟ੍ਰੀ ਆਨ ਦੀ ਓਲਡ ਟੈਸਟਾਮੈਂਟ, ਭਾਗ 5 (ਪੀਬੌਡੀ, ਮਾਸੇਚਿਯੁਸੇਟਸ: ਹੈਂਡ੍ਰਿਕਸਨ ਪਬਲਿਸ਼ਰਜ਼, 1989), 395. [13]ਉੱਪਰ ਕਥਿਤ। ਇਹ ਸ਼ਬਦ "ਕਿ ਜਿਵੇਂ ਇਹ ਕਦੇ ਵਾਪਰਿਆ ਹੀ ਨਹੀਂ ਸੀ" ਕੇਵਲ ਦਾਊਦ ਦੇ ਅਪਰਾਧ ਦੀ ਗੱਲ ਕਰਦੇ ਹਨ, ਉਸ ਪਾਪ ਦੇ ਨਤੀਜੇ ਬਾਰੇ ਨਹੀਂ (ਵੇਖੋ 2 ਸਮੂਏਲ 12:10)। [14]ਜਿਮ ਟਾਉਨਸੈਂਡ, *ਰੋਮਨਸ: ਲੈੱਟ ਜਸਟਿਸ ਰੋਲ ਡਾਉਨ* (ਐਲਗਿਨ, ਇਲਿਨੋਏ: ਡੇਵਿਡ ਸੀ. ਕੁੱਕ ਪਬਲਿਸ਼ਿੰਗ ਕੰਪਨੀ, 1988), 31. [15]ਰੋਮੀਆਂ 4 ਨੂੰ ਸਮਝਣ ਲਈ ਉਤਪਤ ਵਿੱਚ ਅਬਰਾਹਾਮ ਦੇ ਇਤਹਾਸਿਕ ਲੇਖ ਤੋਂ ਇਲਾਵਾ ਮਦਦਗਾਰ ਹਿੱਸਾ ਗਲਾਤੀਆਂ 3 ਹੈ। ਵਚਨ ਦੇ ਇਨ੍ਹਾਂ ਦੋਹਾਂ ਹਿੱਸਿਆਂ ਵਿੱਚ ਕਈ ਸਮਾਨਤਾਵਾਂ ਹਨ। [16]ਯੂਨਾਨੀ ਵਿੱਚ ਸ਼ਾਬਦਿਕ "ਸੁਨੰਤ" (περιτομή, *ਪੈਰਿਟੋਮੇ*) ਅਤੇ "ਅਸੁੰਨਤ" (ἀκροβυστία, *ਐਕ੍ਰੋਬੁਸਟਿਆ*) ਹੈ (ਵੇਖੋ KJV)। [17]ਬਾਈਬਲ ਦੀਆਂ ਸਾਰੀਆਂ ਘਟਨਾਵਾਂ ਇਤਹਾਸਿਕ ਤਰਤੀਬ ਸਿਰ ਨਹੀਂ ਲਿਖੀਆਂ ਗਈਆ ਹਨ, ਪਰ ਘਟਨਾਵਾਂ ਦੀ ਤਰਤੀਬ ਦੇ ਸੰਬੰਧ ਵਿੱਚ ਅਬਰਾਹਾਮ ਦੀਆਂ ਉਮਰਾਂ ਦਿੱਤੀਆਂ ਗਈਆਂ ਹਨ (ਵੇਖੋ ਉਤਪਤ 12:4; 16:3, 16; 17:1)। ਯਹੂਦੀ ਰੱਬੀਆਂ ਦੁਆਰਾ ਦੱਸੀ ਗਈ ਇਤਹਾਸਿਕ ਤਰਤੀਬ ਅਨੁਸਾਰ ਉਤਪਤ 15:6 ਅਤੇ ਅਧਿਆਇ [17]ਵਿੱਚ ਵਾਪਰੀਆਂ ਘਟਨਾਵਾਂ ਵਿਚਕਾਰ ਜ਼ਿਆਦਾ ਫਾਸਲਾ ਹੈ—ਲਗਭਗ 29 ਵਰ੍ਹੇ। (ਮੌਰਿਸ, 202, ਨੰ. 41)। [18]ਸਟੌਟ, 129. [19]ਮੂ, 154. [20]ਰਿਚਰਡ ਏ. ਬੇਟਈ, *ਦ ਲੈਟਰ ਔਫ ਪੌਲ ਟੂ ਦ ਰੋਮਨਸ,* ਦ ਲਿਵਿੰਗ ਵਰਡ ਕਮੈਂਟ੍ਰੀ (ਆਸਟਿਨ, ਟੈਕਸਸ: ਆਰ.ਬੀ. ਸਵੀਟ ਕੰਪਨੀ, 1969), 60.

[21]ਐਫ. ਐਫ. ਬਰੂਸ, *ਦ ਲੈਟਰ ਔਫ ਪੌਲ ਟੂ ਦ ਰੋਮਨਸ,* ਦੂਜਾ ਸੰਸਕਰਨ, ਦ ਟਿੰਡੇਲ ਨਿਊ ਟੈਸਟਾਮੈਂਟ

ਕਮੈਂਟ੍ਰੀਜ਼ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1985), 108. [22]"ਵੰਸ਼" ਸ਼ਬਦ ਬਾਰੇ 4:16 ਦੀਆਂ ਟਿੱਪਣੀਆਂ ਨੂੰ ਵੇਖੋ। [23]ਅਬਰਾਹਾਮ ਨੂੰ ਜਿਸ ਇੱਕਮਾਤਰ ਭੂਮੀ (ਜਾਇਦਾਦ) ਦੀ ਪ੍ਰਤਿੱਗਿਆ ਦਿੱਤੀ ਗਈ ਸੀ, ਉਹ ਇਹ ਸੀ ਕਿ ਉਹ ਅਤੇ ਉਸ ਦੀ ਸੰਤਾਨ ਕਨਾਨ ਦੇਸ਼ ਦੇ ਵਾਰਿਸ ਹੋਣਗੇ। ਇਸ ਪ੍ਰਤਿੱਗਿਆ ਨੂੰ ਦੁਬਾਰਾ ਪੂਰੇ ਹੋਣ ਦੀ ਲੋੜ ਨਹੀਂ ਹੈ, ਕਿਉਂਕਿ ਇਹ ਪ੍ਰਤਿੱਗਿਆ ਪੁਰਾਣੇ ਨੇਮ ਵਿੱਚ ਪੂਰੀ ਹੋ ਚੁੱਕੀ ਹੈ। ਵੱਖ-ਵੱਖ ਸਮਿਆਂ ਦੌਰਾਨ ਇਸਰਾਏਲ ਦਾ ਰਾਜ ਭੂਮੱਧ ਸਾਗਰ ਤੋਂ ਲੈ ਕੇ ਫਰਾਤ ਨਦੀ ਤੱਕ ਫੈਲਿਆ ਰਿਹਾ (ਵੇਖੋ ਉਤਪਤ 15:18; 2 ਸਮੂਏਲ 8:3; 1 ਰਾਜਿਆਂ 8:65)। [24]ਯਹੂਦੀ ਅਧਿਆਪਕ ਜੋਰ ਪਾਉਂਦੇ ਸਨ ਕਿ ਮੂਸਾ ਨੂੰ ਸ਼ਰ੍ਹਾ ਦਿੱਤੇ ਜਾਣ ਤੋਂ ਕਈ ਸਦੀਆਂ ਪਹਿਲਾਂ ਹੀ ਅਬਰਾਹਾਮ ਇਸ ਨੂੰ ਪ੍ਰਾਪਤ ਕਰ ਚੁੱਕਾ ਸੀ, ਪਰ ਪੌਲੁਸ ਇਸ ਤੋਂ ਇਨਕਾਰ ਕਰਦਾ ਹੈ। [25]ਬਓਰ, 539. [26]ਡਬਲਿਯੂ. ਈ. ਵਾਈਨ, ਮੇਰਿਲ ਐਫ. ਅੰਗਰ ਅਤੇ ਵਿਲੀਅਮ ਵਾਈਟ, ਜੂਨੀਅਰ, *ਵਾਈਨਜ਼ ਕੰਪਲੀਟ ਐਕਸਪੋਜਿਟਰੀ ਡਿਕਸ਼ਨਰੀ ਔਫ ਓਲਡ ਐਂਡ ਨਿਉ ਟੈਸਟਾਮੈਂਟ ਵਰਡਸ* (ਨੈਸ਼ਵਿਲ: ਥੌਮਸ ਨੈਲਸਨ ਪਬਲਿਸ਼ਰਜ਼, 1985), 3. [27]ਬਓਰ, 525. [28]ਜੇ. ਡੀ. ਥੌਮਸ, *ਰੋਮਨਸ,* ਦ ਲਿਵਿੰਗ ਵਰਡ (ਔਸਟਿਨ, ਟੈਕਸਸ: ਆਰ. ਬੀ. ਸਵੀਟ ਕੰਪਨੀ, 1965), 34. [29]ਡੇਵ ਮਿਲਰ, ਟ੍ਰੁੱਥ ਇਨ ਲਵ ਟੀਵੀ ਪ੍ਰੋਗਰਾਮ ਵਿੱਚ ਸੰਦੇਸ਼ ਪੇਸ਼ ਕੀਤਾ ਗਿਆ, ਫੋਰਟ ਵਰਥ, ਟੈਕਸਸ, 23 ਜਰਵਰੀ 2002. [30]*ਦਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ,* ਸੋਧਿਆ ਅਤੇ ਸੰਪਾਦਨ, ਸੰਪਾਦਨ ਜੈਫਰੀ ਬ੍ਰੋਮਾਇਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1982), 2:905, ਵਿਲੀਅਮ ਬਓਰ ਅਤੇ ਰੋਨਲਡ ਕੇ. ਹੈਰਿਸਨ, "ਇਸ਼ਮਾਏਲ"।

[31]ਮੌਰਿਸ, 210. ਏਲਪਿਸ ਨਵੇਂ ਨੇਮ ਵਿੱਚ 53 ਵਾਰ ਮਿਲਦਾ ਹੈ; ਜਿਸ ਵਿੱਚੋਂ 36 ਵਾਰ ਇਹ ਪੌਲੁਸ ਦੀਆਂ ਲਿਖਤਾਂ ਵਿੱਚ ਆਉਂਦਾ ਹੈ। [32]ਥੌਮਸ, 37. [33]ਮੌਰਿਸ, 211, n. 84. [34]ਉ ਪਰੋਕਤ, 211. [35]ਬਓਰ, 231. [36]ਜਦੋਂ ਕੋਈ ਯੂਨਾਨੀ ਸ਼ਬਦ "ਸੰਪਰਦਾਨ ਕਾਰਕ" ਵਜੋਂ ਆਉਂਦਾ ਹੈ ਤਾਂ ਅੰਗ੍ਰੇਜੀ ਵਿੱਚ ਇਸ ਦਾ ਅਨੁਵਾਦ ਇਸ ਦੇ ਅੱਗੇ ਇੱਕ ਪੂਰਵਸਰਗ ਲਗਾ ਕੇ ਕੀਤਾ ਜਾਣਾ ਚਾਹੀਦਾ ਹੈ। ਜੇਕਰ ਮੂਲ ਪਾਠ ਵਿੱਚ ਕੋਈ ਪੂਰਵਸਰਗ ਨਹੀਂ ਆਉਂਦਾ, ਤਾਂ ਸੰਦਰਭ ਦੇ ਅਧਾਰ 'ਤੇ ਲਗਾ ਦਿੱਤਾ ਜਾਣਾ ਚਾਹੀਦਾ ਹੈ। [37]ਮੌਰਿਸ, 212. [38]ਜੀ. ਡੇਲਿੰਗ, *ਥਿਓਲੋਜੀਕਲ ਡਿਕਸ਼ਨਰੀ ਆਫ ਦ ਨਿਉ ਟੈਸਟਾਮੈਂਟ* ਵਿੱਚ "*ਪਲੇਰੋਫੋਰਿਓ,*" ਸੋਧ. ਗੇਰਹਾਰਡ ਕਿਟਲ ਅਤੇ ਗੇਰਹਾਰਡ ਫ੍ਰੀਡਰਿਕ, ਅਨੁਵਾਦ ਅਤੇ ਲਘੂ ਰੂਪ ਜੈਫ੍ਰੀ ਡਬਲਿਯੂ. ਬ੍ਰੋਮਾਇਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1985), 871. [39]ਡੋਨਲਡ ਗ੍ਰੇ ਬਾਰਨਹਾਉਸ, *ਗੌਡਜ਼ ਰੇਮੇਡੀ: ਰੋਮਨਜ਼ 3:21—4:25* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1954), 311-12. [40]ਸੀ. ਈ. ਬੀ. ਕ੍ਰਾਨਫੀਲਡ, *ਰੋਮਨਜ਼: ਏ ਸ਼ੋਰਟਰ ਕਮੈਂਟ੍ਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1985), 96.

[41]"ਅਪਰਾਧ" ਦਾ ਯੂਨਾਨੀ ਸ਼ਬਦ παράπτωμα (*ਪਾਰਾਪਟੋਮਾ*) ਹੈ, ਜੋ πίπτω (*piptō,* "ਡਿੱਗਣਾ") ਅਤੇ παρά (*para*, "ਇੱਕ ਪਾਸੇ") ਦਾ ਸਯੁੰਕਤ ਰੂਪ ਹੈ। ਇਹ ਸ਼ਬਦ "ਇੱਕ ਗਲਤ ਕਦਮ," "ਇੱਕ ਗਲਤੀ," ਜਾਂ "ਪਿਛਾਂਹ ਹੱਟ ਜਾਣ" ਵੱਲ ਇਸ਼ਾਰਾ ਕਰਦਾ ਹੈ। [42]ਉਦਾਹਰਣ ਵਜੋਂ, ਜੇ. ਡਬਲਿਯੂ. ਮੈਕਗਾਰਵੇ ਅਤੇ ਫਿਲਿਪ ਵਾਈ. ਪੈਂਡਲਟਨ, *ਥੈੱਸਾਲੋਨਿਅਨ, ਕੋਰਿੰਥਿਅੰਸ, ਗਲੇਸ਼ਿਅੰਸ ਐਂਡ ਰੋਮਨਜ਼,* ਦ ਸਟੈਂਡਰਡ ਬਾਈਬਲ ਕਮੈਂਟ੍ਰੀ (ਸਿਨਸਿਨਾਟੀ: ਸਟੈਂਡਰਡ ਪਬਲਿਸ਼ਿੰਗ, ਮਿਤੀ ਨਹੀਂ ਉਪਲਬਧ ਨਹੀਂ ਹੈ) 330. [43]ਚਾਰਲਸ ਹੋਜ, *ਰੋਮਨਜ਼,* ਦ ਕ੍ਰੌਸਵੇ ਕਲਾਸਿਕ ਕਮੈਂਟ੍ਰੀਜ਼ (ਵੀਟਨ, ਇਲਿਨੋਏ: ਕ੍ਰੌਸਵੇ ਬੁਕਸ, 1993), 125. [44]ਆਰ. ਸੀ. ਬੈੱਲ, *ਸਟਡੀਜ਼ ਇਨ ਰੋਮਨਜ਼* (ਔਸਟਿਨ, ਟੈਕਸਸ: ਫਰਮ ਫਾਉਂਡੇਸ਼ਨ ਪਬਲਿਸ਼ਿੰਗ ਹਾਊਸ, 1957), 41. [45]ਇਹ ਬੜਾ ਹੈਰਾਨੀਜਨਕ ਹੈ ਕਿ "ਕਚਘਰੜ ਅਤੇ ਡੋਲਣ ਵਾਲੇ ਲੋਕ" ਪੌਲੁਸ ਦੀਆਂ ਸਿੱਖਿਆਵਾਂ ਨੂੰ "ਮਰੋੜਦੇ" ਹੋਏ ਕਿਸ ਹੱਦ ਤੱਕ ਜਾ ਸਕਦੇ ਹਨ (2 ਪਤਰਸ 3:15, 16)। [46]ਮ੍ਰ, 165. [47]ਉਪਰੋਕਤ, 167. [48]ਵਾਰਨ ਡਬਲਿਯੂ. ਵੀਅਰਸਬੀ, *ਦ ਬਾਈਬਲ ਐਕਸਪੋਜਿਸ਼ਨ ਕਮੈਂਟ੍ਰੀ,* ਜਿਲਦ 1 (ਵੀਟਨ, ਇਲਿਨੋਏ: ਵਿਕਟਰ ਬੁਕਸ, 1989), 526. [49]ਬੈੱਲ, 36-37. [50]ਹੈਰੋਲਡ ਟੀ. ਬ੍ਰਾਯਸਨ, "ਫੇਥ," *ਇਲਸਟ੍ਰੇਟਿੰਗ ਪੌਲਜ਼ ਲੈਟਰਸ ਟੂ ਦ ਰੋਮਨਜ਼,* ਰਚਨਾ, ਜੇਮਸ ਐੱਫ. ਹਾਈਟਾਵਰ (ਨੈਸ਼ਵਿਲ: ਬ੍ਰੌਡਮੈਨ ਪ੍ਰੈਸ, 1984), 31-32 ਵਿੱਚੋਂ ਲਿਆ ਗਿਆ।

[51]ਇਹ ਪ੍ਰਸਿੱਧ ਕਥਨ ਮਾਰਟਿਨ ਲੂਥਰ ਦੇ ਜਰਮਨ ਨਵੇਂ ਨੇਮ (1522) ਦੀ ਅਸਲ ਭੂਮਿਕਾ ਵਿੱਚ ਮਿਲਦਾ ਹੈ। ਵੇਖੋ ਈ. ਥਿਓਡੋਰ ਬਕਮਨ ਅਤੇ ਹੈਲਮਟ ਟੀ. ਲੇਮਨ, ਸੰਪਾਦਨ, *ਲੂਥਰ ਵਰਕਸ,* ਜਿਲਦ 35, *ਵਰਡ ਐਂਡ ਸੈਕਰਾਮੈਂਟ 1* (ਫਿਲਾਡੇਲਫੀਆ: ਫੋਰਟਰਸ ਪ੍ਰੈਸ, 1960), 362, 395-97. [52]ਵਿਲੀਅਮ ਬਰਕਲੇ, *ਦ ਲੈਟਰ ਟੂ ਦ ਰੋਮਨਜ਼,* ਸੋਧਿਆ ਸੰਸਕਰਨ, ਦ ਡੇਲੀ ਸਟਡੀ ਬਾਈਬਲ (ਫਿਲਾਡੇਲਫੀਆ: ਵੈਸਟਮਿੰਸਟਰ ਪ੍ਰੈਸ, 1975),

64. [53]ਮੂ, 150. [54]ਰੋਬਰਟਸਨ ਐਲ. ਵਾਈਟਸਾਈਡ, *ਏ ਨਿਊ ਕਮੇਂਟ੍ਰੀ ਆਨ ਪੌਲਜ਼ ਲੈਟਰ ਟੂ ਦ ਸੇਂਟਸ ਐਟ ਰੋਮ* (ਫੋਰਟ ਵਰਥ, ਟੈਕਸਸ: ਮੈਨੇ ਕੰਪਨੀ, 1945), 89-90 ਵਿੱਚ ਚਰਚਾ ਵੇਖੋ। [55]ਚਾਰਲਸ ਹੌਜ, *ਰੋਮਨਜ਼*, ਦ ਕ੍ਰੌਸਵੇ ਕਲਾਸਿਕ ਕਮੇਂਟ੍ਰੀਜ਼ (ਵੀਟਨ, ਇਲਿਨੋਏ: ਕ੍ਰੌਸਵੇ ਬੁਕਸ, 1993), 105. [56]ਡੇਵਿਡ ਲਿਪਸਕੋਂਬ, *ਏ ਕਮੇਂਟ੍ਰੀ ਆਨ ਦ ਨਿਊ ਟੈਸਟਾਮੇਂਟ ਅਪਿਸਲਜ਼*, ਭਾਗ 1, *ਰੋਮਨਸ*, ਦੂਜਾ ਸੰਸਕਰਨ (ਨੈਸ਼ਵਿਲ: ਗੌਸਪਲ ਐਡਵੋਕੇਟ ਕੰਪਨੀ, 1943), 82. [57]ਲੈਸਲੀ ਸੀ. ਐਲਨ, "ਰੋਮਨਸ," *ਨਿਊ ਇੰਟਰਨੈਸ਼ਨਲ ਬਾਈਬਲ ਕਮੇਂਟ੍ਰੀ*, ਸੰਸਕਰਨ ਐਫ. ਐਫ. ਬਰੂਸ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡਰਵਨ ਪਬਲਿਸ਼ਿੰਗ ਹਾਊਸ, 1979), 1324 ਵਿੱਚ ਦੱਸਿਆ ਗਿਆ। [58]ਇਹ ਉਦਾਹਰਨ ਡੇਵਿਡ ਰੋਪਰ, *ਜੀਜ਼ਸ ਕ੍ਰਾਈਸਟ ਐਂਡ ਹਿਮ ਕਰੂਸੀਫਾਈਡ* (ਆਰਵਾਡਾ, ਕੋਲੋਰੈਡੋ: ਕ੍ਰਿਸ਼ਚੀਅਨ ਕਮਿਊਨੀਕੇਸ਼ਨਜ਼, 1976), 106-8 ਵਿੱਚ ਦਿੱਤੇ ਗਏ ਹਨ। [59]ਥੌਮਸ, 33. [60]ਡੇਵਿਡ ਐਫ. ਬਰਜਸ, ਰਚਨਾ, *ਐਨਸਾਈਕਲੋਪੀਡੀਆ ਔਫ ਸਰਮਨ ਇਲਸਟ੍ਰੇਸ਼ਨਸ* (ਸੇਂਟ ਲੁਈਸ: ਕੋਨਕੋਰਡੀਆ ਪਬਲਿਸ਼ਿੰਗ ਹਾਊਸ, 1988), 125 ਵਿੱਚੋਂ ਲਿਆ ਅਤੇ ਰੁਪਾਂਤਰਿਤ ਕੀਤਾ ਗਿਆ।

[61]ਹਾਲਾਂਕਿ ਇਹ ਸ਼ਬਦ ਸਿੱਧੇ ਯਹੂਦੀਆਂ ਨੂੰ ਆਖੇ ਗਏ ਸਨ, ਪਰ ਇਸ ਦੀ ਸਧਾਰਣ ਵਰਤੋਂ ਵੀ ਕੀਤੀ ਜਾ ਸਕਦੀ ਹੈ। [62]ਇਹ ਕਥਨ ਇਹ ਮੰਨਦਾ ਜਾਪਦਾ ਹੈ ਕਿ ਇਬਰਾਨੀਆਂ ਦੀ ਪੱਤਰੀ ਪੌਲੁਸ ਨੇ ਨਹੀਂ ਲਿਖੀ ਸੀ, ਜਿਸ ਵਿੱਚ "ਵਿਸ਼ਵਾਸ" ਬਾਰੇ ਪ੍ਰਸਿੱਧ ਆਇਤਾਂ ਦਰਜ ਹਨ (ਇਬਰਾਨੀਆਂ 11:1)। [63]ਰਿਚਰਡ ਏ. ਬੇਟਈ, *ਦ ਲੈਟਰ ਔਫ ਪੌਲ ਟੂ ਦ ਰੋਮਨਸ*, ਦ ਲਿਵਿੰਗ ਵਰਡ ਕਮੇਂਟ੍ਰੀ (ਔਸਟਿਨ, ਟੈਕਸਸ: ਆਰ. ਬੀ. ਸਵੀਟ ਕੰਪਨੀ, 1969), 61. [64]ਵਿਸ਼ਵਾਸ "ਥੋੜਾ" (ਮੱਤੀ 14:31; 16:6) ਜਾਂ "ਵੱਡਾ" (ਮੱਤੀ 8:10, 26), "ਮੁਰਦਾ" (ਯਾਕੂਬ 2:17, 26) ਜਾਂ ਜਿਉਂਦਾ ਵੀ ਹੋ ਸਕਦਾ ਹੈ।